13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ





ਅਮਰੀਕਾ ਦੇ ਆਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।


(ਸਬੰਧਤ ਸੰਪਾਦਕੀ ਦੇਖੋ ਸਫਾ 6 'ਤੇ)



VOL -13 ISSUE - 13
July 3, 2024



Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com




ਸਤਿਗੁਰੂ ਰਵਿਦਾਸ ਬਾਣੀ ਵਿਚਾਰ
ਡਾ. ਜੀ. ਸੀ. ਕੌਲ


ਦਾ ਵਿਸ਼ੇਸ਼ ਲੇਖ ਦੇਖੋ ਸਫਾ 20 'ਤੇ



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਭਾਰਤ 17 ਸਾਲਾਂ ਬਾਅਦ ਮੁੜ ਬਣਿਆ ਵਿਸ਼ਵ ਚੈਂਪੀਅਨ




**ਬ੍ਰਿਜਟਾਊਨ (ਬਾਰਬਾਡੋਸ)–** ਭਾਰਤ ਨੇ ਵਿਰਾਟ ਕੋਹਲੀ (76 ਦੌੜਾਂ) ਦੇ ਨੀਮ ਸੈਂਕੜੇ ਮਗਰੋਂ ਤੇਜ਼ ਗੇਂਦਬਾਜ਼ਾਂ ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ ਤੇ ਹਾਰਦਿਕ ਪਾਂਡਿਆ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ 17 ਸਾਲਾਂ ਬਾਅਦ ਇੱਕ ਵਾਰ ਫਿਰ ਟੀ-20 ਕ੍ਰਿਕਟ ਵਿਸ਼ਵ ਕੱਪ ਖ਼ਿਤਾਬ ਆਪਣੇ ਨਾਂ ਕਰ ਲਿਆ। ਭਾਰਤੀ ਕ੍ਰਿਕਟ ਟੀਮ ਨੇ ਪਹਿਲੀ ਵਾਰ ਫਾਈਨਲ 'ਚ ਪਹੁੰਚੇ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ। ਭਾਰਤ ਨੇ ਪਹਿਲਾਂ ਬੱਲਬਾਜ਼ੀ ਕਰਦਿਆਂ ਵਿਰਾਟ ਕੋਹਲੀ ਦੀਆਂ 76 ਦੌੜਾਂ, ਅਕਸ਼ਰ ਪਟੇਲ ਦੀਆਂ 47 ਅਤੇ ਸ਼ਿਵਮ ਦੂਬੇ ਦੀਆਂ 27 ਦੌੜਾਂ ਸਦਕਾ 20 ਓਵਰਾਂ 'ਚ 7 ਵਿਕਟਾਂ 'ਤੇ 176 ਦੌੜਾਂ ਬਣਾਈਆਂ ਅਤੇ ਫਿਰ ਦੱਖਣੀ ਅਫਰੀਕਾ ਨੂੰ 169/8 ਸਕੋਰ 'ਤੇ ਹੀ ਰੋਕ ਦਿੱਤਾ।

ਭਾਰਤੀ ਟੀਮ ਨੇ ਪਹਿਲਾਂ ਸਾਲ 2007 ਵਿੱਚ ਮਹਿੰਦਰ ਸਿੰਘ ਧੋਨੀ ਦੀ ਅਗਵਾਈ 'ਚ ਪਹਿਲੀ ਵਾਰ ਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਿਆ ਸੀ। ਉਂਜ ਸਾਲ 2013 ਵਿੱਚ ਚੈਂਪੀਅਨ ਟਰਾਫੀ ਜਿੱਤਣ ਮਗਰੋਂ 11 ਸਾਲਾਂ ਬਾਅਦ ਭਾਰਤੀ ਟੀਮ ਦਾ ਇਹ ਪਹਿਲਾ ਆਈਸੀਸੀ ਖ਼ਿਤਾਬ ਹੈ। ਇਸ ਦੇ ਨਾਲ ਹੀ ਭਾਰਤ ਦੋ ਵਾਰ ਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਣ ਵਾਲਾ ਤੀਜਾ ਮੁਲਕ ਬਣ ਗਿਆ ਹੈ। ਇਸ ਤੋਂ ਪਹਿਲਾਂ ਵੈਸਟ ਇੰਡੀਜ਼ (2012 ਤੇ 2016) ਅਤੇ ਇੰਗਲੈਂਡ (2010 ਤੇ 2022) ਅਜਿਹਾ ਕਰ ਚੁੱਕੇ ਹਨ। ਇਸ ਤੋਂ ਪਹਿਲਾਂ 177 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਦੱਖਣੀ ਅਫਰੀਕਾ ਟੀਮ ਇੱਕ ਵਾਰ ਜਿੱਤਦੀ ਦਿਖਾਈ ਦਿੱਤੀ ਪਰ ਭਾਰਤੀ ਤੇਜ਼ ਗੇਂਦਬਾਜ਼ਾਂ ਦੀ ਕੱਸਵੀਂ ਗੇਂਦਬਾਜ਼ੀ ਅੱਗੇ ਵਿਰੋਧੀ ਬੱਲੇਬਾਜ਼ ਕਾਮਯਾਬ ਨਾ ਹੋ ਸਕੀ। ਦੱਖਣੀ ਅਫਰੀਕਾ ਵੱਲੋਂ ਹੈਨਰਿਕ ਕਲਾਸਨ ਨੇ ਸਭ ਤੋਂ ਵੱਧ 52 ਦੌੜਾਂ ਬਣਾਈਆਂ ਜਦਕਿ ਕੁਇੰਟਨ ਡੀ ਕਾਕ 39 ਦੌੜਾਂ, ਟ੍ਰਿਸਟਨ ਸਟੱਬਸ 31 ਅਤੇ ਡੇਵਿਡ ਮਿੱਲਰ 21 ਦੌੜਾਂ ਬਣਾ ਕੇ ਆਊਟ ਹੋਏ। ਭਾਰਤ ਵੱਲੋਂ ਹਾਰਦਿਕ ਪਾਂਡਿਆ ਤਿੰਨ ਵਿਕਟਾਂ ਜਦਕਿ ਅਰਸ਼ਦੀਪ ਸਿੰਘ ਤੇ ਜਸਪ੍ਰੀਤ ਬੁਮਰਾਹ ਨੇ ਦੋ ਵਿਕਟਾਂ ਲਈਆਂ। ਇੱਕ ਵਿਕਟ ਅਕਸ਼ਰ ਪਟੇਲ ਨੇ ਲਈ। ਇਸ ਤੋਂ ਪਹਿਲਾਂ ਕਪਤਾਨ ਰੋਹਿਤ ਸ਼ਰਮਾ, ਰਿਸ਼ਭ ਪੰਤ ਅਤੇ ਸੂਰਿਆਕੁਮਾਰ ਯਾਦਵ ਵਧੀਆ ਪ੍ਰਦਰਸ਼ਨ ਕਰਨ 'ਚ ਨਾਕਾਮ ਰਹੇ।

ਭਾਰਤੀ ਟੀਮ ਨੂੰ ਪ੍ਰਧਾਨ ਮੰਤਰੀ ਮੋਦੀ ਸਮੇਤ ਦੁਨੀਆਂ ਭਰ ਵਿਚ ਵੱਸੇ ਭਾਰਤੀ ਮੂਲ ਦੇ ਲੋਕਾਂ ਵੱਲੋਂ ਜੋਰਦਾਰ ਵਧਾਈਆਂ ਦਿੱਤੀਆਂ।

# 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦੌਰਾਨ ਜੋਰਦਾਰ ਹੰਗਾਮਾ ਹੋਇਆ

**ਨਵੀਂ ਦਿੱਲੀ (ਬਿਊਰੋ)–** 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦਰਮਿਆਨ ਜ਼ੋਰਦਾਰ ਹੰਗਾਮਿਆਂ ਤੋਂ ਬਾਅਦ ਸੈਸ਼ਨ ਮੁਲਤਵੀ ਕਰ ਦਿੱਤਾ ਗਿਆ ਹੈ। ਸਭ ਤੋਂ ਪਹਿਲਾਂ ਪਹਿਲੀ ਵਾਰ ਵਿਰੋਧੀ ਧਿਰ ਦੇ ਲੀਡਰ ਬਣੇ ਰਾਹੁਲ ਗਾਂਧੀ ਨੇ ਲੰਮਾ ਭਾਸ਼ਣ ਦਿੱਤਾ, ਜਿਸ ਵਿਚ ਉਹਨਾਂ ਨੇ ਜੋ ਮੁੱਦੇ ਉਠਾਏ, ਉਹਨਾਂ ਵਿਚੋਂ ਕੁਝ ਵਿਵਾਦਗ੍ਰਸਤ ਬਿਆਨ ਤਾਂ ਰਿਕਾਰਡ ਵਿਚੋਂ ਕੱਟਣੇ ਵੀ ਪਏ। ਅਗਲੇ ਦਿਨ ਪ੍ਰਧਾਨ ਮੰਤਰੀ ਮੋਦੀ ਨੇ ਉਹਨਾਂ ਦੇ ਇਤਰਾਜ਼ਾਂ ਦਾ ਜਵਾਬ ਦਿੰਦਿਆਂ ਰਾਹੁਲ ਗਾਂਧੀ ਨੂੰ 'ਬਾਲਕ ਬੁੱਧੀ' ਤੱਕ ਗਰਦਾਨ ਦਿੱਤਾ। ਇਸ ਸੈਸ਼ਨ ਵਿਚ ਉਠਾਏ ਗਏ ਇਤਰਾਜ਼ ਉਸ ਵਕਤ ਦੱਬ ਕੇ ਰਹਿ ਗਏ,



ਜਦੋਂ ਰਾਹੁਲ ਗਾਂਧੀ ਨੇ ਹਿੰਦੂਆਂ ਨੂੰ ਹਿੰਸਕ ਕਹਿ ਦਿੱਤਾ, ਹਾਲਾਂਕਿ ਇਹ ਸ਼ਬਦ ਲੋਕ ਸਭਾ ਦੇ ਰਿਕਾਰਡ ਵਿਚੋਂ ਸਹਿਮਤੀ ਨਾਲ ਹਟਾ ਦਿੱਤੇ ਗਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੇ ਉਨ੍ਹਾਂ ਦੀ ਸਰਕਾਰ ਦੇ ਪਿਛਲੇ ਦਸ ਸਾਲਾਂ ਦੇ ਕੰਮਕਾਜ ਨੂੰ ਦੇਖ ਕੇ ਹੀ ਉਨ੍ਹਾਂ (ਦੀ ਸਰਕਾਰ) ਨੂੰ ਲਗਾਤਾਰ ਤੀਜੇ ਕਾਰਜਕਾਲ ਲਈ ਸਥਿਰਤਾ ਤੇ ਲਗਾਤਾਰਤਾ ਲਈ ਫ਼ਤਵਾ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਇਹ ਬਿਰਤਾਂਤ ਸਿਰਜਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਕਿ ਉਸ ਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਗੱਠਜੋੜ ਨੂੰ ਸ਼ਿਕਸਤ ਦਿੱਤੀ ਹੈ। ਰਾਸ਼ਟਰਪਤੀ ਦੇ ਭਾਸ਼ਣ 'ਤੇ ਪੇਸ਼ ਧੰਨਵਾਦ ਮਤੇ ਉੱਤੇ ਸੰਸਦ ਦੇ ਦੋਵਾਂ ਸਦਨਾਂ ਵਿਚ ਦੋ ਦਿਨ ਤੱਕ ਚੱਲੀ ਬਹਿਸ ਦਾ ਅੱਜ ਲੋਕ ਸਭਾ ਵਿਚ ਜਵਾਬ ਦਿੰਦਿਆਂ ਸ੍ਰੀ ਮੋਦੀ ਨੇ ਦੋਸ਼ ਲਾਇਆ ਕਿ ਕਾਂਗਰਸ ਦੇਸ਼ ਵਿਚ ਆਰਥਿਕ ਅਰਾਜਕਤਾ ਪੈਦਾ ਕਰਨ ਦੀ ਦਿਸ਼ਾ ਵਿਚ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਇਸ ਸਦਨ ਨੇ ਇਕ ਵਿਅਕਤੀ ਦਾ ਰੋਣ-ਪਿੱਟਣ ਦੇਖਿਆ, ਜਿਸ ਦੀ 'ਬਾਲਕ ਬੁੱਧੀ' ਹੈ। ਇਸ 'ਬਾਲਕ ਬੁੱਧੀ' ਨੇ ਹਮਦਰਦੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਖ਼ੁਦ ਵੱਲੋਂ ਕੀਤੀਆਂ ਗ਼ਲਤੀਆਂ ਤੋਂ ਪਰਦਾ ਨਹੀਂ ਚੁੱਕਿਆ। ਵਿਰੋਧੀ ਧਿਰਾਂ ਵੱਲੋਂ ਮਨੀਪੁਰ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਕੀਤੀ ਨਾਅਰੇਬਾਜ਼ੀ ਦਰਮਿਆਨ ਸ੍ਰੀ ਮੋਦੀ ਨੇ ਕਿਹਾ, "ਇਹ ਪਹਿਲੀ ਵਾਰ ਹੈ ਜਦੋਂ ਕਾਂਗਰਸ ਲਗਾਤਾਰ ਤਿੰਨ ਵਾਰ 100 ਸੀਟਾਂ ਦਾ ਅੰਕੜਾ ਪਾਰ ਕਰਨ ਵਿਚ ਨਾਕਾਮ ਰਹੀ ਹੈ। ਹਾਰ ਮਿਲਣ ਦੇ ਬਾਵਜੂਦ ਵੀ ਉਹ ਬਹੁਤ ਹੰਕਾਰੀ ਹਨ। ਉਹ ਇਹ ਬਿਰਤਾਂਤ ਸਿਰਜਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਕਿ ਉਨ੍ਹਾਂ ਸਾਨੂੰ ਹਰਾ ਦਿੱਤਾ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕ ਸਭਾ ਵਿਚ ਹਮਦਰਦੀ ਹਾਸਲ ਕਰਨ ਲਈ ਨਵਾਂ ਡਰਾਮਾ ਖੇਡਿਆ ਜਾ ਰਿਹਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਅਗਨੀਪਥ ਸਕੀਮ ਤੇ ਕਿਸਾਨਾਂ ਦੀ ਜਿਣਸ ਲਈ ਐੱਮਐੱਸਪੀ ਦੇ ਮੁੱਦੇ 'ਤੇ ਸੰਸਦ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਪ੍ਰਧਾਨ ਮੰਤਰੀ ਨੇ ਕਿਹਾ, "ਅਗਨੀਪਥ ਸਕੀਮ ਤੇ ਐੱਮਐੱਸਪੀ ਬਾਰੇ ਝੂਠ ਬੋਲੇ ਗਏ। ਜਦੋਂ ਇਨ੍ਹਾਂ (ਗਾਂਧੀ) ਵਰਗੇ ਤਜਰਬੇਕਾਰ ਆਗੂ ਅਰਾਜਕਤਾ ਦਾ ਰਾਹ ਚੁਣਦੇ ਹਨ ਤਾਂ ਇਸ ਤੋਂ ਪਤਾ ਲੱਗਦਾ ਹੈ ਕਿ ਦੇਸ਼ ਮੁਸੀਬਤ ਵੱਲ ਵਧ ਰਿਹਾ ਹੈ।" ਸ੍ਰੀ ਮੋਦੀ ਨੇ ਕਿਹਾ, "ਸਪੀਕਰ ਸਰ... ਤੁਸੀਂ ਇਕ ਮੁਸਕਾਨ ਨਾਲ ਸਭ ਕੁਝ ਸਹਿ ਲੈਂਦੇ ਹੋ, ਪਰ ਸੋਮਵਾਰ ਨੂੰ ਇਥੇ ਜੋ ਕੁਝ ਹੋਇਆ ਉਸ ਲਈ ਕੁਝ ਤਾਂ ਕਰਨਾ ਬਣਦਾ ਹੈ, ਨਹੀਂ ਤਾਂ ਇਹ ਸੰਸਦ ਲਈ ਚੰਗਾ ਨਹੀਂ ਹੋਵੇਗਾ। ਅਜਿਹੀਆਂ ਕੋਸ਼ਿਸ਼ਾਂ ਨੂੰ 'ਬਾਲਕ ਬੁੱਧੀ' ਦੱਸ ਕੇ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਹ ਕੋਈ ਡੂੰਘੀ ਸਾਜ਼ਿਸ਼ ਹੈ।"



### ਰਾਹੁਲ ਗਾਂਧੀ ਦੇ ਲੋਕ ਸਭਾ ਭਾਸ਼ਣ ਦੇ ਕੁਝ ਹਿੱਸੇ ਹਟਾਏ

ਰਾਸ਼ਟਰਪਤੀ ਦੇ ਭਾਸ਼ਣ 'ਤੇ ਚਰਚਾ ਦੌਰਾਨ ਲੋਕ ਸਭਾ ਵਿਚੋਂ ਰਾਹੁਲ ਗਾਂਧੀ ਦੇ ਭਾਸ਼ਣ ਦੇ ਕੁਝ ਹਿੱਸੇ ਕੱਢ ਦਿੱਤੇ ਗਏ ਹਨ। ਇਨ੍ਹਾਂ ਹਟਾਏ ਗਏ ਹਿੱਸਿਆਂ ਵਿੱਚ ਹਿੰਦੂਆਂ ਅਤੇ ਹੋਰਾਂ ਬਾਰੇ ਟਿੱਪਣੀਆਂ ਸ਼ਾਮਲ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਰਾਹੁਲ ਗਾਂਧੀ ਦੇ ਪਹਿਲੇ ਭਾਸ਼ਣ ਵਿੱਚ ਸੋਮਵਾਰ ਨੂੰ ਭਾਰੀ ਹੰਗਾਮਾ ਹੋਇਆ ਸੀ। ਆਪਣੇ ਭਾਸ਼ਣ ਦੀ ਸ਼ੁਰੂਆਤ ਕਰਦੇ ਹੋਏ ਕਾਂਗਰਸ ਦੇ ਸੰਸਦ ਮੈਂਬਰ ਨੇ ਸੱਤਾਧਾਰੀ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) 'ਤੇ ਨਿਸ਼ਾਨਾ ਸੇਧੇ ਸਨ। ਰਾਹੁਲ ਗਾਂਧੀ ਦੀਆਂ ਟਿੱਪਣੀਆਂ ਦਾ ਭਾਜਪਾ ਦੇ ਸੰਸਦ ਮੈਂਬਰਾਂ ਨੇ ਸਖ਼ਤ ਵਿਰੋਧ ਪ੍ਰਗਟਾਇਆ ਸੀ। ਇਸ ਮਾਮਲੇ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਕੀਤਾ ਸੀ। ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਇਸ ਮਾਮਲੇ 'ਤੇ ਕਾਂਗਰਸੀ ਸੰਸਦ ਮੈਂਬਰ ਨੂੰ ਮੁਆਫ਼ੀ ਮੰਗਣ ਲਈ ਕਿਹਾ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ ਇਤਰਾਜ਼ ਜਤਾਇਆ ਹੈ ਕਿ ਉਨ੍ਹਾਂ ਦੀਆਂ ਬੀਤੇ ਦਿਨ ਸਦਨ ਵਿਚ ਕੀਤੀਆਂ ਟਿੱਪਣੀਆਂ ਨੂੰ ਰਿਕਾਰਡ ਵਿਚੋਂ ਕਿਉਂ ਹਟਾਇਆ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਰਿਕਾਰਡ 'ਤੇ ਬਹਾਲ ਕੀਤਾ ਜਾਵੇ। ਰਾਹੁਲ ਨੇ ਕਿਹਾ ਕਿ ਉਨ੍ਹਾਂ ਨੂੰ ਜਦੋਂ ਇਹ ਪਤਾ ਲੱਗਿਆ ਕਿ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਹਟਾ ਦਿੱਤਾ ਗਿਆ ਹੈ ਤਾਂ ਬਹੁਤ ਦੁੱਖ ਲੱਗਿਆ ਕਿਉਂਕਿ ਟਿੱਪਣੀ ਨੂੰ ਰਿਕਾਰਡ ਤੋਂ ਹਟਾਉਣਾ ਲੋਕਤੰਤਰ ਦੇ ਸੰਸਦੀ ਸਿਧਾਂਤਾਂ ਦੇ ਉਲਟ ਹੈ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC


SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


MAJESTIC HOMES
RAMESH SUMAN
Broker Realtor
RCS-D
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us
ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

**Devoted families are requesting entire Sangat to attend the following functions:**

**July 21, 2024, Sukhmani Sahib path and Langer Sewa by Bagha family**

Bagha family will be hosting Sukhmani Sahib path and langar sewa on July 21, 2024 for the CHARDIKALA of their family. They are requesting all the sangat to come.

**August 2-3-4, 2024, Akhand Path and Langar Sewa by Naresh Kumar & family**

Akhand Path and langar sewa will be hosted by Naresh Kumar and family to thank Guru Sahib for His blessings. Akhand Path will start on Friday, August 02, 2024 at 10:00 AM and will conclude with Bhog ceremony on Sunday, August 4, 2024.

**August 9-10-11, 2024**
**Sant Kabir ji Birth Anniversary**

Sant Kabir ji's birth anniversary will be celebrated on August 11, 2024. Akhand Path will start on Friday , August 9, 2024, at 10:00 AM and conclude with Bhog ceremony on Sunday August 11, 2024. Sant Kabir ji was a well-known mystic poet and saint of 15th-century in India. His verses are found in the Holy Scripture, Guru Granth Sahib ji. Path and Langar sewa will be hosted by the devotees.

**"NANAK NAM CHARDI KALA TERE BHANE SARBAT DA BHALA"**

**Sangat Sewadars** www.sriguruuravidasstemple.com



**Chairman**
**Ramesh Suman**



**President**
**Vinod Kumar**



**Secretary**
**Dilbag Singh**



**Treasurer**
**Sunita Singh**


**ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਨੇ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ (ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਕੈਲੀਫੋਰਨੀਆ) ਦਾ 39ਵਾਂ ਸਥਾਪਨਾ ਦਿਵਸ 30 ਜੂਨ 2024 ਨੂੰ ਬਹੁਤ ਉਤਸ਼ਾਹ ਅਤੇ ਸ਼ਰਧਾਪੂਰਵਕ ਮਨਾਇਆ। ਇਸ ਸੰਬੰਧਤ ਨਿਸ਼ਾਨ ਸਾਹਿਬ ਦੀ ਸੇਵਾ 29 ਜੂਨ ਨੂੰ ਸ਼ਰਧਾਪੂਰਵਕ ਕੀਤੀ ਗਈ, ਇਸ ਸੰਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਅਗਲੇ ਅੰਕ 'ਚ ।**



Honorable Consul Mr. Jaswant Singh, Consulate General of India, San Francisco (CA)



# ਅਮਰੀਕਾ ਵਿਚ ਗੰਨ ਹਿੰਸਾ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ- ਵਿਵੇਕ ਮੂਰਤੀ

## ਗੰਨ ਹਿੰਸਾ ਰੋਕਣ ਲਈ ਅਮਰੀਕੀਆਂ ਨੂੰ ਅੱਗੇ ਆਉਣ ਦਾ ਸੱਦਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂ ਐਸ ਸਰਜਨ ਜਨਰਲ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿਚ ਗੰਨ ਹਿੰਸਾ ਇਕ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ। ਉਨਾਂ ਨੇ ਅਮਰੀਕੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਗੰਨ ਹਿੰਸਾ ਨਾਲ ਵਧ ਰਹੀਆਂ ਮੌਤਾਂ ਤੇ ਇਸ ਦੇ ਖਾਸ ਕਰਕੇ ਕਾਲੇ ਅਮਰੀਕੀਆਂ, ਅਮਰੀਕੀ ਨੌਜਵਾਨਾਂ ਤੇ ਹੋਰ ਵੱਸੋਂ ਉਪਰ ਪੈ ਰਹੇ ਬੁਰੇ ਪ੍ਰਭਾਵਾਂ ਨੂੰ ਰੋਕਣ ਲਈ ਅਗੇ ਆਉਣ।

ਗੰਨ ਹਿੰਸਾ ਬਾਰੇ ਆਪਣੀ ਪਹਿਲੀ ਜਨਤਿਕ ਸਿਹਤ ਸਲਾਹ ਵਿਚ ਦੇਸ਼ ਦੇ ਚੋਟੀ ਦੇ ਜਨਤਿਕ ਸਿਹਤ ਅਧਿਕਾਰੀ ਵਿਵੇਕ ਮੂਰਤੀ ਨੇ ਕਿਹਾ ਹੈ ਕਿ ਜੋ ਕੁਝ ਹੋ ਰਿਹਾ ਹੈ ਇਸ ਬਹੁਤ ਭਿਆਨਕ ਹੈ। ਇਸ ਨੂੰ ਰੋਕਣ ਲਈ ਹੋਰ ਖੋਜ਼ ਫੰਡਾਂ, ਵਧੀਆ



ਮਾਨਸਿਕ ਸਿਹਤ ਮੁਲਾਂਕਣ ਤੇ ਨੁਕਸਾਨ ਨੂੰ ਘਟਾਉਣ ਲਈ ਹੋਰ ਕਦਮ ਚੁੱਕਣ ਦੀ ਲੋੜ ਹੈ। ਉਨਾਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਗਨ ਸ਼ੱਸ਼ਤਰ ਹਿੰਸਾ ਇਕ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ ਜਿਸ ਨੇ ਅਨੇਕਾਂ ਜਾਨਾਂ ਲਈਆਂ ਹਨ ਤੇ ਬਹੁਤ ਸਾਰੇ ਅਮਰੀਕੀਆਂ ਨੂੰ ਅਥਾਹ ਦੁੱਖ ਤੇ ਤਕਲੀਫ਼ਾਂ ਦਿੱਤੀਆਂ ਹਨ। ਉਨਾਂ ਕਿਹਾ ਕਿ ਗੰਨ ਹਿੰਸਾ ਦਾ ਪ੍ਰਭਾਵ ਬਹੁਤ ਵਿਆਪਕ ਹੈ ਤੇ ਇਸ ਨੇ ਲੱਖਾਂ-ਕਰੋੜਾਂ ਲੋਕਾਂ ਉਪਰ ਅਸਰ ਪਾਇਆ ਹੈ। ਇਸ ਨੇ ਗੰਨ ਹਿੰਸਾ ਵਿਚ ਮਾਰ ਗਏ ਲੋਕਾਂ ਦੇ ਪਰਿਵਾਰਾਂ, ਬਚ ਗਏ ਲੋਕਾਂ ਦੇ ਪਰਿਵਾਰਾਂ ਤੇ ਇਸ ਦੇ ਨਾਲ ਹੀ ਜਿਨਾਂ ਲੋਕਾਂ ਨੇ ਇਨਾਂ ਘਟਨਾਵਾਂ ਨੂੰ ਅੱਖੀਂ ਵੇਖਿਆ ਜਾਂ ਖਬਰਾਂ ਰਾਹੀਂ ਪੜਿਆ ਜਾਂ ਸੁਣਿਆ, ਉਪਰ ਬਹੁਤ ਬੁਰਾ ਅਸਰ ਪਾਇਆ ਹੈ। ਉਨਾਂ ਕਿਹਾ ਕਿ ਗੰਨ ਹਿੰਸਾ ਨੂੰ ਰੋਕਣਾ ਸਾਡੀ ਫੌਰੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।

# ਅਮਰੀਕਾ ਵਿਚ ਜਬਰਜਨਾਹ ਤੇ ਹੱਤਿਆ ਦੇ ਦੋਸ਼ੀ ਦੀ ਰਹਿਮ ਦੀ ਬੇਨਤੀ ਰੱਦ, ਬੁੱਧਵਾਰ ਨੂੰ ਲਾਇਆ ਜਾਵੇਗਾ ਜ਼ਹਿਰ ਦਾ ਟੀਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟੈਕਸਾਸ ਪੈਰੋਲ ਬੋਰਡ ਵੱਲੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਰਮੀਰੋ ਗੋਨਜ਼ਾਲੇਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ। 18 ਸਾਲਾ ਲੜਕੀ ਬ੍ਰਿਡਗਟ ਟਾਊਨਸੈਂਡ ਦੀ ਜਬਰਜਨਾਹ



ਉਪਰੰਤ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਰਮੀਰੋ ਗੋਨਜ਼ਾਲੇਸ ਨੂੰ ਹੁਣ ਬੁੱਧਵਾਰ ਨੂੰ ਜ਼ਹਿਰ ਦਾ ਟੀਕੇ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਕੀਤਾ ਜਾਵੇਗਾ ਹਾਲਾਂ ਕਿ ਸ਼ੱਕੀ ਦੋਸ਼ੀ ਦੇ ਵਕੀਲਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਪ੍ਰਮੁੱਖ ਮਾਹਿਰ ਗਵਾਹ ਦੀ ਅਜੇ ਤੱਕ ਗਵਾਹੀ ਨਹੀਂ ਹੋਈ। 41 ਸਾਲਾ ਗੋਨਜ਼ਾਲੇਸ ਨੇ ਬੋਰਡ ਆਫ ਪਾਰਡਨਜ ਐਂਡ ਪੈਰੋਲ ਨੂੰ ਬੇਨਤੀ ਕੀਤੀ ਸੀ ਕਿ ਉਸ ਬਾਰੇ ਰਹਿਮ ਦੀ ਸਿਫਾਰਿਸ਼ ਕੀਤੀ ਜਾਵੇ ਤਾਂ ਜੋ ਗਵਰਨਰ ਗਰੇਗ ਅਬੋਟ ਉਸ ਦੀ ਮੌਤ ਦੀ ਸਜ਼ਾ ਨੂੰ ਘੱਟ ਸਜ਼ਾ ਜਿਵੇਂ ਬਿਨਾਂ ਜ਼ਮਾਨਤ ਉਮਰ ਭਰ ਲਈ ਜੇਲ ਦੀ ਸਜ਼ਾ ਵਿਚ ਤਬਦੀਲ ਕਰ ਸਕੇ। ਪਰੰਤੂ ਬੋਰਡ ਨੇ 7-0 ਦੇ ਫਰਕ ਨਾਲ ਉਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਤੇ ਸਜ਼ਾ ਉਪਰ ਆਰਜੀ ਰੋਕ ਲਾਉਣ ਤੋਂ ਵੀ ਇਨਕਾਰ ਕਰ ਦਿੱਤਾ। ਗੋਨਜ਼ਾਲੇਸ ਦੇ ਵਕੀਲਾਂ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬੋਰਡ ਦੇ ਫੈਸਲੇ ਨੇ ਉਨਾਂ ਨੂੰ ਬਹੁਤ ਦੁਖੀ ਤੇ ਨਿਰਾਸ਼ ਕੀਤਾ ਹੈ। ਵਕੀਲਾਂ ਨੇ ਕਿਹਾ ਹੈ ਕਿ ਜੇਕਰ ਗੋਨਜ਼ਾਲੇਸ ਨੂੰ ਬੁੱਧਵਾਰ ਨੂੰ ਮੌਤ ਦਿੱਤੀ ਜਾਂਦੀ ਹੈ ਤਾਂ ਇਹ ਅਨਿਆਂ ਹੋਵੇਗਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਜਨਵਰੀ 2001 ਵਿਚ ਗੋਨਜ਼ਾਲੇਸ ਨੇ ਆਪਣੇ ਡਰੱਗ ਸਪਲਾਇਰ ਨੂੰ ਫੋਨ ਕੀਤਾ ਜੋ ਲੜਕੀ ਟਾਊਨਸੈਂਡ ਦਾ ਦੋਸਤ ਲੜਕਾ ਸੀ। ਇਸ 'ਤੇ ਟਾਊਨਸੈਂਡ ਨੇ ਕਿਹਾ ਕਿ ਉਸ ਦਾ ਦੋਸਤ ਕੰਮ 'ਤੇ ਹੈ। ਇਸ ਉਪਰੰਤ ਗੋਨਜ਼ਾਲੇਸ ਡਰੱਗ ਦੀ ਭਾਲ ਵਿਚ ਉਸ ਦੇ ਘਰ ਗਿਆ ਜਿਥੇ ਉਸ ਨੇ ਪਹਿਲਾਂ ਪੈਸੇ ਚੋਰੀ ਕੀਤੇ ਫਿਰ ਟਾਊਨਸੈਂਡ ਦੇ ਹੱਥ ਤੇ ਪੈਰ ਬਨ ਦਿੱਤੇ। ਬਾਅਦ ਵਿਚ ਉਹ ਉਸ ਨੂੰ ਅਗਵਾ ਕਰਕੇ ਨਾਲ ਲੱਗਦੇ ਆਪਣੇ ਪਰਿਵਾਰ ਦੇ ਫਾਰਮ 'ਤੇ ਲੈ ਗਿਆ ਜਿਥੇ ਉਸ ਨੇ ਪਹਿਲਾਂ ਟਾਊਨਸੈਂਡ ਨਾਲ ਜਬਰ-ਜਨਾਹ ਕੀਤਾ ਤੇ ਬਾਅਦ ਵਿਚ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ।

# ਗਰਾਸਰੀ ਸਟੋਰ ਵਿਚ ਹੋਈ ਗੋਲੀਬਾਰੀ ਵਿੱਚ ਮਰਨ ਵਾਲਿਆਂ ਵਿਚ ਇਕ ਭਾਰਤੀ ਵੀ ਸ਼ਾਮਲ

## ਭਾਰਤੀ ਕੌਂਸਲਖਾਨੇ ਨੇ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਦਾ ਦਿੱਤਾ ਭਰੋਸਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਦੇ ਅਰਕੰਸਾਸ ਰਾਜ ਦੇ ਫੋਰਡਾਇਸੀ ਕਸਬੇ ਵਿਚ 3 ਦਿਨ ਪਹਿਲਾਂ ਮੈਡ ਬਚਰ ਗਰਾਸਰੀ ਸਟੋਰ ਵਿਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ 4 ਵਿਅਕਤੀਆਂ ਵਿਚ ਇਕ ਭਾਰਤੀ ਵੀ ਸ਼ਾਮਿਲ ਹੈ ਜਿਸ ਦੀ ਪਛਾਣ ਡਸਾਰੀ ਗੋਪੀਕ੍ਰਿਸ਼ਨਾ (32) ਵਜੋਂ ਹੋਈ ਹੈ ਜੋ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਇਸ ਗੋਲੀਬਾਰੀ ਵਿਚ 2 ਪੁਲਸ ਅਫਸਰਾਂ ਸਮੇਤ 10 ਵਿਅਕਤੀ ਜ਼ਖਮੀ ਵੀ ਹੋਏ ਸਨ। ਹਮਲਵਾਰ ਵੀ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ ਸੀ ਜਿਸ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਗੋਪੀਕ੍ਰਿਸ਼ਨਾ 8 ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ ਤੇ ਉਹ ਬਚਰ ਗਰਾਸਰੀ ਸਟੋਰ ਵਿਚ ਕੰਮ ਕਰਦਾ ਸੀ। ਜਿਸ ਸਮੇ ਗੋਲੀਬਾਰੀ ਹੋਈ ਤਾਂ ਉਹ ਕਾਊਂਟਰ 'ਤੇ ਬਿੱਲ ਬਣਾ ਰਿਹਾ ਸੀ। ਗੋਲੀਬਾਰੀ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ ਸੀ ਤੇ ਅਗਲੇ ਦਿਨ ਹਸਪਤਾਲ ਵਿਚ ਦਮ ਤੋੜ ਗਿਆ ਸੀ। ਉਹ ਆਪਣੇ ਪਿਛੇ ਪਤਨੀ ਤੇ ਇਕ ਪੁੱਤਰ ਛੱਡ ਗਿਆ ਹੈ। ਹੋਸਟਨ ਵਿਚ ਭਾਰਤੀ ਕੌਂਸਲਖਾਨੇ ਨੇ ਗੋਪੀਕ੍ਰਿਸ਼ਨਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਪਰਿਵਾਰ ਦੇ ਮੈਂਬਰਾਂ ਨਾਲ ਸੰਪਰਕ ਵਿਚ ਹੈ ਤੇ ਪਰਿਵਾਰ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੇ ਵੀ ਗੋਪੀਕ੍ਰਿਸ਼ਨਾ ਦੀ ਮੌਤ 'ਤੇ ਅਫਸੋਸ ਪ੍ਰਗਟਾਇਆ ਹੈ ਤੇ ਭਰੋਸਾ ਦਿੱਤਾ ਹੈ ਕਿ ਰਾਜ ਸਰਕਾਰ ਗੋਪੀਕ੍ਰਿਸ਼ਨਾ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿੱਚ ਹਰ ਲੋੜੀਂਦੀ ਸਹਾਇਤਾ ਕਰੇਗੀ।

# ਭਾਰਤੀ ਮੂਲ ਦੇ ਰਿਸ਼ੀ ਸ਼ਾਹ ਨੂੰ ਅਰਬਾਂ ਡਾਲਰ ਦੀ ਫਰਜ਼ੀ ਸਕੀਮ ਚਲਾਉਣ ਦੇ ਦੋਸ਼ਾਂ ਤਹਿਤ ਸਾਢੇ 7 ਸਾਲ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਭਾਰਤੀ ਮੂਲ ਦੇ ਆਊਟਕਮ ਹੈਲਥ ਸੀ ਈ ਓ ਰਿਸ਼ੀ ਸ਼ਾਹ ਨੂੰ ਇਕ ਅਰਬਾਂ ਡਾਲਰ ਦੀ ਫਰਜ਼ੀ ਸਕੀਮ ਚਲਾਉਣ ਦੇ ਦੋਸ਼ਾਂ ਤਹਿਤ ਸਾਢੇ 7 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਯੂ ਐਸ ਡਿਸਟ੍ਰਿਕਟ ਜੱਜ ਥਾਮਸ ਡਰਕਿਨ ਨੇ ਸ਼ਾਹ ਦੇ ਨਾਲ ਸਹਿ ਦੋਸ਼ੀ ਸਾਬਕਾ ਆਊਟਕਮ ਪ੍ਰਧਾਨ ਸ਼ਾਰਧਾ ਅਗਰਵਾਲ ਤੇ ਸਾਬਕਾ ਚੀਫ ਆਪਰੇਟਿੰਗ ਅਫਸਰ ਬਰੈਡ ਪੁਰਡੀ ਵਿਰੁੱਧ ਸੁਣਵਾਈ



ਉਪਰੰਤ ਸ਼ਾਹ ਨੂੰ ਸਜ਼ਾ ਸੁਣਾਉਣ ਦਾ ਐਲਾਨ ਕੀਤਾ। ਸ਼ਿਕਾਗੋ ਦੇ ਉੱਤਰ ਵਿੱਚ ਸਥਿੱਤ ਸ਼ਾਹ ਦਾ 80 ਲੱਖ ਡਾਲਰ ਦੀ ਕੀਮਤ ਦਾ ਘਰ ਵੀ ਜ਼ਬਤ ਕੀਤਾ ਜਾਵੇਗਾ। ਅਗਰਵਾਲ ਨੂੰ ਸਜ਼ਾ ਬਾਅਦ ਵਿਚ ਸੁਣਾਈ ਜਾਵੇਗੀ।

ਇਸ ਮਾਮਲੇ ਵਿਚ ਆਊਟਕਮ ਦੇ 3 ਸਾਬਕਾ ਮੁਲਾਜ਼ਮ ਪਹਿਲਾਂ ਹੀ ਆਪਣਾ ਗੁਨਾਹ ਮੰਨ ਚੁੱਕੇ ਹਨ ਜਿਨਾਂ ਵਿਚ ਅਸ਼ੀਕ ਡਿਸਾਈ , ਕੈਥਰਾਇਨ ਚੋਈ ਤੇ ਓਲੀਵਰ ਹੈਨ ਸ਼ਾਮਿਲ ਹਨ।






# ਪੰਜਾਬੀ ਫ਼ਿਲਮ "ਉੱਚਾ ਦਰ ਬਾਬੇ ਨਾਨਕ ਦਾ" 12 ਜੁਲਾਈ ਨੂੰ ਹੋਵੇਗੀ ਰਲੀਜ਼

**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਹਾਸ-ਰਸ ਵਾਲੀਆਂ ਫਿਲਮਾਂ ਦੇ ਟਰਿੰਡ ਤੋਂ ਹਟਕੇ ਇੱਕ ਹੋਰ ਪੰਜਾਬੀ ਫਿਲਮ "ਉੱਚਾ ਦਰ ਬਾਬੇ ਨਾਨਕ ਦਾ" 12 ਜੁਲਾਈ ਨੂੰ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿੱਚ ਰਲੀਜ਼ ਹੋਣ ਜਾ ਰੀ ਹੈ। ਇਸ ਫਿਲਮ ਸਬੰਧੀ ਦਰਸ਼ਕਾਂ ਵਿੱਚ ਜਾਗਰੁਕਤਾ ਪੈਂਦਾ ਕਰਨ ਲਈ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਸਮਾਗਮ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਫਰਿਜ਼ਨੋ ਸ਼ਹਿਰ ਦੇ ਇੰਡੀਆ ਕਬਾਬ ਪੈਲਿਸ ਰੈਸਟੋਰੈਂਟ ਵਿੱਚ ਫਿਲਮ ਦੀ ਟੀਮ ਵੱਲੋਂ ਇੱਕ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਇਸ ਸਮਾਗਮ ਦੌਰਾਨ ਫਿਲਮ ਦੇ ਡਾਈਰੈਕਟਰ ਤਰਨਵੀਰ ਸਿੰਘ ਜਗਪਾਲ, ਐਕਟਰਿਸ ਮੌਨਿਕਾ ਗਿੱਲ, ਐਕਟਰਿਸ ਕਿੰਮੀ ਵਰਮਾ ਪਹੁੰਚੇ ਹੋਏ ਸਨ। ਸਮਾਗਮ ਦੀ ਸ਼ੁਰੂਆਤ ਹੋਸਟ ਜੋਤ ਰਣਜੀਤ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਡਾਈਰੈਕਟਰ ਤਰਨਵੀਰ ਸਿੰਘ ਜਗਪਾਲ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਪਹਿਲਾਂ ਵੀ ਸਾਡੀ ਟੀਮ ਰੱਬ ਦਾ ਰੇਡੀਓ ਅਤੇ ਦਾਣਾ ਪਾਣੀ ਵਰਗੀਆਂ ਅਨੇਕਾਂ ਸਫਲ ਫਿਲਮਾਂ ਪੰਜਾਬੀ ਸਿਨਮੇ ਦੀ ਝੋਲੀ ਪਾ ਚੁੱਕੀ ਹੈ। ਇਸ ਵਾਰ ਅਸੀ ਬਾਬੇ ਨਾਨਕ ਦੇ ਫਲਸਫੇ ਅਤੇ ਗੁਰਬਾਣੀ ਦੀ ਤਾਕਤ ਬਾਰੇ ਪੰਜਾਬੀ ਫਿਲਮ ਉੱਚਾ ਦਰ ਬਾਬੇ ਨਾਨਕ ਦਾ ਲੈਕੇ ਦਰਸ਼ਕਾਂ ਦੀ ਕਚਿਹਰੀ ਵਿੱਚ ਹਾਜ਼ਰ ਹੋ ਰਹੇ ਹਾਂ, ਅਤੇ ਆਸ ਕਰਦੇ ਹਾਂ ਕਿ ਪੰਜਾਬੀ ਸਿਨੇਮਾਂ ਪ੍ਰੇਮੀ ਪਿਆਰ ਬਖ਼ਸ਼ਣਗੇ। ਇਸ ਮੌਕੇ ਐਕਟਰਸ ਮੌਨਿਕਾ ਗਿੱਲ ਨੇ ਕਿਹਾ ਕਿ ਇਹ ਫਿਲਮ ਟਰਿੰਡ ਤੋਂ ਹਟਕੇ ਸਾਡੇ ਯੂਥ ਨੂੰ ਗੁਰਬਾਣੀ ਦੀ ਤਾਕਤ ਤੋਂ ਜਾਣੂ ਕਰਵਾਉਣ ਦੇ ਮਨਸੂਬੇ ਨਾਲ ਬਣਾਈ ਗਈ ਹੈ, ਅਤੇ ਆਸ ਕਰਦੇ ਹਾਂ ਕਿ ਇਹ ਫਿਲਮ ਪੰਜਾਬੀ ਸਿਨਮੇ ਲਈ ਮੀਲ ਪੱਥਰ ਸਾਬਤ ਹੋਵੇਗੀ। ਐਕਟਰਸ ਕਿੰਮੀ ਵਰਮਾ ਨੇ ਕਿਹਾ ਕਿ ਅੱਜਕੱਲ ਡਪਰੈਸ਼ਨ, ਘਰਾਂ ਦੇ ਕਲੇਸ਼, ਨਸ਼ਾ ਆਦਿ ਸਾਡੇ ਸਮਾਜ ਨੂੰ ਘੁੱਣ ਵਾਂਗ ਖਾ ਰਿਹਾ ਹੈ। ਇਹਨਾਂ ਅਲਾਮਤਾਂ ਦੇ ਹੱਲ ਲਈ ਗੁਰਬਾਣੀ ਅਤੇ ਬਾਬੇ ਨਾਨਕ ਦੇ ਫਲਸਫੇ ਤੇ ਅਧਾਰਿਤ ਇਹ ਫ਼ਿਲਮ ਹਰਇੱਕ ਨੂੰ ਜ਼ਰੂਰ ਵੇਖਣੀ ਚਾਹੀਦੀ ਹੈ, ਅਤੇ ਉਹਨਾਂ ਅਪੀਲ ਕੀਤੀ ਕਿ ਸਾਰੇ ਪੰਜਾਬੀ ਪਰਿਵਾਰਾਂ ਸਮੇਤ ਇਸ ਪਰਿਵਾਰਕ ਫ਼ਿਲਮ ਨੂੰ 12 ਜੁਲਾਈ ਨੂੰ ਜ਼ਰੂਰ ਸਿਨੇਮਾ ਘਰਾਂ ਵਿੱਚ ਵੇਖਣ ਜਾਣ। ਇਸ ਫਿਲਮ ਵਿੱਚ ਐਕਟਰ ਦੇਵ ਖਰੌੜ, ਯੋਗਰਾਜ ਸਿੰਘ, ਮੌਨਿਕਾ ਗਿੱਲ, ਕਿੰਮੀ ਵਰਮਾ, ਕਮਲਜੀਤ ਨੀਰੂ, ਈਸਾ ਰਿੱਕੀ, ਹਰਜ਼ ਨਾਗਰਾ ਆਦਿ ਮੁੱਖ ਭੂੰਮਕਾਵਾਂ ਵਿੱਚ ਨਜ਼ਰ ਆਉਣਗੇ। ਇਸ ਮੌਕੇ ਫਰਿਜਨੋ ਦੀਆਂ ਸਿਰਕੱਢ ਸਖਸ਼ੀਅਤਾ, ਜਿੰਨ੍ਹਾਂ ਵਿੱਚ ਕਿਰਸਾਨ ਚਰਨਜੀਤ ਸਿੰਘ ਬਾਠ, ਸ਼ਰੂ ਸ਼ਰਮਾ, ਜਗਦੀਪ ਸਿੰਘ (ਜੇ ਐਸ ਇੰਸ਼ੋਰੈਂਸ), ਸੁਖਬੀਰ ਸਿੰਘ ਭੰਡਾਲ, ਸ਼ਰਨਜੀਤ ਕੌਰ ਧਾਲੀਵਾਲ, ਹਰਦੇਵ ਸਿੰਘ ਸਿੱਧੂ, ਰਾਜ ਬਰਾੜ (ਸੈਂਟਰਲ ਟਰੱਕ ਡ੍ਰਾਈਵਿੰਗ ਸਕੂਲ), ਪਵਨ ਬਰਾੜ (ਸਟਾਈਲ ਐਂਡ ਸਮਾਈਲ ਸਟੂਡੀਓ), ਮਾਸਟਰ ਸੁਲੱਖਣ ਸਿੰਘ ਗਿੱਲ, ਗੁਰਮੀਤ (ਮੈਕਸ ਪ੍ਰਿੰਟਿੰਗ) ਅਤੇ ਕਾਂਗਰਸ ਲਈ ਉਮੀਦਵਾਰ ਮਾਈਕਲ ਮਹਿਰ ਆਦਿ ਮਜੂਦ ਰਹੇ।



# ਅਮਰੀਕਾ ਵਿਚ ਤਬਾਹ ਹੋਏ ਇਕ ਛੋਟੇ ਜਹਾਜ਼ ਵਿਚ ਸਵਾਰ ਇਕ ਪਰਿਵਾਰ ਦੇ 5 ਜੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਨਿਊਯਾਰਕ ਰਾਜ ਦੇ ਉੱਤਰੀ ਹਿੱਸੇ ਵਿਚ ਇਕ ਇੰਜਣ ਵਾਲਾ ਛੋਟਾ ਜਹਾਜ਼ ਤਬਾਹ ਹੋਣ ਤੇ ਉਸ ਵਿਚ ਸਵਾਰ ਜਾਰਜੀਆ ਦੇ ਇਕ ਪਰਿਵਾਰ ਦੇ 5 ਜੀਆਂ ਦੀ ਮੌਤ ਹੋਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਿਆਨ ਅਨੁਸਾਰ ਪਰਿਵਾਰ ਬੇਸਬਾਲ ਟੂਰਨਾਮੈਂਟ ਵੇਖ ਕੇ ਕੂਪਰਸਟਾਊਨ, ਨਿਊਯਾਰਕ ਤੋਂ ਵਾਪਿਸ ਜਾਰਜੀਆ ਆ ਰਿਹਾ ਸੀ ਕਿ ਜਹਾਜ਼ ਅਚਾਨਕ ਹਾਦਸਾਗ੍ਰਸਤ ਹੋ ਕੇ ਜਮੀਨ ਉਪਰ ਡਿੱਗ ਪਿਆ ਤੇ ਉਸ ਵਿਚ ਸਵਾਰ ਸਾਰੇ ਵਿਅਕਤੀ ਮਾਰੇ ਗਏ।

ਪੁਲਿਸ ਨੇ ਮ੍ਰਿਤਕਾਂ ਦੀ ਪਛਾਣ ਰੋਜਰ ਬੈਗਸ (76), ਲੌਰਾ ਵੈਨ ਏਪਸ (43), ਰੀਆਨ ਵੈਨ ਏਪਸ (42) ਜੇਮਜ ਆਰ ਵੈਨ ਏਪਸ (12) ਤੇ ਵੈਨ ਏਪਸ (10) ਵਜੋਂ ਕੀਤੀ ਹੈ। ਨਿਊਯਾਰਕ ਸਟੇਟ ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਡੈਲਾਵੇਅਰ ਕਾਊਂਟੀ ਵਿਚ ਮੈਸਨਵਿਲੇ ਕਸਬੇ ਵਿਚ ਲੇਕ ਸੀਸਿਲ ਰੋਡ ਦੇ ਆਸ ਪਾਸ ਦੇ ਖੇਤਰ ਵਿਚ ਸੰਭਾਵੀ ਤੌਰ 'ਤੇ ਇਕ ਜਹਾਜ਼ ਦੇ ਤਬਾਹ ਹੋਣ ਦੀ ਸੂਚਨਾ ਮਿਲਣ 'ਤੇ ਏਜੰਸੀਆਂ ਵੱਲੋਂ ਡਰੋਨ ਦੀ ਮੱਦਦ ਨਾਲ ਜਹਾਜ਼ ਦਾ ਮਲਬਾ ਤੇ ਉਸ ਵਿਚ ਸਵਾਰ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਲੱਭ ਲਈਆਂ ਗਈਆਂ ਹਨ। ਬਿਆਨ ਅਨੁਸਾਰ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਜਿਸ ਉਪਰੰਤ ਹੀ ਹਾਦਸੇ ਦੇ ਅਸਲ ਕਾਰਨ ਬਾਰੇ ਪਤਾ ਲੱਗ ਸਕੇਗਾ।

ਜਾਰਜੀਆ ਦੇ ਗਵਰਨਰ ਬਰੀਅਨ ਕੈਂਪ ਨੇ ਇਕ ਬਿਆਨ ਵਿਚ ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੇ ਸੱਕੇ ਸਬੰਧੀਆਂ ਤੇ ਹੋਰ ਸੱਜਣਾਂ ਮਿੱਤਰਾਂ ਨਾਲ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਵਿਦੇਸ਼ 'ਚ ਕੰਮ ਕਰਨ ਜਾ ਰਹੇ ਨੌਜਵਾਨਾਂ ਲਈ ਕਰਵਾਈ ਜਾਵੇਗੀ ਪੀ.ਡੀ.ਓ. ਟੀ ਦੀ ਟ੍ਰੇਨਿੰਗ - ਗੁਰਪ੍ਰੀਤ ਸਿੰਘ ਗਿੱਲ

## ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਮਾਨਤਾ ਪ੍ਰਾਪਤ ਟ੍ਰੈਵਲ ਏਜੰਟਾਂ ਨਾਲ ਕੀਤੀ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵਿਖੇ ਜ਼ਿਲ੍ਹੇ ਦੇ ਮਾਨਤਾ ਪ੍ਰਾਪਤ ਟ੍ਰੈਵਲ ਏਜੰਟਾਂ ਨਾਲ ਪ੍ਰੀ-ਡਿਪਾਰਚਰ ਓਰੀਐਂਟੇਸ਼ਨ ਟ੍ਰੇਨਿੰਗ (ਪੀ.ਡੀ.ਓ।ਟੀ) ਦੇ ਸਬੰਧ ਵਿਚ ਮੀਟਿੰਗ



ਹੋਈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਦੀਪ ਕੁਮਾਰ ਦੀ ਮੌਜੂਦਗੀ ਵਿਚ ਹੋਈ ਇਸ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਦੱਸਿਆ ਕਿ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵਲੋਂ ਪੰਜਾਬ ਵਿਚ ਪੀ।ਡੀ।ਟੀ।ਓ।ਟੀ ਟ੍ਰੇਨਿੰਗ ਸੈਂਟਰ ਸਥਾਪਿਤ ਕੀਤੇ ਗਏ ਹਨ, ਜਿਸ ਵਿਚ ਈ.ਸੀ.ਆਰ. ਦੇਸ਼ਾਂ ਵਿਚ ਜਾਣ ਵਾਲੇ ਪ੍ਰਾਰਥੀਆਂ ਨੂੰ 8 ਘੰਟੇ ਦੀ ਮੁਫ਼ਤ ਸਰਟੀਫਾਈਡ ਟ੍ਰੇਨਿੰਗ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਵਿਚ ਉਨ੍ਹਾਂ ਨੂੰ ਬਾਹਰਲੇ ਦੇਸ਼ ਵਿਚ ਆਉਣ ਵਾਲੀਆਂ ਔਕੜਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ ਅਤੇ ਨਾਲ ਹੀ ਉਨ੍ਹਾ ਨੂੰ ਬਾਹਰਲੇ ਦੇਸ਼ਾਂ ਦੇ ਰਹਿਣ-ਸਹਿਣ ਦੇ ਤੌਰ-ਤਰੀਕੇ, ਗੱਲਬਾਤ, ਕਿਹੜੀਆਂ ਚੀਜ਼ਾਂ ਕਰਨ ਵਾਲੀਆਂ ਹਨ ਅਤੇ ਕਿਹੜੀਆਂ ਚੀਜ਼ਾਂ ਦਾ ਗੁਰੇਜ਼ ਕਰਨਾ ਹੈ, ਇਸ ਬਾਰੇ ਵਿਸਥਾਰ ਜਾਣਕਾਰੀ ਦਿੱਤੀ ਜਾਂਦੀ ਹੈ। ਮੌਕੇ ਪਲੇਸਮੈਂਟ ਅਫ਼ਸਰ-ਕਮ-ਮਾਸਟਰ ਟ੍ਰੇਨਰ ਪੀ.ਡੀ.ਓ।ਟੀ ਰਾਕੇਸ਼ ਕੁਮਾਰ ਵੱਲੋਂ ਕਰਵਾਈ ਜਾਂਦੀ ਟ੍ਰੇਨਿੰਗ ਦੀ ਰੂਪ-ਰੇਖਾ ਬਾਰੇ ਜਾਣੂ ਕਰਵਾਇਆ ਗਿਆ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਲੋਂ ਅੰਤ ਵਿਚ ਸਾਰੇ ਮਾਨਤਾ ਪ੍ਰਾਪਤ ਟ੍ਰੈਵਲ ਏਜੰਟਾਂ ਨੂੰ ਅਪੀਲ ਕੀਤੀ ਗਈ ਕਿ ਜੇ ਉਨ੍ਹਾਂ ਦੁਆਰਾ ਕੋਈ ਵੀ ਪ੍ਰਾਰਥੀ ਕੰਮ ਕਰਨ ਲਈ ਬਾਹਰ ਜਾਂਦਾ ਹੈ ਤਾਂ ਉਨ੍ਹਾ ਦੀ ਟ੍ਰੇਨਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਨਾਲ ਹੀ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਇਆ ਜਾਵੇ। ਅੰਤ ਜ਼ਿਲ੍ਹਾ ਰੋਜਗਾਰ ਅਫ਼ਸਰ ਨੇ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder
Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਮੇਰੀ ਬਹਿਸ ਇਕ ਝੂਠੇ ਵਿਅਕਤੀ ਨਾਲ ਸੀ -ਜੋ ਬਾਈਡਨ

## ਮੁਕਾਬਲੇ ਵਿਚੋਂ ਹਟਣ ਦੀ ਸੰਭਾਵਨਾ ਨੂੰ ਕੀਤਾ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਉਸ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਬਹਿਸ ਦੌਰਾਨ ਵਧੀਆ ਕੰਮ ਕੀਤਾ ਹੈ ਤੇ ਉਨਾਂ ਨੇ ਕੁਝ ਡੈਮੋਕਰੈਟਿਕ ਸਮਰਥਕਾਂ ਵੱਲੋਂ ਮੁਕਾਬਲੇ ਵਿਚੋਂ ਹਟਣ ਦੀ ਕੀਤੀ ਜਾ ਰਹੀ ਮੰਗ ਨੂੰ ਰੱਦ ਕਰ ਦਿੱਤਾ ਹੈ। ਬਾਈਡਨ ਨੇ ਸਮਰਥਕਾਂ ਨੂੰ ਕਿਹਾ ਹੈ ਕਿ ਆਓ ਅੱਗੇ ਵਧੀਏ। ਬਾਈਡਨ ਨੂੰ ਇਕ ਪੱਤਰਕਾਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਕੀ ਉਹ ਮੈਦਾਨ ਛੱਡ ਰਹੇ ਹਨ ਤੇ ਕੀ ਉਨਾਂ ਨੂੰ ਕੋਈ ਸ਼ੱਕ ਹੈ ਤਾਂ ਬਾਈਡਨ ਨੇ ਕਿਹਾ ਨਹੀਂ, ਇਕ ਝੂਠੇ ਵਿਅਕਤੀ ਨਾਲ ਬਹਿਸ ਕਰਨਾ ਬਹੁਤ ਕਠਿਨ ਹੁੰਦਾ ਹੈ। ਦ ਨਿਊਯਾਰਕ ਟਾਈਮਜ਼ ਨੇ ਸਪੱਸ਼ਟ ਕੀਤਾ ਹੈ ਕਿ ਉਸ (ਟਰੰਪ) ਨੇ 26 ਵਾਰ ਝੂਠ ਬੋਲਿਆ। ਬਾਈਡਨ ਨੇ ਮੰਨਿਆ ਕਿ ਉਹ ਠੀਕ ਨਹੀਂ ਸੀ ਤੇ ਉਸ ਦਾ ਗਲਾ ਪੱਕਿਆ ਹੋਇਆ ਸੀ। ਇਸ ਬਹਿਸ ਵਿਚੋਂ ਜੋ ਤੱਥ ਸਾਹਮਣੇ ਆਏ ਹਨ, ਉਨਾਂ ਤੋਂ ਸਪੱਸ਼ਟ ਹੈ ਕਿ ਬਹਿਸ ਨੂੰ ਵੇਖਣ ਤੇ ਸੁਣਨ ਵਾਲਿਆਂ ਨੂੰ ਇਸ ਤੱਥ ਬਾਰੇ ਬਹੁਤ ਘੱਟ ਪਤਾ ਲੱਗਾ ਹੈ ਕਿ ਦੋਵੇਂ ਉਮੀਦਵਾਰਾਂ ਦੀ ਮੁੱਖ ਮੁੱਦਿਆਂ ਪ੍ਰਤੀ ਪਹੁੰਚ ਕੀ ਹੈ? ਦੋਵੇਂ ਉਮੀਦਵਾਰਾਂ ਦੀ ਉਮਰ, ਜਿਨਾਂ ਨੂੰ ਰਾਸ਼ਟਰਪਤੀ ਦਾ ਅਹੁੱਦਾ ਸੰਭਾਲਣ ਨੂੰ ਲੈ ਕੇ ਸਰੀਰਕ ਯੋਗਤਾ ਬਾਰੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬਹਿਸ ਦਾ ਮੁੱਖ ਸਵਾਲ ਸੀ ਜਿਸ ਦਾ ਜਵਾਬ ਅਮਰੀਕੀ ਲੋਕਾਂ ਨੂੰ ਨਹੀਂ ਮਿਲਿਆ। ਬਹਿਸ ਦੌਰਾਨ ਸ਼ੁਰੂ ਵਿਚ 78 ਸਾਲਾ ਟਰੰਪ ਬਾਈਡਨ (81) ਦੀ ਤੁਲਨਾ ਵਿਚ ਵਧੇਰੇ ਤਾਕਤਵਾਰ ਤੇ ਉਤਸ਼ਾਹਿਤ ਨਜਰ ਆਏ ਤੇ ਉਨਾਂ ਨੇ ਹਮਲਾਵਰ ਅੰਦਾਜ ਅਪਣਾਇਆ ਪਰੰਤੂ ਬਾਅਦ ਵਿਚ ਜਦੋਂ ਬਾਈਡਨ ਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦੀ ਪੈਰਵਾਈ ਕਰਨੀ ਸ਼ੁਰੂ ਕੀਤੀ ਤੇ ਟਰੰਪ ਦੇ ਚਰਿਤਰ ਬਾਰੇ ਗੱਲਾਂ ਕੀਤੀਆਂ ਤਾਂ ਉਹ ਵਧੀਆ ਨਜਰ ਆਏ। ਬਹਿਸ ਵਿਸ਼ੇਸ਼ ਤੌਰ 'ਤੇ ਬਹਿਸ ਦੇ ਸ਼ੁਰੂਆਤੀ ਮਿੰਟਾਂ ਦੌਰਾਨ ਲੱਖਾਂ ਦਰਸ਼ਕਾਂ ਦੇ ਜੋ ਪ੍ਰਤੀਕਰਮ ਸਾਹਮਣੇ ਆਏ ਹਨ, ਉਨਾਂ ਤੋਂ ਪਤਾ ਲੱਗਦਾ ਹੈ ਕਿ ਰੀਪਬਲੀਕਨ ਸਮਰਥਕਾਂ ਵੱਲੋਂ ਭਵਿੱਖ ਵਿਚ ਬਾਈਡਨ ਦੀ ਉਮਰ ਤੇ ਉਨਾਂ ਵੱਲੋਂ ਅਹੁੱਦਾ ਸੰਭਾਲਣ ਦੀ ਯੋਗਤਾ ਨੂੰ ਲੈ ਕੇ ਵੱਡੀ ਪੱਧਰ ਉਪਰ ਸਵਾਲ ਖੜੇ ਕੀਤੇ ਜਾਣਗੇ ਪਰੰਤੂ ਡੈਮੋਕਰੈਟਿਕਾਂ ਵੱਲੋਂ ਬਾਈਡਨ ਦੀ ਜਗਾ ਹੋਰ ਕਿਸੇ ਨੂੰ ਉਮੀਦਵਾਰ ਬਣਾਉਣਾ ਜੇਕਰ ਸੰਭਵ ਨਹੀਂ ਹੈ ਤਾਂ ਮੁਸ਼ਕਿਲ ਜਰੂਰ ਹੈ। ਹਾਲਾਂ ਕਿ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਸਪੱਸ਼ਟ ਕਰ ਚੁੱਕੇ ਹਨ ਕਿ ਜੇਕਰ ਹਾਲਾਤ ਬਣਦੇ ਹਨ ਤਾਂ ਉਹ ਰਾਸ਼ਟਰਪਤੀ ਦੀ ਭੂਮਿਕਾ ਨਿਭਾਉਣ ਲਈ ਤਿਆਰ ਹਨ। ਫਿਲਹਾਲ ਬਾਈਡਨ ਇਕ ਮਜ਼ਬੂਤ ਉਮੀਦਵਾਰ ਵਜੋਂ ਡਟੇ ਹੋਏ ਹਨ।

# ਭਾਰਤੀ ਮੂਲ ਦੇ ਗੁਜਰਾਤੀ ਮੋਟਲ ਮੈਨੇਜਰ ਦੀ ਇਕ ਹਮਲੇ ਵਿਚ ਹੋਈ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਭਾਰਤੀ ਮੂਲ ਦੇ ਮੋਟਲ ਜਨਰਲ ਮੈਨੇਜਰ 59 ਸਾਲਾ ਹੇਮੰਤ ਮਿਸਤਰੀ ਦੀ ਇਕ ਹਮਲੇ ਵਿਚ ਮੌਤ ਹੋ ਜਾਣ ਦੀ ਖਬਰ ਹੈ। ਹਮਲੇ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ ਜਿਸ ਉਪਰੰਤ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਇਕ ਦਿਨ ਬਾਅਦ ਦਮ ਤੋੜ ਗਿਆ। ਓਕਲਾਹੋਮਾ ਸਿਟੀ ਪੁਲਿਸ ਵਿਭਾਗ ਅਨੁਸਾਰ ਰਿਚਰਡ ਲੇਵਿਸ (41) ਨਾਮੀ ਵਿਅਕਤੀ ਨੇ ਮਿਸਤਰੀ ਉਪਰ ਉਸ ਵੇਲੇ ਹਮਲਾ ਕੀਤਾ ਜਦੋਂ ਉਸ ਨੂੰ ਮੋਟਲ ਵਿਚੋਂ ਬਾਹਰ ਜਾਣ ਲਈ ਕਿਹਾ ਗਿਆ। ਲੇਵਿਸ ਨੇ ਮਿਸਤਰੀ ਦੇ ਮੁੱਕਾ ਮਾਰ ਕੇ ਉਸ ਨੂੰ ਜਮੀਨ ਉਪਰ ਸੁੱਟ ਦਿੱਤਾ । ਪੁਲਿਸ ਜਦੋਂ ਮੌਕੇ ਉਪਰ ਪੁੱਜੀ ਤਾਂ ਮਿਸਤਰੀ ਬੇਹੋਸ਼ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਪਰ ਉਹ ਬਚ ਨਹੀਂ ਸਕਿਆ। ਇਸ ਹਮਲੇ ਦੀ ਸੋਸ਼ਲ ਮੀਡੀਆ ਉਪਰ ਇਕ ਵੀਡੀਓ ਵੀ ਵਾਇਰਲ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਲੇਵਿਸ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਮਾਮਲੇ ਦੀ ਜਾਂਚ ਅਜੇ ਮੁੱਢਲੀ ਪੱਧਰ 'ਤੇ ਹੈ। ਮਿਸਤਰੀ ਗੁਜਰਾਤੀ ਭਾਈਚਾਰੇ ਦੀ ਜਾਣੀ ਪਛਾਣੀ ਸਖਸ਼ੀਅਤ ਸਨ।

# ਵਿਆਨਾ (ਆਸਟਰੀਆ) ਵਿੱਚ ਸੰਤ ਰਾਮਾਨੰਦ ਜੀ ਦੀ ਯਾਦ ’ਚ ਸਮਾਰਕ ਬਣਾਉਣ ਸਬੰਧੀ ਵਿਸ਼ੇਸ਼ ਮੀਟਿੰਗ ਦਾ ਆਯੋਜਨ



**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਗਲੋਬਲ ਰਵਿਦਾਸੀਆ ਔਰਗੇਨਾਈਜੇਸ਼ਨ ਇਟਲੀ ਨਾਲ ਸਬੰਧਤ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੀ ਵਿਸ਼ੇਸ਼ ਮੀਟਿੰਗ ਰਿਜੋਮਿਲੀਆ ਵਿਖੇ ਸ੍ਰੀ ਕਸ਼ਮੀਰ ਲਾਲ ਮਹਿਮੀ ਦੀ ਸਰਪ੍ਰਸਤੀ ਹੇਠ ਹੋਈ। ਇਸ ਮੀਟਿੰਗ ਵਿਚ ਗਲੋਬਲ ਰਵਿਦਾਸੀਆ ਔਰਗੇਨਾਈਜੇਸ਼ਨ ਯੂਰਪ ਦੇ ਪ੍ਰਧਾਨ ਸ੍ਰੀ ਦੇਸਰਾਜ ਚੁੰਬਰ ਅਤੇ ਚੇਅਰਮੈਨ ਸ੍ਰੀ ਕੇਸ਼ਵ ਢੰਡਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਰਵਿਦਾਸੀਆ ਕੌਮ ਦੇ ਮਹਾਨ ਵਿਦਵਾਨ ਅਤੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਯਾਦ 'ਚ ਮਿਊਜੀਅਮ ਵਿਆਨਾ(ਆਸਟਰੀਆ) (ਜਿੱਥੇ ਸੰਤਾਂ ਨੂੰ ਸ਼ਹੀਦ ਕੀਤਾ ਗਿਆ ਸੀ) 'ਚ ਬਣਾਉਣ ਦਾ ਵਿਚਾਰ ਵਟਾਂਦਰਾ ਕੀਤਾ ਗਿਆ। ਇਟਲੀ ਤੋਂ ਇਲਾਵਾ ਯੂਰਪ ਦੀਆਂ ਵੱਖ-ਵੱਖ ਦੇਸ਼ਾਂ ਦੀਆਂ ਸੰਗਤਾਂ ਦਾ ਵੀ ਸਹਿਯੋਗ ਲਿਆ ਜਾਵੇਗਾ। ਇਸ ਸਮਾਰਕ ਨੂੰ ਬਣਾਉਣ ਲਈ ਯੂਰਪ ਦੇ ਵੱਖ ਵੱਖ ਦੇਸ਼ਾਂ ਚ ਮੀਟਿੰਗਾਂ ਉਪਰੰਤ ਦੋ ਮਹੀਨੇ ਬਾਅਦ ਅੰਤਿਮ ਫੈਸਲਾ ਲਿਆ ਜਾਵੇਗਾ। ਆਸਟਰੀਆ 'ਚ ਸਥਿਤ ਸ਼ਹੀਦੀ ਅਸਥਾਨ ਦੀ ਪ੍ਰਬੰਧਕ ਕਮੇਟੀ ਨੇ ਇਸ ਪ੍ਰਕਿਰਿਆ ਨੂੰ ਹੱਲ ਕਰਨ ਲਈ ਵੀ ਦੋ ਮਹੀਨੇ ਬਾਅਦ ਗੱਲਬਾਤ ਕਰਨ ਦੀ ਗੱਲ ਆਖੀ ਹੈ। ਇਸ ਮੌਕੇ ਤੇ ਗਲੋਬਲ ਰਵਿਦਾਸੀਆ ਔਰਗੇਨਾਈਜੇਸ਼ਨ ਇਟਲੀ ਸ੍ਰੀ ਗੁਰੂ ਰਵਿਦਾਸ ਟੈਂਪਲ ਪਾਰਮਾ- ਪਿਚੈਂਸਾ, ਸ੍ਰੀ ਗੁਰੂ ਰਵਿਦਾਸ ਟੈਂਪਲ ਬ੍ਰੇਸ਼ੀਆ, ਸ੍ਰੀ ਗੁਰੂ ਰਵਿਦਾਸ ਟੈਂਪਲ ਵਿਚੈਂਸਾ, ਸ੍ਰੀ ਗੁਰੂ ਰਵਿਦਾਸ ਭਵਨ ਤਰਵੀਜੋ, ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਰਮੋਨਾ, ਸ੍ਰੀ ਗੁਰੂ ਰਵਿਦਾਸ ਮੰਦਰ ਮਾਨਤੋਵਾ, ਸ੍ਰੀ ਗੁਰੂ ਰਵਿਦਾਸ ਸਭਾ ਬੇਗਮਪੁਰਾ ਬਹਿਰਗਾਮੋ,ਸ੍ਰੀ ਗੁਰੂ ਰਵਿਦਾਸ ਸਭਾ ਅਰੇਸੋ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਫਾਊਂਡੇਸ਼ਨ ਯੂਰਪ, ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਜੋਮਿਲੀਆ ਦੇ ਅਹੁਦੇਦਾਰ ਮੌਜੂਦ ਸਨ।



ਦੇਸ਼ ਦੁਆਬਾ

## ਸੰਯੁਕਤ ਰਾਜ ਅਮਰੀਕਾ: ਆਜ਼ਾਦੀ ਅਤੇ ਮੌਕਿਆਂ ਦਾ ਸੁਪਨਾ




ਸੰਯੁਕਤ ਰਾਜ ਅਮਰੀਕਾ ਵਿੱਚ, 4 ਜੁਲਾਈ ਅਜ਼ਾਦੀ ਅਤੇ ਮੌਕਿਆਂ ਦੀ ਫਿਲਾਸਫੀ ਨੂੰ ਦਰਸਾਉਂਦਾ ਹੈ। ਸੰਯੁਕਤ ਰਾਜ ਅਮਰੀਕਾ ਪੂਰੀ ਦੁਨੀਆ ਦੇ ਲੋਕਾਂ ਲਈ ਆਪਣੇ ਸੁਪਨਿਆਂ ਦੇ ਟੀਚਿਆਂ ਨੂੰ ਹਕੀਕਤ ਵਿੱਚ ਲਿਆਉਣ ਲਈ ਇੱਕ ਸੁਪਨਿਆਂ ਦੀ ਧਰਤੀ ਬਣ ਗਿਆ ਹੈ। ਹਰ ਕੋਈ ਧਰਮ, ਵਰਗ, ਨਸਲ ਅਤੇ ਖੇਤਰ ਦੀ ਪਰਵਾਹ ਕੀਤੇ ਬਿਨਾਂ ਅਮਰੀਕਾ ਨੂੰ ਆਪਣਾ ਵਤਨ ਬਣਾਉਣ ਦੀ ਇੱਛਾ ਰੱਖਦਾ ਹੈ! ਅਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਮੌਕਿਆਂ ਅਤੇ ਸਨਮਾਨ ਦੇ ਇਸ ਮਹਾਨ ਰਾਸ਼ਟਰ ਨਾਲ ਜੁੜ ਕੇ ਉਹ ਹੌਂਸਲਾ ਮਹਿਸੂਸ ਕਰਦਾ ਹੈ। ਇਹ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਸਾਰਿਆਂ ਨੂੰ ਅੱਗੇ ਆਉਣ ਦਿਓ ਅਤੇ ਦੂਜਿਆਂ ਨੂੰ ਪਿਆਰ ਅਤੇ ਸ਼ਾਂਤੀ ਨਾਲ ਰਹਿਣ ਦਿਓ। ਦੂਜੇ ਵਿਸ਼ਵ ਯੁੱਧ ਦੇ ਅੰਤ ਤੋਂ ਬਾਅਦ, ਇਸਨੇ ਵਿਸ਼ਵ ਵਿੱਚ ਸ਼ਾਂਤੀਪੂਰਨ ਵਿਵਸਥਾ ਨੂੰ ਮੁੜ ਸਥਾਪਤ ਕਰਨ ਅਤੇ ਵਿਸ਼ਵ ਵਿੱਚ ਹਰ ਥਾਂ ਵਿਚਾਰਾਂ ਦੀ ਆਜ਼ਾਦੀ, ਆਜ਼ਾਦੀ ਅਤੇ ਸਮਾਨਤਾ ਹਾਸਲ ਕਰਨ ਵਿੱਚ ਮਦਦ ਕਰਨ ਲਈ ਪਿੱਛੇ ਮੁੜ ਕੇ ਨਹੀਂ ਦੇਖਿਆ। ਕਿਸੇ ਵੀ ਮਹਾਂਦੀਪ, ਖੇਤਰ ਜਾਂ ਦੇਸ਼ ਦਾ ਨਾਮ ਦੱਸੋ ਜਿੱਥੇ ਅਮਰੀਕਾ ਨੇ ਆਪਣੇ ਸੁਪਨਿਆਂ ਅਤੇ ਇੱਛਾਵਾਂ ਨੂੰ ਸਾਕਾਰ ਕਰਨ ਲਈ ਉਤਸ਼ਾਹ ਅਤੇ ਪਹਿਲਕਦਮੀਆਂ ਦੀ ਆਪਣੀ ਛਾਪ ਨਹੀਂ ਛੱਡੀ ਹੈ। ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਜਮਹੂਰੀ ਦੇਸ਼ਾਂ ਵਿੱਚੋਂ ਇੱਕ, ਸੰਯੁਕਤ ਰਾਜ ਅਮਰੀਕਾ ਨੇ ਹਮੇਸ਼ਾ ਵਿਚਾਰਾਂ ਦੇ ਸੁਤੰਤਰ ਪ੍ਰਵਾਹ ਦੀ ਆਗਿਆ ਦੇਣ ਅਤੇ ਲੋਕਾਂ ਨੂੰ ਜਿਵੇਂ ਉਹ ਬਣਨਾ ਚਾਹੁੰਦੇ ਹਨ, ਰਹਿਣ ਦੇਣ ਵਿੱਚ ਆਪਣੀ ਸਭ ਤੋਂ ਵੱਡੀ ਦਿਲਚਸਪੀ ਦਿਖਾਈ ਹੈ। ਇਹ ਮਨੁੱਖੀ ਗਤੀਵਿਧੀਆਂ ਦੇ ਸਾਰੇ ਖੇਤਰਾਂ ਵਿੱਚ ਪਹਿਲੇ ਸਥਾਨ 'ਤੇ ਰਿਹਾ ਹੈ, ਭਾਵੇਂ ਇਹ ਵਿਗਿਆਨ, ਤਕਨਾਲੋਜੀ, ਕਲਾ ਅਤੇ ਖੇਡਾਂ ਹੋਣ। ਇਹ ਸਭ ਕੁਝ ਪ੍ਰਾਪਤ ਕਰਨ ਲਈ ਇਸਦੀ ਅਗਵਾਈ ਸ਼ਾਇਦ ਇਸ ਦੇ ਸੰਵਿਧਾਨ ਅਤੇ ਪ੍ਰਭਾਵਸ਼ਾਲੀ ਸ਼ਾਸਨ ਪ੍ਰਣਾਲੀ ਦੁਆਰਾ ਗਾਰੰਟੀ ਦਿੱਤੀ ਗਈ ਵਿਚਾਰ ਅਤੇ ਕਾਰਵਾਈ ਦੀ ਆਜ਼ਾਦੀ ਹੈ। "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਆਜ਼ਾਦੀ ਅਤੇ ਆਜ਼ਾਦੀ ਦੇ ਇਸ ਸ਼ੁਭ ਦਿਹਾੜੇ 'ਤੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਬਹੁਤ ਮਾਣ ਮਹਿਸੂਸ ਕਰਦੇ ਹਨ।

**ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**
**'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੀਕਲੀ ਅਖਬਾਰ**

# ਚੋਣ ਨਤੀਜੇ : ਕਿੱਥੇ ਹੈ ਬਹੁਜਨ ਸਮਾਜ?

**ਦਰਸ਼ਨ ਸਿੰਘ ਬਾਜਵਾ**
91-98783-83053

ਪਿਛਲੇ ਮਹੀਨੇ ਚਾਰ ਜੂਨ ਨੂੰ ਲੋਕ ਸਭਾ ਦੀਆਂ ਚੋਣਾਂ ਦੇ ਨਤੀਜੇ ਸਾਹਮਣੇ ਆਏ। ਸ਼੍ਰੀ ਨਰਿੰਦਰ ਮੋਦੀ ਇੱਕ ਵਾਰ ਫਿਰ ਕੇਂਦਰ ਵਿੱਚ ਸਰਕਾਰ ਬਣਾ ਗਏ ਹਨ। ਭਾਵੇਂ ਉਹਨਾਂ ਦੀ ਪਾਰਟੀ ਭਾਜਪਾ ਨੂੰ ਇਕੱਲਿਆਂ ਨੂੰ ਬਹੁਮਤ ਨਹੀਂ ਮਿਲਿਆ ਪਰ ਫਿਰ ਵੀ ਐਨ.ਡੀ.ਏ. ਕੋਲ਼ ਬਹੁਮਤ ਹੈ। ਦੂਜੇ ਪਾਸੇ ਜੋ ਸਰਕਾਰ ਵਿਰੋਧੀ ਗਠਜੋੜ ਬਣਿਆ ਸੀ ਉਸ ਨੂੰ ਬਹੁਮਤ ਨਾ ਮਿਲਣ ਦੇ ਬਾਵਜੂਦ ਵੀ ਵਿਰੋਧੀ ਖੇਮੇ ਖ਼ਾਸ ਕਰ ਕਾਂਗਰਸ ਵਿੱਚ ਬੇਹੱਦ ਖੁਸ਼ੀ ਪਾਈ ਜਾ ਰਹੀ ਹੈ। ਇਸ ਦਾ ਕਾਰਨ ਹੈ ਕਿ ਕਾਂਗਰਸ 2014 ਤੋਂ ਲੈ ਕੇ ਲਗਾਤਾਰ ਹਾਸ਼ੀਏ 'ਤੇ ਜਾ ਰਹੀ ਸੀ ਅਤੇ ਨਰਿੰਦਰ ਮੋਦੀ ਦੁਆਰਾ ਦਿੱਤੇ 'ਕਾਂਗਰਸ ਮੁਕਤ ਭਾਰਤ' ਦੇ ਨਾਅਰੇ ਨੇ ਕਾਂਗਰਸੀ ਵਰਕਰਾਂ ਵਿੱਚ ਨਮੋਸ਼ੀ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਸੀ। ਹੁਣ 99 ਸੀਟਾਂ ਲੈ ਕੇ ਕਾਂਗਰਸੀ ਖੁਸ਼ ਨਜ਼ਰ ਆ ਰਹੇ ਹਨ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਧਰੁਵ ਰਾਠੀ ਨਾਂਅ ਦੇ ਇੱਕ ਵਿਅਕਤੀ ਨੇ ਉੱਤਰ ਪ੍ਰਦੇਸ਼ ਦੀਆਂ 16 ਸੀਟਾਂ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਜੇਕਰ ਬਸਪਾ ਨਾ ਹੁੰਦੀ ਤਾਂ ਇਹ ਸੀਟਾਂ ਗਠਜੋੜ ਜਿੱਤ ਸਕਦਾ ਸੀ। ਭਾਵੇਂ ਇਹਨਾਂ ਸੋਲ਼ਾਂ ਸੀਟਾਂ 'ਤੇ ਬਸਪਾ ਤੀਜੇ ਨੰਬਰ 'ਤੇ ਆਈ ਸੀ ਪਰ ਇੱਥੇ ਬਸਪਾ ਨੇ ਗਠਜੋੜ ਦੇ ਉਮੀਦਵਾਰਾਂ ਦੀ ਹਾਰ ਦੇ ਮਾਰਜਨ ਨਾਲ਼ੋਂ ਜ਼ਿਆਦਾ ਵੋਟਾਂ ਲਈਆਂ ਹਨ। ਧਰੁਵ ਰਾਠੀ ਨੇ ਸਿੱਧੇ ਤੌਰ 'ਤੇ ਲਿਖਿਆ ਕਿ ਬਹੁਜਨ ਸਮਾਜ ਪਾਰਟੀ ਨੇ ਵੋਟ ਕੱਟਣ ਵਾਲ਼ੀ ਪਾਰਟੀ ਬਣ ਕੇ ਇਹਨਾਂ ਸੀਟਾਂ 'ਤੇ ਭਾਜਪਾ ਨੂੰ ਜਿਤਾਉਣ ਦਾ ਕੰਮ ਕੀਤਾ ਹੈ। ਉਸਨੇ ਕਿਹਾ ਕਿ ਜੇਕਰ ਬਸਪਾ ਨਾ ਹੁੰਦੀ ਤਾਂ ਭਾਜਪਾ ਦੇ 240 ਦੀ ਜਗ੍ਹਾ 224 ਸਾਂਸਦ ਹੀ ਹੁੰਦੇ। ਇਸ ਤਰ੍ਹਾਂ ਬਸਪਾ ਨੇ ਹੀ ਭਾਜਪਾ ਦੀ ਸਰਕਾਰ ਬਣਾਈ ਹੈ। ਉਸ ਨੇ ਬਸਪਾ ਨੂੰ ਭਾਜਪਾ ਦੀ ਬੀ ਟੀਮ ਵੀ ਕਿਹਾ।

ਜੇ ਕਿਤੇ ਬਸਪਾ ਨੇ ਕੁਛ ਗਲਤ ਕੀਤਾ ਹੈ ਤਾਂ ਬਿਨਾਂ ਸ਼ੱਕ ਉਸ ਦੀ ਆਲੋਚਨਾ ਕੀਤੀ ਜਾਣੀ ਚਾਹੀਦੀ ਹੈ। ਪਰ ਚੋਣ ਸਮੀਖਿਆ ਕਰਨ ਲੱਗਿਆਂ ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਬਹੁਜਨ ਸਮਾਜ ਪਾਰਟੀ ਇੱਕ ਸਿਆਸੀ ਪਾਰਟੀ ਹੈ। ਸਮੁੱਚੇ ਦੇਸ਼ ਵਿੱਚ ਥੋੜ੍ਹਾ ਹੋਵੇ ਜਾਂ ਬਹੁਤਾ ਦਲਿਤ ਵਰਗ ਵਿੱਚ ਉਸ ਦਾ ਅਧਾਰ ਹੈ। ਆਪਣੀ ਹੋਂਦ ਕਾਇਮ ਰੱਖਣ ਵਾਸਤੇ ਬਸਪਾ ਲਈ ਚੋਣਾਂ ਲੜਨੀਆਂ ਉਨੀਆਂ ਹੀ ਜ਼ਰੂਰੀ ਹਨ ਜਿੰਨੀਆਂ ਕਾਂਗਰਸ ਜਾਂ ਸਮਾਜਵਾਦੀ ਪਾਰਟੀ ਲਈ ਜ਼ਰੂਰੀ ਹਨ। ਉਂਝ ਕਈ ਵਾਰ ਅਜਿਹਾ ਹੋਇਆ ਹੈ ਕਿ ਗਾਂਧੀ ਪਰਿਵਾਰ ਦੇ ਖ਼ਿਲਾਫ਼ ਬਸਪਾ ਵੱਲੋਂ ਆਪਣਾ ਉਮੀਦਵਾਰ ਨਹੀਂ ਉਤਾਰਿਆ ਗਿਆ।

ਹੁਣ ਰਹੀ ਗੱਲ ਉਹਨਾਂ 16 ਸੀਟਾਂ ਦੀ ਜਿੱਥੋਂ ਭਾਜਪਾ ਨੇ ਜਿੱਤ ਹਾਸਲ ਕੀਤੀ ਹੈ। ਬਹੁਜਨ ਸਮਾਜ ਪਾਰਟੀ ਕਿੱਥੋਂ ਚੋਣ ਲੜੇ ਜਾਂ ਕਿੱਥੋਂ ਨਾ ਲੜੇ ਇਸ ਦਾ ਫ਼ੈਸਲਾ ਉਸ ਦੀ ਹਾਈ ਕਮਾਂਡ ਨੇ ਹੀ ਕਰਨਾ ਹੈ। ਇਸ ਨਾ਼ਲ ਕਿਸ ਧਿਰ ਨੂੰ ਨੁਕਸਾਨ ਹੁੰਦਾ ਹੈ ਜਾਂ ਕਿਸ ਨੂੰ ਫ਼ਾਇਦਾ ਹੁੰਦਾ ਹੈ ਇਹ ਦੇਖਣਾ ਇਕੱਲੀ ਬਸਪਾ ਦਾ ਕੰਮ ਨਹੀਂ। ਜੇ ਗਠਬੰਧਨ ਨੂੰ ਲੱਗਦਾ ਸੀ ਕਿ ਬਸਪਾ ਕਾਰਨ ਉਸ ਨੂੰ ਕੁੱਝ ਸੀਟਾਂ ਗੁਆਉਣੀਆਂ ਪੈ ਸਕਦੀਆਂ ਹਨ ਤਾਂ ਉਸ ਦੇ ਲੀਡਰਾਂ ਨੂੰ ਵੀ ਚਾਹੀਦਾ ਸੀ ਕਿ ਉਹ ਬਸਪਾ ਨੂੰ ਗਠਬੰਧਨ ਵਿੱਚ ਸ਼ਾਮਲ ਕਰਦੇ। ਜੇ ਕੋਈ ਕਹੇ ਕਿ ਬਸਪਾ ਗਠਬੰਧਨ ਵਿੱਚ ਸ਼ਾਮਲ ਨਹੀਂ ਹੋਈ ਤਾਂ ਉਹ ਇਹ ਦੱਸਣ ਦੀ ਖੇਚ਼ਲ ਕਰੇ ਕਿ ਕੀ ਗਠਬੰਧਨ ਵਿੱਚ ਸ਼ਾਮਲ ਸਾਰੀਆਂ ਪਾਰਟੀਆਂ ਬਸਪਾ ਨੂੰ ਦਿਲੋਂ ਚਾਹੁੰਦੀਆਂ ਸਨ? ਲਾਲੂ ਪ੍ਰਸਾਦ ਯਾਦਵ ਨੇ ਅੱਜ ਤੋਂ 9-10 ਮਹੀਨੇ ਪਹਿਲਾਂ ਹੀ ਇੱਕ ਨਿਜੀ ਚੈਨਲ 'ਇੰਡੀਆ ਟੀ.ਵੀ.' ਦੇ ਪੱਤਰਕਾਰ ਦੀ ਗੱਲ ਦਾ ਜਵਾਬ ਦਿੰਦਿਆਂ ਕਹਿ ਦਿੱਤਾ ਸੀ ਕਿ ਅਸੀਂ ਮਾਇਆਵਤੀ ਨੂੰ ਮੀਟਿੰਗ ਲਈ ਨਹੀਂ ਬੁਲਾਇਆ। ਜਦੋਂ ਬਸਪਾ ਤੇ ਕਾਂਗਰਸ ਦੇ ਸਮਝੌਤੇ ਦੀ ਗੱਲ ਚੱਲ ਰਹੀ ਸੀ ਤਾਂ ਭੈਣ ਮਾਇਆਵਤੀ ਨੇ ਬਿਆਨ ਦਿੱਤਾ ਸੀ ਕਿ ਰਾਸ਼ਟਰ ਹਿਤ ਵਿੱਚ ਕਦੋਂ ਕਿਸ ਨੂੰ ਕਿਸ ਨਾ਼ਲ ਜਾਣਾ ਪੈ ਜਾਵੇ ਕਿਹਾ ਨਹੀਂ ਜਾ ਸਕਦਾ। ਭਾਵ ਇਸ਼ਾਰੇ ਨਾ਼ਲ ਹਾਂ ਕੀਤੀ ਗਈ ਸੀ। ਪਰ 20 ਦਸੰਬਰ 2023 ਨੂੰ ਅਖਿਲੇਸ਼ ਦੇ ਚਾਚਾ ਰਾਮਗੋਪਾਲ ਯਾਦਵ ਨੇ ਕਿਹਾ ਸੀ ਕਿ ਜੇਕਰ ਬਸਪਾ ਇੰਡੀਆ ਗਠਬੰਧਨ ਦਾ ਹਿੱਸਾ ਬਣੀ ਤਾਂ ਸਪਾ ਇਸ ਤੋਂ ਬਾਹਰ ਹੋ ਜਾਵੇਗੀ। ਅਖਿਲੇਸ਼ ਯਾਦਵ ਨੇ ਇਸ ਸੰਬੰਧੀ ਕਿਹਾ ਸੀ ਕਿ ਚੋਣਾਂ ਦੇ ਬਾਅਦ ਮਾਇਆਵਤੀ ਦੀ ਗਰੰਟੀ ਕੌਣ ਲਵੇਗਾ। ਇਸ ਕਰਕੇ ਕਾਂਗਰਸ ਨੇ ਵੀ ਬਸਪਾ ਨੂੰ ਤਵੱਜੋ ਨਹੀਂ ਦਿੱਤੀ। ਜੇ ਮੋਦੀ ਦੇ ਖ਼ਿਲਾਫ਼ ਬਣਿਆ ਗਠਬੰਧਨ ਖ਼ੁਦ ਹੀ ਨਹੀਂ ਚਾਹੁੰਦਾ ਸੀ ਕਿ ਬਸਪਾ ਇਸ ਦਾ ਹਿੱਸਾ ਬਣੇ ਤਾਂ ਹੁਣ ਉਸਨੂੰ ਕੋਸਣ ਦੀ ਕੀ ਤੁਕ? ਅਖਿਲੇਸ਼ ਯਾਦਵ ਨੂੰ ਪੁੱਛਿਆ ਜਾ ਸਕਦਾ ਹੈ ਕਿ ਗਠਜੋੜ ਦੇ ਸੰਯੋਜਕ ਨੀਤੀਸ਼ ਕੁਮਾਰ ਦੀ ਗਰੰਟੀ ਕਿਸ ਨੇ ਲਈ ਸੀ? ਨੀਤੀਸ਼ ਨੇ ਵੀ ਦੇਖ ਲਿਆ ਸੀ ਕਿ ਦਲਿਤ ਵੋਟ ਨਾ ਹੋਣ ਕਾਰਨ ਭਾਜਪਾ ਹੀ ਜਿੱਤੇਗੀ। ਇਸ ਲਈ ਉਸ ਨੇ ਹਾਰਨ ਵਾਲ਼ਿਆਂ ਨੂੰ ਛੱਡ ਦਿੱਤਾ।

ਦੂਸਰੀ ਗੱਲ ਕਿਸੇ ਵੀ ਸਿਆਸੀ ਦਲ ਨੇ ਚੋਣਾਂ ਲੜ ਕੇ ਉਸਨੂੰ ਪ੍ਰਾਪਤ ਹੋਈਆਂ ਵੋਟਾਂ ਰਾਹੀਂ ਹੀ ਆਪਣੀ ਤਾਕਤ ਦਿਖਾਉਣੀ ਹੁੰਦੀ ਹੈ। ਜਿੱਤ ਹਾਰ ਵੱਖਰੀ ਚੀਜ਼ ਹੈ। ਵੱਡੀ ਗੱਲ ਉਸਨੂੰ ਪ੍ਰਾਪਤ ਹੋਈਆਂ ਵੋਟਾਂ ਤੋਂ ਹੁੰਦੀ ਹੈ। ਬਸਪਾ ਜੇ ਜਿੱਤੀ ਨਹੀਂ ਤਾਂ ਕੀ ਉਸਨੂੰ ਦੂਜਿਆਂ ਦੀਆਂ ਵੋਟਾਂ ਕੱਟੇ ਜਾਣ ਦੇ ਡਰੋਂ ਚੋਣ ਹੀ ਨਹੀਂ ਲੜਨੀ ਚਾਹੀਦੀ ਸੀ? ਇਸ ਦੇ ਨਾ਼ਲ ਹੀ ਕਾਂਗਰਸ ਨੇ ਖ਼ੁਦ ਸਭ ਸੂਬਿਆਂ ਵਿੱਚ ਚੋਣਾਂ ਲੜੀਆਂ। ਕੀ ਇਹਨਾਂ ਸਭ ਵਿੱਚ ਉਸਨੇ ਜਿੱਤ ਪ੍ਰਾਪਤ ਕੀਤੀ ਹੈ? ਜਵਾਬ ਹੋਵੇਗਾ ਨਹੀਂ। ਦਿੱਲੀ, ਤ੍ਰਿਪੁਰਾ, ਉੱਤਰਾਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਆਂਧਰ ਪ੍ਰਦੇਸ਼, ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਅਰੁਣਾਚਲ ਪ੍ਰਦੇਸ਼ ਆਦਿ 9 ਸੂਬਿਆਂ ਵਿੱਚ ਕਾਂਗਰਸ ਨੂੰ ਇੱਕ ਵੀ ਸੀਟ ਹਾਸਲ ਨਹੀਂ ਹੋਈ। ਇਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਦਾ ਗੁਜਰਾਤ ਵਿੱਚ ਕੋਈ ਅਧਾਰ ਨਹੀਂ ਸੀ ਪਰ ਉਸਨੇ ਉੱਥੇ ਵਿਧਾਨ ਸਭਾ ਚੋਣਾਂ ਲੜੀਆਂ ਸਨ ਅਤੇ ਕਾਂਗਰਸ ਦੀਆਂ ਵੋਟਾਂ ਕੱਟ ਕੇ ਭਾਜਪਾ ਨੂੰ ਜਿੱਤਣ ਵਿੱਚ ਸਹਾਇਤਾ ਕੀਤੀ ਸੀ। ਕੀ ਉਸ ਨੂੰ ਵੋਟ ਕੱਟਣ ਵਾ਼ਲੀ ਪਾਰਟੀ ਦਾ ਫ਼ਤਵਾ ਦਿੱਤਾ ਜਾਵੇਗਾ? ਇਉਂ ਨਹੀਂ ਹੋਵੇਗਾ। ਕਿਉਂਕਿ ਉਸ ਦੀ ਕਮਾਨ ਉੱਚ ਜਾਤੀਆਂ ਕੋ਼ਲ ਹੈ। ਨਿਸ਼ਾਨਾ ਤਾਂ ਸਿਰਫ਼ ਦਲਿਤ ਵਰਗ ਦੀ ਅਗਵਾਈ ਵਾ਼ਲੀਆਂ ਪਾਰਟੀਆਂ ਨੂੰ ਹੀ ਬਣਾਇਆ ਜਾਣਾ ਹੁੰਦਾ ਹੈ।

ਇਸ ਤੋਂ ਅਗਲੀ ਗੱਲ ਉੱਤਰ ਪ੍ਰਦੇਸ਼ ਦੀਆਂ ਹੀ 31 ਸੀਟਾਂ ਐਸੀਆਂ ਵੀ ਹਨ ਜਿੱਥੇ ਗਠਬੰਧਨ ਦੇ ਉਮੀਦਵਾਰ ਜੇਤੂ ਰਹੇ। ਇਹਨਾਂ ਸੀਟਾਂ ਉੱਪਰ ਵੀ ਭਾਵੇਂ ਬਸਪਾ ਦੇ ਉਮੀਦਵਾਰ ਤੀਜੇ ਨੰਬਰ 'ਤੇ ਰਹੇ ਪਰ ਇੱਥੇ ਵੀ ਜਿੱਤਣ ਵਾ਼ਲੇ ਉਮੀਦਵਾਰਾਂ ਦੁਆਰਾ ਪ੍ਰਾਪਤ ਕੀਤੀਆਂ ਵੋਟਾਂ ਦਾ ਮਾਰਜਨ ਉੱਨਾਂ ਨਹੀਂ ਸੀ ਜਿੰਨੀਆਂ ਵੋਟਾਂ ਬਸਪਾ ਦੇ ਉਮੀਦਵਾਰਾਂ ਨੇ ਪ੍ਰਾਪਤ ਕੀਤੀਆਂ ਸਨ। ਇੱਥੇ ਭਾਜਪਾ ਵਾ਼ਲੇ ਕਹਿ ਰਹੇ ਹਨ ਕਿ ਬਸਪਾ ਦੇ ਉਮੀਦਵਾਰਾਂ ਕਾਰਨ ਹੀ ਉਹਨਾਂ ਦੀ ਹਾਰ ਹੋਈ ਹੈ। ਉਹ ਕਹਿ ਰਹੇ ਹਨ ਕਿ ਜੇਕਰ ਬਸਪਾ ਨਾ ਹੁੰਦੀ ਤਾਂ ਮੋਦੀ ਜੀ ਨੂੰ ਦੁਬਾਰਾ 280 ਸੀਟਾਂ ਲੈ ਕੇ ਆਪਣੇ ਦਮ 'ਤੇ ਸਰਕਾਰ ਬਣਾਉਣ ਤੋਂ ਕੋਈ ਰੋਕ ਨਹੀਂ ਸਕਦਾ ਸੀ। ਇਸ ਦਾ ਮਤਲਬ ਇਹ ਹੋਇਆ ਕਿ ਸਾਰੇ ਦਲ ਚਾਹੁੰਦੇ ਹਨ ਕਿ ਦਲਿਤ ਵਰਗ ਦੀ ਵੋਟ ਤਾਂ ਉਹਨਾਂ ਨੂੰ ਪੈ ਜਾਵੇ ਪਰ ਦਲਿਤ ਵਰਗ ਨੂੰ ਹਿੱਸੇਦਾਰੀ ਦੇਣ ਤੋਂ ਸਭ ਕੰਨੀ ਕਤਰਾਉਂਦੇ ਹਨ। ਇਸ ਕਰਕੇ ਸਾਰੇ ਦਲ ਹੀ ਬਸਪਾ ਨੂੰ ਆਪਣੇ ਰਾਹ ਦਾ ਰੋੜਾ ਮੰਨ ਰਹੇ ਹਨ। ਇਸ ਕੇ ਨਾ਼ਲ ਹੀ ਉਹ ਖ਼ੁਦ ਮਹਿਸੂਸ ਕਰ ਰਹੇ ਹਨ ਕਿ ਬਸਪਾ ਕਿਸੇ ਦੀ ਵੀ ਖੇਡ ਵਿਗਾੜ ਜਾਂ ਸੁਆਰ ਸਕਣ ਦੀ ਸਮਰੱਥਾ ਰੱਖਦੀ ਹੈ। ਆਮ ਆਦਮੀ ਪਾਰਟੀ ਦੇ ਛੋਟੇ ਪੱਧਰ ਦੇ ਆਗੂ ਵੀ ਵਹਿੰਦੀ ਗੰਗਾ ਵਿੱਚ ਹੱਥ ਧੋਣ ਵਾਂਗ ਬਸਪਾ ਦੁਆਰਾ ਗਠਜੋੜ ਨਾ ਕੀਤੇ ਜਾਣ 'ਤੇ ਟਿੱਪਣੀ ਕਰ ਰਹੇ ਹਨ। ਜੇ ਸੁਆਲ ਕਰੋ ਕਿ ਦਿੱਲੀ ਵਿੱਚ ਤਾਂ ਤੁਹਾਡਾ ਗਠਜੋੜ ਸੀ ਅਤੇ ਉੱਥੇ ਤੁਹਾਡੀ ਬਹੁਮਤ ਨਾ਼ਲ ਚੱਲ ਰਹੀ ਸਰਕਾਰ ਵੀ ਹੈ ਜਿਸਨੂੰ ਤੁਸੀਂ ਆਦਰਸ਼ ਸਰਕਾਰ ਮੰਨਦੇ ਹੋ ਪਰ ਉੱਥੇ ਵੀ ਤੁਹਾਡੇ ਗਠਜੋੜ ਨੂੰ ਕੋਈ ਸੀਟ ਕਿਉਂ ਨਹੀਂ ਆਈ? ਤਾਂ ਕੋਈ ਜਵਾਬ ਨਹੀਂ ਦੇ ਸਕੇਗਾ।

ਇਹ ਸੀ ਕਿਸੇ ਦਲ ਨੂੰ ਪਈਆਂ ਵੋਟਾਂ ਦੀ ਗੱਲ। ਪਰ ਇੱਥੇ ਮਾਮਲਾ ਹੋਰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਬਾਮਸੇਫ ਦੇ ਕੱਦਾਵਰ ਮੰਨੇ ਜਾਂਦੇ ਆਗੂ ਸ਼੍ਰੀ ਵਾਮਨ ਮੇਸ਼ਰਾਮ ਇਸ ਸੰਬੰਧੀ ਕਹਿੰਦੇ ਹਨ ਕਿ ਮੋਦੀ ਦਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਵੋਟ ਚੋਰੀ ਦਾ ਮਾਮਲਾ ਹੈ। ਉਹਨਾਂ ਕਿਹਾ ਕਿ ਵਾਰਾਣਸੀ ਵਿੱਚ ਨਰਿੰਦਰ ਮੋਦੀ ਦੇ ਚੋਣ ਖੇਤਰ ਵਿੱਚ 11 ਲੱਖ ਲੋਕਾਂ ਨੇ ਵੋਟ ਪਾਏ ਪਰ ਗਿਣਤੀ ਦੌਰਾਨ ਈ.ਵੀ.ਐਮ. ਵਿੱਚੋਂ 12 ਲੱਖ 87 ਹਜ਼ਾਰ ਵੋਟ ਨਿਕ਼ਲੇ। ਉਹਨਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਲਿਖਤੀ ਤੌਰ 'ਤੇ ਦਿੱਤਾ ਗਿਆ ਕਿ 373 ਲੋਕ ਸਭਾ ਵਿੱਚ ਜਿੰਨੇ ਲੋਕਾਂ ਨੇ ਵੋਟਾਂ ਪਾਈਆਂ ਉਸਤੋਂ ਜ਼ਿਆਦਾ ਵੋਟਾਂ ਨਿੱਕ਼ਲੀਆਂ। ਇਸ ਤਰ੍ਹਾਂ ਉਹਨਾਂ ਦੀ ਸਮਝ ਅਨੁਸਾਰ ਘੁਟਾ਼ਲਾ ਕਰਕੇ ਹੀ ਭਾਜਪਾ ਨੂੰ 240 ਸੀਟਾਂ ਆਈਆਂ। ਨਹੀਂ ਤਾਂ ਭਾਜਪਾ 100 ਸੀਟਾਂ 'ਤੇ ਸਿਮਟ ਗਈ ਹੁੰਦੀ।

ਹੁਣ ਕਿਸ ਨੂੰ ਸਹੀ ਮੰਨੀਏ? ਇੰਡੀਆ ਗਠਬੰਧਨ ਦੇ ਨੇਤਾਵਾਂ ਦੇ ਤਰਕ ਨੂੰ ਜਾਂ ਬਾਮਸੇਫ ਆਗੂ ਵਾਮਨ ਮੇਸ਼ਰਾਮ ਦੇ ਤਰਕ ਨੂੰ? ਵਾਮਨ ਮੇਸ਼ਰਾਮ ਦਾ ਤਰਕ ਅੱਖਾਂ ਬੰਦ ਕਰਕੇ ਰੱਦ ਨਹੀਂ ਕੀਤਾ ਜਾ ਸਕਦਾ। ਉਹ ਲੰਬੇ ਸਮੇਂ ਤੋਂ ਈ.ਵੀ.ਐਮ. ਵਿਰੋਧੀ ਮੁਹਿੰਮ ਚਲਾ ਰਹੇ ਹਨ। ਭਾਜਪਾ ਖ਼ੁਦ ਵੀ ਈ.ਵੀ.ਐਮ. ਦੇ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਗਈ ਸੀ। ਉਸਦੇ ਆਗੂ ਅਤੇ ਉੱਘੇ ਵਕੀਲ ਸੁਬਰਾਮਣੀਅਮ ਸਵਾਮੀ ਨੇ ਈ.ਵੀ.ਐਮ. ਰਾਹੀਂ ਹੋਣ ਵਾ਼ਲੇ ਘਪ਼ਲੇ ਦੇ ਸਬੂਤ ਵੀ ਲੱਭ ਲਏ ਸਨ। ਪਰ ਫਿਰ ਅਚਾਨਕ ਦ੍ਰਿਸ਼ ਬਦਲ ਗਿਆ ਅਤੇ ਉਹ ਸਬੂਤ ਕੋਰਟ ਵਿੱਚ ਪੇਸ਼ ਨਹੀਂ ਕੀਤੇ ਗਏ। ਫਿਰ ਭਾਜਪਾ ਸੱਤਾ ਵਿੱਚ ਆ ਗਈ। ਮੰਨਿਆ ਜਾ ਰਿਹਾ ਹੈ ਕਿ ਇਸ ਸੰਬੰਧੀ ਕਾਂਗਰਸ ਅਤੇ ਭਾਜਪਾ ਵਿੱਚ ਸੌਦੇਬਾਜ਼ੀ ਹੋਈ ਸੀ। ਫਿਰ ਜਦੋਂ ਸਭ ਕੁੱਝ ਭਾਜਪਾ ਦੇ ਹੱਥ ਵਿੱਚ ਚਲਾ ਗਿਆ ਤਾਂ ਮਾਰ ਖਾ ਕੇ ਵੀ ਕਾਂਗਰਸ ਈ.ਵੀ.ਐਮ. ਦੇ ਖ਼ਿਲਾਫ਼ ਕੁੱਝ ਨਾ ਬੋਲ ਸਕੀ ਕਿਉਂਕਿ ਈ.ਵੀ.ਐਮ. ਨੂੰ ਲਿਆਉਣ ਵਾ਼ਲੀ ਕਾਂਗਰਸ ਖ਼ੁਦ ਸੀ। ਅਖੇ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।

ਪਰ ਜਦੋਂ ਹੁਣ ਮੁੰਬਈ ਦੇ ਇੱਕ ਅਖਬਾਰ ਵਿੱਚ ਵੋਟਾਂ ਦੀ ਗਿਣਤੀ ਦੌਰਾਨ ਈ.ਵੀ.ਐਮ. ਨਾ਼ਲ ਛੇੜਛਾੜ ਬਾਰੇ ਇੱਕ ਖ਼ਬਰ ਪ੍ਰਕਾਸ਼ਿਤ ਹੋਈ ਤਾਂ ਕਾਂਗਰਸ ਦੇ ਆਗੂ ਸ਼੍ਰੀ ਰਾਹੁਲ ਗਾਂਧੀ ਵੀ ਈ.ਵੀ.ਐਮ. ਦੀ ਭਰੋਸੇਯੋਗਤਾ ਨੂੰ ਸ਼ੱਕੀ ਦੱਸਣ ਲਈ ਮਜ਼ਬੂਰ ਹੋਏ। ਉਹਨਾਂ ਨੇ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਈ.ਵੀ.ਐਮ. ਬਲੈਕ ਬਾਕਸ ਹਨ, ਕਿਸੇ ਨੂੰ ਵੀ ਉਹਨਾਂ ਦੀ ਜਾਂਚ ਕਰਨ ਦੀ ਇਜਾਜ਼ਤ ਨਹੀਂ ਹੈ। ਸ਼੍ਰੀ ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ, "ਜਦੋਂ ਸੰਸਥਾਵਾਂ 'ਚ ਜਵਾਬਦੇਹੀ ਨਹੀਂ ਹੁੰਦੀ ਤਾਂ ਲੋਕਤੰਤਰ ਇੱਕ ਧੋਖਾ ਬਣ ਜਾਂਦਾ ਹੈ ਅਤੇ ਹੇਰਾਫੇਰੀ ਦੀ ਸੰਭਾਵਨਾ ਵਧ ਜਾਂਦੀ ਹੈ।" ਸ਼੍ਰੀ ਰਾਹੁਲ ਗਾਂਧੀ ਨੇ ਮੁੰਬਈ ਦੀ ਅਖ਼ਬਾਰ ਦੀ ਉਸ ਖ਼ਬਰ 'ਤੇ ਟਿੱਪਣੀ ਕੀਤੀ ਸੀ ਜਿਸ ਦੀ ਇੱਕ ਖ਼ਬਰ ਵਿੱਚ ਕਿਹਾ ਗਿਆ ਸੀ ਕਿ ਮੁੰਬਈ ਦੀ ਉੱਤਰ-ਪੱਛਮੀ ਸੀਟ ਤੋਂ 48 ਵੋਟਾਂ ਨਾ਼ਲ ਜਿੱਤਣ ਵਾ਼ਲੇ ਸ਼ਿਵ ਸੈਨਾ ਉਮੀਦਵਾਰ ਦੇ ਇੱਕ ਰਿਸ਼ਤੇਦਾਰ ਕੋ਼ਲ ਇੱਕ ਅਜਿਹਾ ਫ਼ੋਨ ਹੈ ਜੋ ਈ.ਵੀ.ਐਮ. ਨਾ਼ਲ ਛੇੜਛਾੜ ਕਰ ਸਕਦਾ ਸੀ। ਸ਼੍ਰੀ ਰਾਹੁਲ ਗਾਂਧੀ ਨੇ ਅਮਰੀਕੀ ਉਦਯੋਗਪਤੀ ਐਲਨ ਮਸਕ ਦੁਆਰਾ ਈ.ਵੀ.ਐਮ. ਹਟਾਉਣ ਦੀ ਮੰਗ ਕਰਨ ਵਾ਼ਲੀ ਪੋਸਟ ਵੀ ਸਾਂਝੀ ਕੀਤੀ ਸੀ। ਸਮਾਜਵਾਦੀ ਪਾਰਟੀ ਦੇ ਮੁਖੀ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼੍ਰੀ ਅਖਿਲੇਸ਼ ਯਾਦਵ ਨੇ ਵੀ ਈ.ਵੀ.ਐਮ. ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕਦਿਆਂ ਮੰਗ ਕੀਤੀ ਹੈ ਕਿ ਭਵਿੱਖ ਵਿੱਚ ਸਾਰੀਆਂ ਚੋਣਾਂ ਬੈਲਟ ਪੇਪਰਾਂ ਰਾਹੀਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਉਹਨਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਰਾਹੀਂ ਕਿਹਾ, "ਤਕਨਾਲੋਜੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੁੰਦੀ ਹੈ, ਪਰ ਜੇ ਇਹ ਮੁਸ਼ਕਲਾਂ ਦਾ ਕਾਰਨ ਬਣ ਜਾਂਦੀ ਹੈ ਤਾਂ ਇਸ ਦੀ ਵਰਤੋਂ ਬੰਦ ਕੀਤੀ ਜਾਣੀ ਚਾਹੀਦੀ ਹੈ।"

ਇਹ ਸਭ ਹੋਣ ਦੇ ਬਾਵਜੂਦ ਵੀ ਬਸਪਾ ਦੇ ਆਗੂਆਂ ਨੂੰ 'ਨੋ ਆਬਜੈਕਸ਼ਨ ਸਰਟੀਫਿਕੇਟ' ਨਹੀਂ ਦਿੱਤਾ ਜਾ ਸਕਦਾ। ਜਿੰਨੇ ਸਿਰਤੋੜ ਯਤਨ ਰਾਹੁਲ ਗਾਂਧੀ ਨੇ ਕਾਂਗਰਸ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਕੀਤੇ ਉਸਤੋਂ ਅੱਧੇ ਯਤਨ ਵੀ ਬਸਪਾ ਦੇ ਨੇਤਾਵਾਂ ਵੱਲੋਂ ਨਹੀਂ ਹੋਏ। ਰਾਹੁਲ ਗਾਂਧੀ ਨੇ ਸਾਹਿਬ ਕਾਂਸ਼ੀ ਰਾਮ ਜੀ ਦੁਆਰਾ ਵਰਤੇ ਜਾਂਦੇ ਤਰੀਕਿਆਂ ਅਤੇ ਨਾਅਰਿਆਂ ਨੂੰ ਵਰਤਿਆ ਅਤੇ ਸਫ਼ਲਤਾ ਹਾਸਲ ਕੀਤੀ। ਕਾਂਗਰਸ ਨੇ ਆਮ ਲੋਕਾਂ ਨੂੰ ਜਾਤੀ ਜਨਗਣਨਾ ਕਰਵਾਉਣ, ਰਾਖਵਾਂਕਰਣ ਦੇਣ, ਸਮਾਜਿਕ ਨਿਆਂ, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਆਦਿ ਦੀ ਦੁਹਾਈ ਦਿੱਤੀ। ਇਹ ਸਭ ਮੁੱਦੇ ਬਸਪਾ ਨੂੰ ਉਠਾਉਣੇ ਚਾਹੀਦੇ ਸਨ। ਪਰ ਇਹ ਕਾਂਗਰਸ ਵੱਲੋਂ ਹਥਿਆ ਲਏ ਗਏ। ਉਵੇਂ ਜਿਵੇਂ ਰਾਜੀਵ ਗਾਂਧੀ ਦੁਆਰਾ 1989 ਦੀ ਚੋਣ ਦੌਰਾਨ ਅਯੁੱਧਿਆ ਵਿੱਚ ਜਾ ਕੇ 'ਰਾਮ ਲੱਲਾ ਹਮ ਆਏਂਗੇ, ਮੰਦਿਰ ਯਹੀਂ ਬਨਾਏਂਗੇ' ਦਾ ਨਾਅਰਾ ਲਾ ਕੇ ਚੋਣ ਦਾ ਐਲਾਨ ਕੀਤਾ ਸੀ ਪਰ ਪਿੱਛੋਂ ਇਹੀ ਮੁੱਦਾ ਭਾਜਪਾ ਨੇ ਹਥਿਆ ਲਿਆ ਅਤੇ ਸਫ਼ਲਤਾ ਹਾਸਲ ਕੀਤੀ। ਜੇ ਕਿਤੇ ਇਹਨਾਂ ਚੋਣਾਂ ਵਿੱਚ ਬਸਪਾ ਨੇ ਆਪਣੇ ਮੁੱਖ ਮੁੱਦਿਆਂ ਨੂੰ ਜ਼ੋਰ ਸ਼ੋਰ ਨਾ਼ਲ ਕਾਂਗਰਸ ਤੋਂ ਵੱਧ ਉਭਾਰਿਆ ਹੁੰਦਾ ਤਾਂ ਇਸ ਤਰ੍ਹਾਂ ਹਾਰ ਨਾ ਹੋਈ ਹੁੰਦੀ। ਬਸਪਾ ਦੇ ਪ੍ਰਚਾਰਕ ਆਪਣਾ ਸਾਰਾ ਜ਼ੋਰ ਇਸ ਗੱਲ 'ਤੇ ਹੀ ਲਾਉਂਦੇਰਹੇ ਕਿ ਜੇਕਰ ਭਾਜਪਾ ਤੀਜੀ ਵਾਰ ਸੱਤਾ ਵਿੱਚ ਆ ਗਈ ਤਾਂ ਉਹ ਸੰਵਿਧਾਨ ਨੂੰ ਖ਼ਤਮ ਕਰ ਦੇਵੇਗੀ। ਇਹੀ ਕੁੱਝ ਇੰਡੀ ਗਠਬੰਧਨ ਵਾ਼ਲੇ ਕਹਿ ਰਹੇ ਸਨ। ਲੋਕਾਂ ਨੂੰ ਮਹਿਸੂਸ ਹੋਇਆ ਕਿ ਜੇਕਰ ਭਾਜਪਾ ਨੂੰ ਰੋਕਣਾ ਹੀ ਵੱਡੀ ਗੱਲ ਹੈ ਤਾਂ ਫਿਰ ਗਠਬੰਧਨ ਨੂੰ ਹੀ ਵੋਟ ਦੇਣਾ ਚਾਹੀਦਾ ਹੈ ਕਿਉਂਕਿ ਉਹ ਮਜ਼ਬੂਤ ਸਥਿਤੀ ਵਿੱਚ ਹੈ। ਇਸ ਕਰਕੇ ਬਸਪਾ ਨੂੰ ਪੈਣ ਵਾ਼ਲੀ ਵੋਟ ਵੀ ਵੱਡੇ ਪੱਧਰ 'ਤੇ ਇੰਡੀ ਗਠਬੰਧਨ ਵੱਲ ਖਿਸਕ ਗਈ।

ਇਸਦੇ ਨਾ਼ਲ ਹੀ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਨਵਾਂਸ਼ਹਿਰ ਦੀ ਰੈਲੀ ਦੌਰਾਨ ਲੱਖਾਂ ਰੁਪਏ ਦੀ ਕੀਮਤ ਦਾ ਸੋਨੇ ਦਾ ਮੁਕਟ (ਤਾਜ) ਬਸਪਾ ਸੁਪਰੀਮੋ ਭੈਣ ਮਾਇਆਵਤੀ ਜੀ ਨੂੰ ਭੇਂਟ ਕੀਤਾ ਗਿਆ। ਇਹ ਰੁਪਏ ਉਮੀਦਵਾਰਾਂ ਤੋਂ ਲਏ ਗਏ ਸਨ। ਜੇ ਇਹੀ ਪੈਸੇ ਉਮੀਦਵਾਰਾਂ ਨੂੰ ਉਹਨਾਂ ਦੇ ਚੋਣ ਪ੍ਰਚਾਰ 'ਤੇ ਖਰਚਣ ਦਿੱਤੇ ਗਏ ਹੁੰਦੇ ਤਾਂ ਉਹਨਾਂ ਨੂੰ ਚੋਣ ਲੜਨ ਵਿੱਚ ਹੋਰ ਅਸਾਨੀ ਹੁੰਦੀ ਅਤੇ ਵੋਟ ਫ਼ੀਸਦ ਵਿੱਚ ਵੀ ਕੁਛ ਵਾਧਾ ਹੁੰਦਾ। ਕਿਸੇ ਲੀਡਰ ਨੂੰ ਸੋਨੇ ਦਾ ਮੁਕਟ ਭੇਂਟ ਕਰਨ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਫ਼ਾਇਦਾ ਤਾਂ ਆਪਣੇ ਲੀਡਰ ਨੂੰ ਸੀਟਾਂ ਦੇਣ ਦਾ ਹੁੰਦਾ ਹੈ। ਪਰ ਅਸੀਂ ਤਾਂ ਮੁਕਟ ਦੇ ਕੇ ਹੀ ਬਾਗੋ ਬਾਗ ਹੋ ਗਏ। ਇਹ ਮੁਕਟ ਹੁਣ ਕਿਸੇ ਸ਼ੋਅਕੇਸ ਦਾ ਹਿੱਸਾ ਬਣ ਕੇ ਰਹਿ ਜਾਵੇਗਾ ਜੋ ਕਿ ਮੂਵਮੈਂਟ ਦੇ ਕਿਸੇ ਵੀ ਕੰਮ ਨਹੀਂ ਆ ਸਕੇਗਾ। ਵੈਸੇ ਵੀ ਇਹ ਰਸਤਾ ਨਾਇਕ ਪੂਜਾ ਵੱਲ ਜਾਂਦਾ ਹੈ। ਇਸ ਤੋਂ ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਪੈਰੋਕਾਰਾਂ ਨੂੰ ਵਰਜਿਆ ਸੀ। ਅਸੀਂ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਾਂ ਕਿ ਬਾਬਾ ਸਾਹਿਬ ਦੀ ਵੀ ਨਹੀਂ ਮੰਨਦੇ।

ਜਿਹੜੇ ਲੋਕ ਬਸਪਾ ਨੂੰ ਜ਼ੀਰੋ ਮਿਲਣ 'ਤੇ ਖੁਸ਼ੀ ਮਹਿਸੂਸ ਕਰ ਰਹੇ ਹਨ ਉਹਨਾਂ ਨੂੰ ਵੀ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਲੈ ਦੇ ਕੇ ਭਾਰਤ ਵਿੱਚ ਦੱਬੇ-ਕੁਚ਼ਲੇ ਲੋਕਾਂ ਦੀ ਅਜੇ ਤੱਕ ਵੀ ਇੱਕੋ ਹੀ ਪਾਰਟੀ ਹੈ ਜਿਸਦੀ ਕੌਮੀ ਪੱਧਰ 'ਤੇ ਥੋੜ੍ਹੀ-ਬਹੁਤੀ ਹੋਂਦ ਹੈ। ਅਜੇ ਤੱਕ ਕੋਈ ਵੀ ਐਸਾ ਨੇਤਾ ਨਹੀਂ ਦਿਖਾਈ ਦੇ ਰਿਹਾ ਜਿਸਨੂੰ ਪੂਰੇ ਦੇਸ਼ ਦੇ ਦੱਬੇ-ਕੁਚ਼ਲੇ ਲੋਕ ਆਪਣਾ ਨੇਤਾ ਮੰਨਦੇ ਹੋਣ। ਇਸਦੇ ਨਾ਼ਲ ਹੀ ਜਿਹੜੇ ਲੋਕ ਅਖਿਲੇਸ਼ ਯਾਦਵ ਨੂੰ 37 ਸੀਟਾਂ ਮਿਲਣ ਨਾ਼ਲ ਸਮਝ ਰਹੇ ਹਨ ਕਿ ਸ਼ਾਇਦ ਇਨਕਲਾਬ ਆ ਗਿਆ ਹੈ ਤਾਂ ਉਹ ਵੀ ਯਾਦ ਰੱਖਣ ਕਿ ਬਸਪਾ ਦੀ ਸਰਕਾਰ ਨੇ ਲਖਨਊ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਦੇ ਨਾਂਅ 'ਤੇ ਜੋ ਏਸ਼ੀਆ ਦਾ ਸਭ ਤੋਂ ਵੱਡਾ ਪਾਰਕ ਬਣਾਇਆ ਸੀ, ਅਖਿਲੇਸ਼ ਨੇ ਸਰਕਾਰ ਬਣਦੇ ਹੀ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਪਾਰਕ ਦਾ ਬੋਰਡ ਉਖਾੜ ਕੇ ਸੁੱਟ ਦਿੱਤਾ ਅਤੇ ਉਸਦਾ ਨਾਂਅ "ਜਨੇਸ਼ਵਰ ਮਿਸ਼ਰਾ ਪਾਰਕ" ਰੱਖ ਦਿੱਤਾ। ਬੇਘਰੇ ਗ਼ਰੀਬ ਲੋਕਾਂ ਲਈ ਛੋਟੇ ਵੱਡੇ ਸ਼ਹਿਰਾਂ ਵਿੱਚ ਬਣਾਏ ਜਾ ਰਹੇ ਮਾਨਿਆਵਰ ਸ਼ਹਿਰੀ ਆਵਾਸ ਨੂੰ ਅਖਿਲੇਸ਼ ਨੇ ਆਉਣ ਸਾਰ ਰੋਕ ਦਿੱਤਾ। ਤਰੱਕੀ ਵਿੱਚ ਰਾਖਵਾਂਕਰਣ ਦੇ ਬਿਲ ਨੂੰ ਕੇਂਦਰੀ ਮੰਤਰੀ ਤੋਂ ਖੋਹ ਕੇ ਅਖਿਲੇਸ਼ ਦੀ ਪਾਰਟੀ ਦੇ ਸੰਸਦ ਮੈਂਬਰ ਨੇ ਹੀ ਪਾੜਿਆ ਸੀ।

ਇਸ ਤਰ੍ਹਾਂ ਦੀ ਹਰਕਤ ਪਾਰਟੀ ਸੁਪਰੀਮੋ ਦੀ ਸ਼ਹਿ ਤੋਂ ਬਿਨਾਂ ਨਹੀਂ ਹੋ ਸਕਦੀ। ਦਲਿਤ ਵਰਗ ਦੇ ਖ਼ਿਲਾਫ਼ ਖੁੱਲ੍ਹੇਆਮ ਭੁਗਤਣ ਵਾ਼ਲੇ ਕਦੋਂ ਕੁ ਤੋਂ ਦਲਿਤ ਵਰਗ ਦੇ ਹਮਾਇਤੀ ਹੋ ਗਏ? ਪੰਜਾਬ ਵਿੱਚ ਵੀ ਕੁੱਝ ਅੰਬੇਡਕਰੀ ਐਸੇ ਹਨ ਜਿਹੜੇ ਅਰਵਿੰਦ ਕੇਜਰੀਵਾਲ ਵਿੱਚ ਬਾਬਾ ਸਾਹਿਬ ਦੀ ਰੂਹ ਦੇਖਦੇ ਹਨ। ਦਿੱਲੀ ਸਰਕਾਰ ਦੇ ਮੰਤਰੀ ਰਜਿੰਦਰ ਗੌਤਮ ਨੂੰ 22 ਪ੍ਰਤਿੱਗਿਆਵਾਂ ਦੁਹਰਾਉਣ ਦੇ ਦੋਸ਼ ਵਿੱਚ ਮੰਤਰੀ ਮੰਡਲ ਤੋਂ ਅਸਤੀਫ਼ਾ ਦੇਣ ਲਈ ਮਜ਼ਬੂਰ ਕਰਨ ਦੇ ਬਾਵਜੂਦ ਵੀ ਉਹਨਾਂ ਦੀ ਨਜ਼ਰ ਵਿੱਚ ਕੇਜਰੀਵਾਲ ਦਾ ਇਹ ਅਕਸ ਬਰਕਰਾਰ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੁਣ ਤੱਕ ਦਲਿਤ ਵਰਗ ਦੇ ਖ਼ਿਲਾਫ਼ ਭੁਗਤਣ ਦੇ ਬਾਵਜੂਦ ਉਹਨਾਂ ਦਾ ਅਜੇ ਵੀ ਝਾੜੂ ਉੱਪਰ ਹੀ ਭਰੋਸਾ ਬਣਿਆ ਹੋਇਆ ਹੈ ਅਤੇ ਉਹ ਖ਼ੁਸ਼ ਹੋ ਕੇ ਦੱਸਦੇ ਹਨ ਕਿ ਅਸੀਂ ਝਾੜੂ ਨੂੰ ਵੋਟ ਪਾਈ ਹੈ। ਕਾਂਗਰਸ ਦੇ ਮੁੜ ਉਭਾਰ ਵਿੱਚ ਹੋਰ ਗੱਲਾਂ ਦੇ ਨਾ਼ਲ-ਨਾ਼ਲ ਉਸ ਵੱਲੋਂ ਔਰਤਾਂ ਨੂੰ ਲਾਲਚ ਦਿੱਤੇ ਜਾਣ ਦੇ ਲਾਲਚ ਦਾ ਵੀ ਅਹਿਮ ਰੋਲ ਰਿਹਾ ਹੈ। ਪਰ ਸਾਡੇ ਕੁੱਝ ਲੋਕ ਕਹਿੰਦੇ ਹਨ ਕਿ ਕਾਂਗਰਸ ਭਾਜਪਾ ਨਾ਼ਲੋਂ ਤਾਂ ਚੰਗੀ ਹੈ। ਜੇਕਰ ਕਾਂਗਰਸ ਚੰਗੀ ਸੀ ਤਾਂ ਸਾਹਿਬ ਕਾਂਸ਼ੀ ਰਾਮ ਜੀ ਨੂੰ ਕੀ ਲੋੜ ਸੀ ਨਵੀਂ ਪਾਰਟੀ ਬਣਾਉਣ ਦੀ? ਬਾਬਾ ਸਾਹਿਬ ਨੇ ਤਾਂ ਖੁੱਲ੍ਹਾ ਕਿਹਾ ਸੀ ਕਿ ਕਾਂਗਰਸ ਇੱਕ ਜ਼ਲਦਾ ਹੋਇਆ ਘਰ ਹੈ। ਇਸ ਦੇ ਦੋ ਆਨੇ ਦੇ ਮੈਂਬਰ ਵੀ ਨਾ ਬਣਨਾ। ਸਾਹਿਬ ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ ਕਿ ਜਦੋਂ ਕਾਂਗਰਸ ਦਾ ਸੂਰਜ ਅਸਤ ਹੋਵੇਗਾ ਤਾਂ ਭਾਜਪਾ ਦਾ ਬੋਲਬਾਲਾ ਹੋਵੇਗਾ। ਜਦੋਂ ਭਾਜਪਾ ਦੀ ਚੜ੍ਹਤ ਘਟੇਗੀ ਤਾਂ ਬਹੁਜਨ ਸਮਾਜ ਪਾਰਟੀ ਬਦਲ ਬਣ ਸਕਦੀ ਹੈ। ਪਰ ਸਾਡੇ ਇਹਨਾਂ ਅੰਬੇਡਕਰੀਆਂ ਨੂੰ ਕਾਂਗਰਸ ਚੰਗੀ ਲੱਗਦੀ ਹੈ। ਇਹੀ ਕਾਰਨ ਹੈ ਕਿ ਕਾਂਗਰਸ ਨੂੰ ਮੁੜ ਆਕਸੀਜਨ ਮਿ਼ਲੀ ਹੈ। ਇਹਨਾਂ ਵੀਰਾਂ ਭੈਣਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਰਗ ਨੂੰ ਵੀ ਰਾਜ-ਭਾਗ ਦੇ ਦਾਅਵੇਦਾਰ ਮੰਨਣ। ਕਿਸੇ ਨੂੰ ਜਿਤਾਉਣਾ ਜਾਂ ਹਰਾਉਣਾ ਹੀ ਸਾਡਾ ਟੀਚਾ ਨਹੀਂ ਹੋਣਾ ਚਾਹੀਦਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਏ ਬਿਲਾਲ ਅਕਰਮ ਭੱਟੀ ਦਾ ਡੇਟਨ ਗੁਰਦੁਆਰਾ ਸਾਹਿਬ ਵਿਖੇ ਸੰਗਤ ਵਲੋਂ ਭਰਵਾਂ ਸਵਾਗਤ

**ਡੇਟਨ (ਓਹਾਇਓ)–** ਜਨਮ ਸਾਖੀ ਸਾਹਿਤ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਤਾਂ ਸਾਰੇ ਜਗਤ ਨੂੰ ਰੁਸ਼ਨਾਉਣ ਵਾਲੀ ਕਰਤਾਰ ਦੇ ਪਰਗਟ ਹੋਣ ਦੀ ਗਵਾਹੀ ਭਰਦੀ ਜਗਤ ਨੂੰ ਰੁਸ਼ਨਾਉਣ ਵਾਲੀ ਪਹਿਲੀ ਕਿਰਨ ਦਾਈ ਦੌਲਤਾਂ ਨੂੰ ਨਸੀਬ ਹੋਈ। ਉਸ ਤੋਂ ਬਾਦ ਸਭ ਤੋਂ ਪਹਿਲੇ ਵਿਅਕਤੀ ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੈਵੀ ਅਜ਼ਮਤ ਪਛਾਨਣ ਦਾ ਮੌਕਾ ਮਿਲਿਆ ਉਹ ਸਨ ਰਾਇ ਬੁਲਾਰ ਭੱਟੀ ਜੀ। ਉਨ੍ਹਾਂ ਨੇ ਆਪਣੀ ਅੱਧੀ ਜ਼ਮੀਨ 750 ਮੁਰੱਬੇ (18750 ਕਿਲੇ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਲਾ ਦਿੱਤੀ। ਉਨ੍ਹਾਂ ਦੀ 19ਵੀਂ ਪੀੜ੍ਹੀ 'ਚੋਂ ਰਾਏ ਬਿਲਾਲ ਅਕਰਮ ਭੱਟੀ ਪ੍ਰਵਾਰ ਸਮੇਤ ਬੀਤੇ ਦਿਨੀ ਆਪਣੇ ਅਮਰੀਕਾ ਦੇ ਦੌਰੇ 'ਤੇ ਓਹਾਇਓ ਸੂਬੇ ਪ੍ਰਸਿੱਧ ਸ਼ਹਿਰ ਸਿਨਸਿਨੈਟੀ ਅਤੇ ਡੇਟਨ ਪੁੱਜੇ ਜਿੱਥੇ ਸਿੱਖ ਭਾਈਚਾਰੇ ਨੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ।



ਬੀਤੇ ਦਿਨ ਉਹ ਸਿੱਖ ਸੋਸਾਇਟੀ ਆਫ਼ ਡੇਟਨ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਸੰਗਤ ਨਾਲ ਆਪਣੇ ਪ੍ਰਵਾਰ ਦੇ ਗੁਰੂ ਜੀ ਨਾਲ ਸਬੰਧਾਂ ਬਾਰੇ ਬੜੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਸਾਡੇ ਵਡੇਰਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੱਬੀ ਸਰੂਪ ਨੂੰ ਪਛਾਣਿਆ ਸੀ। ਉਨ੍ਹਾਂ ਨੇ ਸੰਗਤ ਨੂੰ ਆਪਣੇ ਬੱਚਿਆਂ ਸਮੇਤ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨ ਦੀਦਾਰ ਕਰਨ ਦੀ ਅਪੀਲ ਕੀਤੀ ਤਾਂ ਜੁ ਸਾਡੀ ਅੱਜ ਦੀ ਨੌਜੁਆਨ ਪੀੜੀ ਆਪਣੇ ਵਿਰਸੇ ਨਾਲ ਜੁੜੀ ਰਹੇ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਓਹਾਇਓ ਤੋਂ ਸੰਗਤਾਂ ਪਾਕਿਸਤਾਨ ਸਥਿੱਤ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਪੁੱਜਣਗੀਆਂ। ਉਨ੍ਹਾਂ ਇਸ ਸੰਬੰਧੀ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਖੱਜਲ-ਖ਼ੁਆਰੀ ਨਾ ਆਉਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਹੁਣ ਸਰਕਾਰ ਨੇ ਵਿਦੇਸ਼ ਵੱਸਦੇ ਸਿੱਖਾਂ ਲਈ ਵੀਜ਼ਾ ਵੀ ਬਹੁਤ ਅਸਾਨ ਕਰ ਦਿੱਤਾ ਹੈ। ਹੁਣ ਵੀਜ਼ਾ ਔਨ ਲਾਈਨ ਹੈ। ਇੰਟਰਨੈਟ 'ਤੇ ਤੁਸੀਂ ਅਮਰੀਕਾ ਵਿਚਲੀ ਪਾਕਿਸਤਾਨ ਦੀ ਐਮਬੈਸੀ ਦੀ ਵੈਬ ਸਾਈਟ 'ਤੇ ਅਰਜੀ ਭੇਜ ਸਕਦੇ ਹੋ। ਕੁਝ ਕੁ ਦਿਨਾਂ ਬਾਦ ਤੁਹਾਨੂੰ ਵੀਜ਼ਾ ਜਾਰੀ ਹੋ ਜਾਵੇਗਾ। ਉਨ੍ਹਾਂ ਨੇ ਪ੍ਰਵਾਰ ਸਮੇਤ ਡੇਟਨ ਦਾ ਵਿਸ਼ਵ ਪ੍ਰਸਿੱਧ ਨੈਸ਼ਨਲ ਮਿਉਜ਼ੀਅਮ ਆਫ਼ ਦਾ ਯੂਨਾਇਟਡ ਸਟੇਟ ਏਅਰ ਫੋਰਸ ਵੇਖਿਆ।

ਇਸ ਮੌਕੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਭੱਟੀ ਸਾਹਿਬ ਨਾਲ ਨੇੜਲੇ ਸਬੰਧਾਂ ਦਾ ਜਿਕਰ ਕੀਤਾ। ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਨੇ ਭੱਟੀ ਸਾਹਿਬ ਦੀ ਸਹਾਇਤਾ ਨਾਲ ਸਭ ਤੋਂ ਪਹਿਲਾਂ 2015 ਵਿਚ ਪਾਕਿਸਤਾਨ ਦਾ ਵੀਜਾ ਪ੍ਰਾਪਤ ਕੀਤਾ ਤੇ ਉਹ ਹੁਣ ਹਰ ਸਾਲ ਪਾਕਿਸਤਾਨ ਦੀ ਯਾਤਰਾ ਕਰਦੇ ਹਨ। ਉਨ੍ਹਾਂ ਨੇ ਦਸਿਆ ਕਿ ਕਈ ਲੋਕ ਕਈ ਤਰ੍ਹਾਂ ਦੇ ਸ਼ੰਕੇ ਜਾਹਿਰ ਕਰਦੇ ਹਨ ਕਿ ਉੱਥੇ ਸਫ਼ਰ ਕਰਨਾ ਬੜਾ ਖ਼ਤਰਨਾਕ ਹੈ ਜੋ ਕਿ ਗ਼ਲਤ ਹੈ। ਵਿਦੇਸ਼ੀਆਂ ਦੀ ਸੁਰੱਖਿਆ ਲਈ ਫ਼ੌਜ ਦੀ ਗੱਡੀ ਯਾਤਰੂਆਂ ਦੀ ਕਾਰ ਦੇ ਅੱਗੇ ਅੱਗੇ ਜਾਂਦੀ ਹੈ। ਸਿੱਖਾਂ ਨੂੰ ਪਾਕਿਸਤਾਨੀ ਲੋਕ ਬੜੇ ਚਾਅ ਤੇ ਸਤਿਕਾਰ ਨਾਲ ਮਿਲਦੇ ਹਨ ਤੇ ਕਈ ਆਪਣੇ ਵਡੇਰਿਆਂ ਦੇ ਪਿੰਡਾਂ ਬਾਰੇ ਪੁੱਛਦੇ ਹਨ ਜਿਹੜੇ ਕਿ ਪਹਿਲਾਂ ਦੇਸ਼ ਦੀ ਵੰਡ ਤੋਂ ਪਹਿਲਾਂ ਇਧਰ ਰਹਿੰਦੇ ਸਨ।

ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਦਰਸ਼ਨ ਸਿੰਘ ਤੇ ਭਾਈ ਹੇਮ ਸਿੰਘ ਅਤੇ ਬੱਚਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

ਇਸ ਮੌਕੇ ਪਾਕਿਸਤਾਨ ਵਿਚ ਸ਼ਾਹਮੁੱਖੀ ਵਿਚ ਛਪੀ ਪੁਸਤਕ ਗੁਰੂ ਨਾਨਕ ਸਾਹਿਬ–ਜੀਵਨ ਅਤੇ ਫ਼ਿਲਾਸਫੀ ਲੇਖਕ ਡਾ. ਕਲਿਆਣ ਸਿੰਘ ਕਲਿਆਣ, ਡਾ. ਅਜੀਤ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਤਵੰਤ ਕੌਰ ਸੰਗਤ ਵਿਚ ਰਲੀਜ਼ ਕੀਤੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੱਟੀ ਸਾਹਿਬ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਵਾਈਕਾਟੋ ਸ਼ਹੀਦੇ ਆਜ਼ਮ ਭਗਤ ਸਿੰਘ ਟਰੱਸਟ ਹਮਿਲਟਨ ਵੱਲੋਂ ਮਾਤਾਰੀਕੀ ਸਮਾਗਮ ਬੱਚਿਆਂ ਸੰਗ ਮਨਾਇਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਜਿਸ ਦੇਸ਼ ਦੇ ਵਿਚ ਰਹੀਏ ਉਸ ਦੇਸ਼ ਬਾਰੇ ਵੱਡਮੁੱਲੀ ਜਾਣਕਾਰੀ ਜੇਕਰ ਤੁਹਾਡੇ ਕੋਲ ਹੋਵੇ ਤਾਂ ਦੇਸ਼ ਦੀ ਨਮਾਇੰਦਗੀ ਕਰਨ ਦੇ ਵਿਚ ਝਿਜਕ ਪੇਸ਼ ਨਹੀਂ ਆਉਂਦੀ। ਵੱਡਿਆਂ ਅਤੇ ਬੱਚਿਆਂ ਦੇ ਲਈ ਜਾਣਕਾਰੀ ਇਕੋ ਜਿਹਾ ਕੰਮ ਕਰਦੀ ਹੈ। ਇਸੇ ਤਰ੍ਹਾਂ ਦੀ ਜਾਣਕਾਰੀ ਦੇ ਵਿਚ ਵਾਧਾ ਕਰਨ ਦੇ ਲਈ ਵਾਈਕਾਟੋ ਸ਼ਹੀਦੇ ਆਜਮ ਸ. ਭਗਤ ਸਿੰਘ ਟਰੱਸਟ ਹਮਿਲਟਨ ਵੱਲੋਂ ਮਾਤਾਰੀਕੀ ਦਿਵਸ ਸਮੱਰਪਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।





ਬੱਚਿਆਂ ਨੇ ਮਾਤਾਰੀਕੀ ਦਿਵਸ ਵਾਰੇ ਬਹੁਤ ਹੀ ਸੁੰਦਰ ਪੇਂਟਿੰਗਜ਼ ਬਣਾਈਆਂ ਜਿਨ੍ਹਾਂ ਨੇ ਸਭ ਦਾ ਮਨ ਮੋਹਿਆ। ਉਸਤੋਂ ਬਾਅਦ ਪ੍ਰੋਜੈਕਟਰ 'ਤੇ ਮਾਤਾਰੀਕੀ ਦੇ ਬਾਰੇ ਜਾਣਕਾਰੀ ਵਾਲੀਆਂ ਵੀਡਿਓਜ਼ ਦਿਖਾਈਆਂ ਗਈਆਂ ਜਿਨ੍ਹਾਂ ਨੂੰ ਹਾਜ਼ਰੀਨ ਨੇ ਬੇਹੱਦ ਪਸੰਦ ਕੀਤਾ। ਬੱਚਿਆਂ ਵੱਲੋਂ ਮਾਤਾਰੀਕੀ ਸਬੰਧੀ ਸਮੂਹਿਕ ਗੀਤ, ਹਾਕਾ ਕੀਤਾ ਗਿਆ। ਜਸਨੈਨਾਂ ਕਲਸੀ ਤੇ ਕਰਿਸਟੀ ਬਿੱਰਲਾ ਨੇ ਸੰਖੇਪ ਭਾਸ਼ਣ ਦਿੱਤਾ। ਟਰੱਸਟ ਦੇ ਪ੍ਰਧਾਨ ਸ. ਜਰਨੈਲ ਸਿੰਘ ਰਾਹੋਂ ਨੇ ਸਮਾਗਮ ਦੇ ਬਾਰੇ ਜਾਣਕਾਰੀ ਦਿੱਤੀ। ਇਸ ਸਮਾਗਮ ਨੂੰ ਮਦਨਜੀਤ ਸਿੰਘ ਬੰਗੇਂ, ਪਰਮਵੀਰ ਕੌਰ ਗਿੱਲ, ਰੁਪਿੰਦਰ ਸਿੰਘ ਵਿੱਰਕ ਤੇ ਹੈਰੀ ਭਲੂਰ ਨੇ ਵੀ ਸੰਬੋਧਨ ਕੀਤਾ ਤੇ ਮਾਤਾਰੀਕੀ ਦਿਵਸ ਯਾਨਿ ਕਿ ਮਾਓਰੀਆਂ ਦੇ ਨਵੇਂ ਸਾਲ ਸਬੰਧੀ ਮੁਬਾਰਕਾਂ ਦਿੱਤੀਆਂ। ਮਾਤਾਰੀਕੀ ਦੇ ਨਾਂਅ 'ਤੇ ਬਹੁਤ ਦਿਲਖਿਚ ਕੇਕ ਜੋ ਕਿ ਸੰਦੀਪ ਕੌਰ ਸੰਧੂ ਨੇ ਤਿਆਰ ਕੀਤਾ ਸੀ ਹਾਜ਼ਰ ਮਾਤਾਵਾਂ ਤੇ ਭੈਣਾਂ ਵੱਲੋਂ ਕੱਟਿਆ ਗਿਆ। ਬੱਚਿਆਂ ਲਈ ਕੱਪ ਕੇਕ ਬਿੱਸਕੁੱਟ ਲੌਲੀਜ ਤੇ ਸਾਰਿਆਂ ਲਈ ਲਾਈਟ ਰਫਰੈਸ਼ਮੈਂਟ ਦਾ ਟਰੱਸਟ ਵੱਲੋਂ ਪ੍ਰਬੰਧ ਕੀਤਾ ਗਿਆ ਸੀ। ਟਰੱਸਟ ਦੇ ਮੈਂਬਰਜ ਹਰਗੁੱਣਜੀਤ, ਮਨਦੀਪ ਬਰਾੜ, ਸੰਦੀਪ ਕਲਸੀ, ਹਰਜੀਤ ਕੋਰ, ਅਮਨਦੀਪ ਕੌਰ, ਗੁਰਬਾਜ ਸਿੰਘ ਸ਼ੇਖੂਪੁਰੀਆ, ਪ੍ਰਿਆ ਬਿੱਰਲਾ, ਸੰਦੀਪ ਕੌਰ ਸੰਧੂ, ਰੀਹਾ ਸੂਦ, ਤੇ ਗੁਰਪ੍ਰੀਤ ਸਿੰਘ ਢੱਡਾ ਹੋਰਾਂ ਸਾਂਝੇ ਰੂਪ ਵਿਚ ਸਮਾਗਮ ਨੂੰ ਸਫਲ ਕਰਨ ਲਈ ਆਪਣਾ ਯੋਗਦਾਨ ਪਾਇਆ। ਇਸ ਸਮੇਂ ਜਗਵਿੰਦਰ ਜਿੰਦੀਂ ਔਜਲਾ ਪ੍ਰਧਾਨ ਵਾਈਕਾਟੋ ਵਾਰੀਔਰਜ ਸਪੋਰਟ ਐਂਡ ਕੱਲਚਰ ਕਲੱਬ, ਪਰਵਿੰਦਰ ਚਾਹਲ, ਸੰਨੀ ਸਿੰਘ, ਹਰਦੀਪ ਸਿੰਘ, ਵਿਸ਼ਾਲ ਕੋਹਲੀ ਤੇ ਹਰੀਸ਼ ਬਿੱਰਲਾ ਹਾਜ਼ਿਰ ਸਨ। ਸਮਾਗਮ ਵੱਲੋਂ ਸ. ਹਰਜਿੰਦਰ ਸਿੰਘ ਬਸਿਆਲਾ ਵੱਲੋਂ ਮਾਤਾਰੀਕੀ ਦਿੰਨ ਵਾਰੇ ਵੱਡਮੁੱਲੀ ਜਾਣਕਾਰੀ ਸ਼ੇਅਰ ਕਰਨ 'ਤੇ ਟਰੱਸਟ ਵੱਲੋਂ ਧੰਨਵਾਦ ਕੀਤਾ ਗਿਆ। ਟਰੱਸਟ ਵੱਲੋਂ 6 ਜੁਲਾਈ ਨੂੰ ਰੁੱਖ ਲਗਾਓ (ਟਰੀ ਪਲਾਂਟੇਸ਼ਨ) ਲਈ ਸਾਰੇ ਪਰਿਵਾਰਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਗਿਆ ਅਤੇ ਆਏ ਹੋਏ ਸਾਰੇ ਵੀਰਾਂ ਭੈਣਾਂ ਬੱਚਿਆਂ ਦਾ ਧੰਨਵਾਦ ਕਰਨ ਉਪਰੰਤ ਮਾਤਾਰਿੱਕੀ ਸਮਾਗਮ ਦੀ ਸਮਾਪਤੀ ਕੀਤੀ ਗਈ। ਅੰਤ ਇਹ ਸਮਾਗਮ ਬੱਚਿਆਂ ਅਤੇ ਵੱਡਿਆਂ ਲਈ ਕਈ ਤਰ੍ਹਾਂ ਦੀ ਜਾਣਕਾਰੀ ਵਿਚ ਵਾਧਾ ਕਰ ਗਿਆ ਤਾਂ ਕਿ ਦੇਸ਼ ਦੇ ਪੱਕੀ ਵਾਸੀ ਹੁੰਦਿਆ ਇਸਦੀ ਜਾਣਕਾਰੀ ਇਕੱਤਰ ਕਰਕੇ ਕੀਵੀ ਵੀ ਕਹਾਉਂਦੇ ਰਹੀਏ।

# ਸ੍ਰੀ ਅਮਰਨਾਥ ਯਾਤਰਾ ਨੂੰ ਲੈ ਕੇ ਡਿਪਟੀ ਕਮਿਸਨਰ ਪਠਾਨਕੋਟ ਨੇ ਲੰਗਰ ਕਮੇਟੀਆਂ ਦੇ ਪ੍ਰਬੰਧਕਾਂ ਅਤੇ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉੱਪਲ ਵੱਲੋਂ ਜਿਲਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਸ੍ਰੀ ਅਮਰਨਾਥ ਯਾਤਰਾ ਨੂੰ ਲੈ ਕੇ ਜਿਲ੍ਹਾ ਪਠਾਨਕੋਟ ਦੇ ਸਾਰੇ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਅਤੇ ਅਮਰਨਾਥ ਯਾਤਰੀਆਂ ਦੇ ਲੰਗਰ ਲਗਾਉਂਣ ਵਾਲੇ ਪ੍ਰਬੰਧਕਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ। ਇਸ ਮੌਕੇ ਤੇ ਜ਼ਿਲਾ ਪਠਾਨਕੋਟ ਅੰਦਰ ਸ੍ਰੀ ਅਮਰਨਾਥ ਯਾਤਰਾ ਯਾਤਰੀਆਂ ਦੇ ਲਈ ਲੰਗਰ ਲਗਾਉਣ ਵਾਲੀਆਂ ਸੇਵਾ ਸਮਿਤੀਆਂ ਦੇ ਅਧਿਕਾਰੀ ਅਤੇ ਮੈਂਬਰ ਸਾਹਿਬਾਨ ਵੀ ਹਾਜ਼ਰ ਹੋਏ। ਮੀਟਿੰਗ ਦੇ ਦੌਰਾਨ ਸੰਬੋਧਤ ਕਰਦਿਆਂ ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉੱਪਲ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਪੂਰੇ ਹਿੰਦੁਸਤਾਨ ਅਤੇ ਪੰਜਾਬ ਵਿੱਚੋਂ ਸ੍ਰੀ ਅਮਰਨਾਥ ਯਾਤਰਾ ਦੇ ਲਈ ਜਾਣ ਵਾਲੇ ਸ਼ਰਧਾਲੂ ਭਾਰੀ ਸੰਖਿਆ ਵਿੱਚ ਪਠਾਨਕੋਟ ਵਿਖੇ ਪਹੁੰਚਦੇ ਹਨ ਅਤੇ ਪਠਾਨਕੋਟ ਵਿਖੇ ਵੱਖ-ਵੱਖ ਸਥਾਨਾਂ ਤੇ ਉਨਾਂ ਯਾਤਰੀਆਂ ਦੇ ਠਹਿਰਾਉਣ ਅਤੇ ਭੋਜਨ ਦੀ ਵਿਵਸਥਾ ਦੇ ਲਈ ਵੱਖ-ਵੱਖ ਧਾਰਮਿਕ ਅਤੇ ਸਵੈ ਸੇਵੀ ਸੰਸਥਾਵਾਂ ਵੱਲੋਂ ਲੰਗਰ ਭੰਡਾਰੇ ਲਗਾਏ ਜਾਂਦੇ ਹਨ। ਇਨ੍ਹਾਂ ਭੰਡਾਰਿਆਂ ਅੰਦਰ ਕਿਸੇ ਵੀ ਤਰ੍ਹਾਂ ਦੀ ਅਗਰ ਕੋਈ ਵੀ ਪ੍ਰੇਸਾਨੀ ਆਉਂਦੀ ਹੈ ਤਾਂ ਉਸ ਦੇ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਹਨਾਂ ਕਿਹਾ ਕਿ ਹਰ ਸਾਲ ਵੇਖਣ ਵਿੱਚ ਆਉਂਦਾ ਹੈ ਕਿ ਮਾਧੋਪੁਰ ਤੋਂ ਲੈ ਕੇ ਸੁਜਾਨਪੁਰ ਦੇ ਨਾਲ ਲੱਗਦੀ ਨਹਿਰ ਵਿੱਚ ਕਈ ਯਤਰੀ ਨਹਾਉਣ ਲੱਗ ਜਾਂਦੇ ਹਨ ਜਿਸ ਦੇ ਨਾਲ ਜਾਨ ਮਾਲ ਦਾ ਨੁਕਸਾਨ ਵੀ ਹੁੰਦਾ ਹੈ ਉਹਨਾਂ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰ ਕੇ ਕਿਹਾ ਕਿ ਮਾਧੋਪੁਰ ਤੋਂ ਲੈ ਕੇ ਮਲਿਕਪੁਰ ਤੱਕ ਜਿੱਥੇ ਯਾਤਰੀ ਨਹਾਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਉਹਨਾਂ ਸਥਾਨਾਂ ਤੇ ਨਿਰਧਾਰਿਤ ਮਾਪ ਦੰਡ ਵਾਲੇ ਬੋਰਡ ਲਗਾਏ ਜਾਣ ਜਿਸ ਤੇ ਪਾਣੀ ਦੀ ਗਹਿਰਾਈ ਅਤੇ ਨਹਾਉਣ ਤੇ ਪ੍ਰਤੀਬੰਧ ਅਤੇ ਆਗਿਆ ਦੀ ਪਾਲਣਾ ਨਾ ਕਰਨ ਤੇ ਜੁਰਮਾਨੇ ਦੇ ਭੁਗਤਾਨ ਆਦਿ ਦਾ ਬਿਊਰਾ ਦਿੱਤਾ ਹੋਇਆ ਹੋਵੇ। ਉਹਨਾਂ ਕਿਹਾ ਕਿ ਬਿਜਲੀ ਵਿਭਾਗ ਦੇ ਅਧਿਕਾਰੀਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਲੰਗਰ ਸਥਾਨਾਂ ਦੇ ਨਜ਼ਦੀਕ ਜਿੱਥੇ ਵੀ ਢਿੱਲੀਆਂ ਤਾਰਾਂ ਜਾਂ ਖੁੱਲੇ ਜੋੜ ਹਨ ਉਹਨਾਂ ਤਾਰਾਂ ਨੂੰ ਕਸ ਲਿਆ ਜਾਏ ਤੇ ਖੁੱਲੇ ਜੋੜਾ ਨੂੰ ਟੇਪ ਕੀਤੀ ਜਾਵੇ। ਉਹਨਾਂ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸ੍ਰੀ ਅਮਰਨਾਥ ਯਾਤਰੀਆਂ ਦੇ ਲਈ ਜਿਨਾਂ ਸਥਾਨਾਂ ਤੇ ਲੰਗਰ ਲਗਾਏ ਜਾਂਦੇ ਹਨ ਉਹਨਾਂ ਸਥਾਨਾਂ ਦਾ ਵਿਸ਼ੇਸ਼ ਤੌਰ ਤੇ ਵਿਜਿਟ ਕੀਤਾ ਜਾਵੇ ਅਤੇ ਜਿਨਾਂ ਸਥਾਨਾਂ ਤੇ ਪਖਾਨਿਆਂ ਦੀ ਵਿਵਸਥਾ ਨਹੀਂ ਹੈ ਉੱਥੇ ਆਰਜੀ ਤੌਰ ਤੇ ਪਖਾਨੇ ਸਥਾਪਿਤ ਕੀਤੇ ਜਾਣ।



ਮੀਟਿੰਗ ਦੋਰਾਨ ਇੱਕ ਸਮਾਜ ਸੇਵੀ ਸੰਸਥਾ ਵੱਲੋਂ ਡਿਪਟੀ ਕਮਿਸ਼ਨਰ ਪਠਾਨਕੋਟ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਨੈਸ਼ਨਲ ਹਾਈਵੇ ਪਠਾਨਕੋਟ-ਜਲੰਧਰ ਉਤੇ ਨਜ਼ਦੀਕ ਚੌਧਰੀਆਂ ਦੇ ਪੈਟਰੋਲ ਪੰਪ ਨੇੜੇ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਬਣਾਏ ਪਖਾਨਿਆਂ ਨੂੰ ਬੰਦ ਕਰ ਦਿੱਤਾ ਗਿਆ ਤੇ ਦੂਸਰਾ ਉਸ ਸਥਾਨ ਤੇ ਲੰਗਰ ਲਗਾਉਣ ਦੀ ਮਨਾਹੀ ਕੀਤੀ ਗਈ ਹੈ ਉਹਨਾਂ ਕਿਹਾ ਕਿ ਉਹ ਪਿਛਲੇ ਸੱਤ ਸਾਲ ਤੋਂ ਉਸ ਸਥਾਨ ਤੇ ਲੰਗਰ ਲਗਾਉਂਦੇ ਆ ਰਹੇ ਹਨ ਇਸ ਲਈ ਉਹਨਾਂ ਪਖਾਨਿਆਂ ਦਾ ਤਾਲਾ ਯਾਤਰੀਆਂ ਦੀਆਂ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖ ਕੇ ਖੋਲੇ ਜਾਣ ਅਤੇ ਉਹਨਾਂ ਨੂੰ ਫਿਰ ਤੋਂ ਪਹਿਲੇ ਵਾਲੇ ਸਥਾਨ ਤੇ ਹੀ ਲੰਗਰ ਲਗਾਉਣ ਦੀ ਆਗਿਆ ਦਿੱਤੀ ਜਾਵੇ। ਇਸ ਤੇ ਮਾਨਯੋਗ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਉਹਨਾਂ ਨੂੰ ਭਰੋਸਾ ਦਵਾਇਆ ਕੀ ਜਲਦੀ ਹੀ ਉਹਨਾਂ ਵੱਲੋਂ ਨੈਸ਼ਨਲ ਹਾਈਵੇ ਅਥਾਰਟੀ ਦੇ ਉੱਚ ਅਧਿਕਾਰੀਆਂ ਨੂੰ ਲਿਖਤ ਤੌਰ ਤੇ ਭੇਜਿਆ ਜਾਏਗਾ ਅਤੇ ਉਹਨਾਂ ਪਖਾਨਿਆਂ ਦੇ ਤਾਲੇ ਖੁਲਵਾਏ ਜਾਣਗੇ ਉਹਨਾਂ ਵੱਖ-ਵੱਖ ਲੰਗਰ ਕਮੇਟੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਲਗਾਏ ਜਾਣੇ ਵਾਲੇ ਭੋਜਨ ਦੀ ਕਵਾਲਿਟੀ ਵਧੀਆ ਹੋਣੀ ਚਾਹੀਦੀ ਹੈ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਵੀ ਵਧੀਆ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅਗਰ ਕਿਸੇ ਤਰ੍ਹਾਂ ਦੀ ਸਮੱਸਿਆ ਲੰਗਰ ਕਮੇਟੀਆਂ ਨੂੰ ਆਉਂਦੀ ਹੈ ਤਾਂ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਸਮੇਂ ਰਹਿੰਦੇ ਆ ਉਹਨਾਂ ਲੰਗਰ ਕਮੇਟੀਆਂ ਦੀ ਸਹਾਇਤਾ ਕਰਦਿਆਂ ਉਹਨਾਂ ਦੀ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ।

# ਅਦਾਰਾ ਪਾਠਕ ਸੱਥ ਵਲੋਂ ਬਾਰਾਦਰੀ ਬਾਗ ਵਿਖੇ ਸਾਹਿਤਕ ਮਿਲਣੀ ਕੀਤੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅਦਾਰਾ ਪਾਠਕ ਸੱਥ ਨਵਾਂਸ਼ਹਿਰ ਵਲੋਂ ਬੀਤੇ ਸ਼ਨੀਵਾਰ ਬਰਾਦਰੀ ਬਾਗ ਵਿਚ ਸਾਹਿਤਿਕ ਮਿਲਣੀ ਕੀਤੀ ਗਈ। ਜਿਸ ਵਿਚ ਸਾਹਿਤ ਨਾਲ ਜੁੜੇ ਪਾਠਕ ਇਕੱਠੇ ਹੋਏ। ਇਸ ਮਿਲਣੀ ਵਿਚ ਪਾਠਕਾਂ ਵਲੋਂ ਪਿਛਲੇ ਸਮੇ ਵਿਚ ਪੜ੍ਹਿਆ ਗਈਆਂ ਕਿਤਾਬਾਂ ਤੇ ਖੁਲ ਕੇ ਚਰਚਾ ਹੋਈਂ। ਇਹਨਾਂ ਕਿਤਾਬਾਂ ਵਿਚ ਚੰਗੇਜ ਆਇਮਤੋਵ ਦੇ ਨਾਵਲ ਪਹਿਲਾ ਅਧਿਆਪਕ ਤੇ ਬਹਿਸ ਹੋਈਂ। ਇਸ ਤੋਂ ਇਲਾਵਾ ਨਾਓਮੀ ਕਲੇਨ ਦੀ ਕਿਤਾਬ ਸਦਮਾ ਸਿਧਾਂਤ ਬਾਰੇ ਪਰਮਜੀਤ ਕਰਿਆਮ ਵਲੋਂ ਵਿਸ਼ਥਾਰ ਵਿਚ ਦੱਸਿਆ ਗਿਆ। ਇਸ ਤੋਂ ਇਲਾਵਾ ਹਰਨੇਕ ਸਿੰਘ ਹੇਅਰ ਦੇ ਨਾਵਲ ਚੱਕਰਵਿਊ ਤੇ ਲੰਮੀ ਚਰਚਾ ਹੋਈਂ। ਗ਼ਜ਼ਲਗੋ ਗੁਰਦੀਪ ਸੈਣੀ ਜੀ ਵਲੋਂ ਤਲਵਿੰਦਰ ਸਿੰਘ ਸੂਖਮ ਦੀ ਕਾਵ ਪੁਸਤਕ 'ਦਿਲ ਦਾ ਮੌਸਮ ਪਰਤੇਗਾ' ਬਾਰੇ ਜਾਣਕਾਰੀ ਦਿਤੀ ਗਈ। ਚਰਚਾ ਵਿਚ ਸ਼ਾਇਰ ਨੂਰਕਮਲ, ਦੀਪ ਜਗਤ ਪੂਰੀ, ਸ਼ਾਇਰ ਜਸਬੀਰ ਮੋਰੋਂ, ਅਮਰਜੀਤ ਸਿੰਘ ਤੇ ਸੰਦੀਪ ਨਈਅਰ ਸ਼ਾਮਿਲ ਹੋਈ। ਅਦਾਰਾ ਪਾਠਕ ਸੱਥ ਦਾ ਮਕਸਦ ਪਾਠਕਾਂ ਨੂੰ ਖਰੇ ਤੇ ਅਗਾਂਹਵਧੂ ਸਾਹਿਤ ਨਾਲ ਜੋੜਨਾ ਹੈ।

# ਨਿਊਜ਼ੀਲੈਂਡ ਵਾਲੀਵਾਲ ਸ਼ੂਟਿੰਗ ਫੈਡਰੇਸ਼ਨ ਦੇ ਅਹੁਦੇਦਾਰਾਂ ਦੀ ਪਲੇਠੀ ਚੋਣ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਵੱਖ-ਵੱਖ ਖੇਡਾਂ ਦੇ ਵੱਖ-ਵੱਖ ਨਿਯਮ ਤੇ ਸ਼ਰਤਾਂ ਹੁੰਦੀਆਂ ਹਨ। ਇਹ ਨਿਯਮ ਅਤੇ ਸ਼ਰਤਾਂ ਖੇਡਾਂ ਦੌਰਾਨ ਪੂਰੀ ਤਰ੍ਹਾਂ ਲਾਗੂ ਹੋਣ, ਇਸ ਕਾਰਜ ਦੇ ਲਈ ਸਬੰਧਿਤ ਫੈਡਰੇਸ਼ਨਾਂ ਆਪਣਾ ਯੋਗਦਾਨ ਪਾਉਂਦੀਆਂ ਹਨ। ਨਿਊਜ਼ੀਲੈਂਡ ਦੇ ਵਿਚ ਵਾਲੀਵਾਲ ਸ਼ੂਟਿੰਗ ਵੀ ਕਾਫੀ ਪ੍ਰਚਲਿਤ ਹੋ ਚੁੱਕੀ ਹੈ ਅਤੇ ਹੁਣ ਇਸਦੇ ਵਾਸਤੇ ਵੀ ਬਣੀ ਹੋਈ 'ਨਿਊਜ਼ੀਲੈਂਡ ਵਾਲੀਵਾਲ ਸ਼ੂਟਿੰਗ ਫੈਡਰੇਸ਼ਨ ਇਨਕਾਰਪੋਰੇਟਿਡ' ਸਰਗਰਮ ਹੋ ਚੁੱਕੀ ਹੈ। ਪਿਛਲੇ ਦਿਨੀਂ ਇਸਦੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਜਿਸ ਦੇ ਵਿਚ ਪ੍ਰਧਾਨ ਸ. ਹਰਜੀਤ ਸਿੰਘ (ਹੈਰੀ ਮੜ੍ਹਾਕ), ਉਪ ਪ੍ਰਧਾਨ ਸ. ਅਮਨ ਬਰਾੜ, ਸਕੱਤਰ ਸ. ਲਖਵਿੰਦਰ ਜਟਾਣਾ, ਸਹਾਇਕ ਸਕੱਤਰ ਸ. ਦਿਲਰਾਜ ਸਿੰਘ, ਖਜ਼ਾਨਚੀ ਸ. ਜਸਮੀਤ ਸਿੰਘ ਅਤੇ ਚੀਫ ਐਗਜ਼ੀਕਿਊਟਿਵ ਆਫੀਸਰ ਸ। ਅਮਨਜੋਤ ਸਿੰਘ ਨੂੰ ਬਣਾਇਆ ਗਿਆ। ਇਹ ਫੈਡਰੇਸ਼ਨ ਪਿਛਲੇ ਸਾਲ ਬਣਾਈ ਗਈ ਸੀ ਅਤੇ ਹੁਣ ਇਸਦੀਆਂ ਪਲੇਠੀਆਂ ਜ਼ਿੰਮੇਵਾਰੀਆਂ ਵੰਡੀਆ ਗਈਆਂ ਹਨ। 14 ਜੁਲਾਈ ਨੂੰ 11 ਵਜੇ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਵਾਲੀਵਾਲ ਸ਼ੂਟਿੰਗ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਵਾਲੀਵਾਲ ਫੈਡਰੇਸ਼ਨ ਇਸਦੇ ਵਿਚ ਅਹਿਮ ਯੋਗਦਾਨ ਪਾਏਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਇੰਟਰਨੈਟ ਕਿਤਾਬ ਪੰਜਾਬ, ਪ੍ਰਵਾਸ, ਧਰਤੀ ਮਾਂ ਅਤੇ ਸਰਦਾਰ ਤੋਂ ਸੀਰੀ ਦੇ ਦਰਦਾਂ ਦੀ ਹੂਕ ਹੈ-ਕੁਲਵੰਤ ਸਿੰਘ ਖੈਰਾਬਾਦੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੇ ਵਿਚ ਇਕ ਮਿਹਨਤਕਸ਼ ਸਖਸ਼ੀਅਤ, ਗੁਰੂ ਘਰ ਦੇ ਕੀਰਤਨਕਾਰ ਅਤੇ ਧਾਰਮਿਕ ਰੇਡੀਓ ਪੇਸ਼ਕਾਰ ਵਜੋਂ ਵਿਚਰਦੇ ਸ। ਕੁਲਵੰਤ ਸਿੰਘ ਖੈਰਾਬਾਦੀ ਨੇ ਆਪਣੇ ਜੀਵਨ ਦਾ ਇਕ ਨਵਾਂ ਅਧਿਆਏ ਲਿਖਦਿਆਂ ਕਹਾਣੀਆਂ ਰਚਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਪਿੰਡੇ 'ਤੇ ਹੰਢਾਈਆਂ ਘਟਨਾਵਾਂ, ਪੰਜਾਬ ਵੱਲ ਮੁੜਦੀਆਂ ਵਾਗਾਂ ਵੇਲੇ ਆਉਂਦੇ ਠੰਡੇ-ਤੱਤੇ ਹਵਾ ਦੇ ਬੁੱਲ੍ਹਿਆਂ ਨੂੰ ਉਨ੍ਹਾਂ ਨੇ ਪੰਜ ਕਹਾਣੀਆਂ ਦੇ ਵਿਚ ਕੈਦ ਕਰਕੇ ਪੰਜਾਬ ਦੀ ਖੁਸ਼ਬੋ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਕਹਾਣੀਆਂ ਦੇ ਸਿਰਲੇਖ ਹਨ ਦੋ ਪ੍ਰਵਾਸੀ, ਸੇਹ ਦਾ ਤੱਕਲਾ, ਵਹਿੰਦਾ ਪੰਜਾਬ, ਧਰਤੀ ਮਾਂ ਬੁਲਾਉਂਦੀ ਏ ਅਤੇ ਸਰਦਾਰ ਤੋਂ ਸੀਰੀ। ਪਿਛਲੇ 25-30 ਸਾਲਾਂ ਦੌਰਾਨ ਪੰਜਾਬ ਤੋਂ ਵਿਦੇਸ਼ਾਂ ਵੱਲ ਜੋ ਪ੍ਰਵਾਸ ਹੋਇਆ ਹੈ, ਉਸਨੂੰ ਲੈ ਕੇ ਪੰਜਾਬ ਅਤੇ ਪਏ ਅਸਰ ਦਾ ਇਨ੍ਹਾਂ ਕਹਾਣੀਆਂ ਦੇ ਵਿਚ ਵਰਨਣ ਹੈ। ਦੁੱਖਾਂ ਸੁੱਖਾਂ ਦੀ ਕਹਾਣੀ ਤੁਹਾਡੇ ਲਾਗਿਓਂ ਹੋ ਕੇ ਲੰਘਣ ਦਾ ਪੂਰਾ ਅਨੁਭਵ ਕਰਾਉਂਦੀ ਹੈ। ਆਧੁਨਿਕ ਯੁੱਗ ਦੇ ਹਾਣਦਾ ਹੁੰਦਿਆ ਉਨ੍ਹਾਂ ਇਹ ਕਹਾਣੀ ਸੰ-ਗ੍ਰਹਿ ਇੰਟਰਨੈਟ ਉਤੇ ਉਪਬਲਧ ਕਰਵਾਇਆ ਹੈ ਤਾਂ ਕਿ ਸਾਰੇ ਕਿਸੇ ਵੀ ਥਾਂ ਪੜ੍ਹ ਸਕਣ। ਬੀਤੇ ਕੱਲ੍ਹ ਇਸ ਕਹਾਣੀ ਸੰਗ੍ਰਹਿ ਦਾ ਪੋਸਟਰ ਰੇਡੀਓ ਸਪਾਈਸ ਦੇ ਵਿਹੜੇ ਜਾਰੀ ਕੀਤਾ ਗਿਆ। ਇਸ ਮੌਕੇ ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ. ਨਵਤੇਜ ਸਿੰਘ ਰੰਧਾਵਾ, ਸ. ਗੁਰਸਿਮਰਨ ਸਿੰਘ ਮਿੰਟੂ, ਸ. ਰਘਬੀਰ ਸਿੰਘ ਜੇ.ਪੀ., ਭਾਈ ਦਵਿੰਦਰ ਸਿੰਘ, ਬਾਬਾ ਗੁਰਚਰਨ ਸਿੰਘ, ਸ। ਕਰਨੈਲ ਸਿੰਘ ਜੇ।ਪੀ। ਅਤੇ ਕੂਕ ਪੰਜਾਬੀ ਤੋਂ ਮੈਡਮ ਕੁਲਵੰਤ ਕੌਰ ਹਾਜ਼ਿਰ ਸਨ।




# ਐਡਮਿੰਟਨ (ਕਨੇਡਾ) ਵਿਖੇ ਕਵੀ ਕਰਮਜੀਤ ਸਿੰਘ ਨੂਰ ਦੀ ਪੁਸਤਕ ਦਾ ਵਿਮੋਚਨ



ਐਡਮਿੰਟਨ (ਕਨੇਡਾ) ਦੀ ਪ੍ਰਸਿੱਧ ਐਡਮਿੰਟਨ ਪਬਲਿਕ ਲਾਇਬ੍ਰੇਰੀ ਮੈਡੋਂਸ ਵਿਖੇ ਸਭ ਰੰਗ ਸਾਹਿਤ ਸਭਾ ਵਲੋਂ ਪ੍ਰਸਿੱਧ ਧਾਰਮਿਕ ਕਵੀ ਕਰਮਜੀਤ ਸਿੰਘ ਨੂਰ ਦੀ ਪੁਸਤਕ 'ਨੂਰ ਛਾ ਗਿਆ' ਦਾ ਵਿਮੋਚਨ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪੁਸਤਕ ਵਿਮੋਚਨ ਵਰਤਮਾਨ ਐਮ.ਐਲ.ਏ. ਸ੍ਰੀ ਜਸਬੀਰ ਦਿਉਲ, ਬਲਵਿੰਦਰ ਬਾਲਮ, ਦਲਬੀਰ ਸਿੰਘ ਰਿਆੜ, ਨਰਿੰਦਰ ਸਿੰਘ, ਅਵਦੇਸ਼ ਸ਼ਰਮਾ, ਮਨਦੀਪ ਕੌਰ, ਬਲਦੇਵ ਸਿੰਘ ਭੁੱਲਰ, ਪ੍ਰਤਾਪ ਸਿੰਘ ਬੱਲ, ਰਾਜਿੰਦਰ ਬਾਲੀ, ਕੇਵਲ ਸਿੰਘ ਬੱਲ, ਅਸ਼ੋਕ ਕੁਮਾਰ ਐਰੀ, ਹਰਿੰਦਰਪਾਲ ਸਿੰਘ, ਸਤਿੰਦਰਪਾਲ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ।

ਇਸ ਮੌਕੇ ਸਭਾ ਦੇ ਪ੍ਰਧਾਨ ਬਲਵਿੰਦਰ ਬਾਲਮ ਅਤੇ ਸਕੱਤਰ ਦਲਬੀਰ ਸਿੰਘ ਰਿਆੜ ਨੇ ਕਿਹਾ ਇੰਜ। ਕਰਮਜੀਤ ਸਿੰਘ ਨੂਰ ਦੀ ਕਾਵਿ ਪੁਸਤਕ ਨੂਰ ਛਾ ਗਿਆ ਇਕ ਧਾਰਮਿਕ ਕਵਿਤਾਵਾਂ ਦੀ ਪੁਸਤਕ ਹੈ। ਜੋ ਇੰਨਸਾਨੀ ਕਦਰਾਂ ਕੀਮਤਾਂ ਨੂੰ ਛੂਹਦੀ ਹੈ। ਇਸ ਵਿਚ ਲਗਭਗ 75 ਕਵਿਤਾਵਾਂ ਹਨ ਜੋ ਰਸ ਪ੍ਰਧਾਨ ਅਤੇ ਲੈਅ ਮਈ ਹਨ। ਇਹਨ੍ਹਾਂ ਕਵਿਤਾਵਾਂ ਵਿਚ ਧਾਰਮਿਕ ਸਿਖਿਆ ਦੇ ਨਾਲ ਨਾਲ ਵਿਅਕਤੀਗਤ ਕਾਵਿ ਰਚਨਾਵਾਂ ਵੀ ਹਨ ਜੋ ਮਹਾਨ ਸ਼ਖ਼ਸੀਅਤਾਂ ਬਾਰੇ ਚਾਨਣ ਪਾਉਂਦੀਆਂ ਹਨ। ਮੌਕੇ 'ਤੇ ਹਾਜ਼ਰ ਕਵੀਆਂ ਨੇ ਅਪਣੀਆਂ ਕਵਿਤਾਵਾਂ ਸੁਣਾ ਕੇ ਖੂਬ ਰੰਗ ਬੰਨਿਆ। ਭਵਿੱਖ ਵਿਚ ਇਕ ਕਵੀ ਦਰਬਾਰ ਕਰਵਾਉਣ ਦੀ ਯੋਜਨਾ ਵੀ ਉਲੀਕੀ ਗਈ।

**ਬਲਵਿੰਦਰ ਬਾਲਮ ਐਡਮਿੰਟਨ ਕਨੇਡਾ,**
98156-25409



# ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਵੱਲੋਂ ਸਤਿਗੁਰੂ ਕਬੀਰ ਸਾਹਿਬ ਜੀ ਦੀ ਬਾਣੀ ਦਾ ਸਟੀਕ ਰਿਲੀਜ਼ ਕੀਤਾ ਗਿਆ





**ਰਿਪੋਰਟ: ਚਰਨਜੀਤ ਸਿੰਘ ਬਿਨਪਾਲਕੇ**

**ਭੋਗਪੁਰ (ਜਲੰਧਰ)–** ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਜ਼ਿਲ੍ਹਾ ਜਲੰਧਰ ਵੱਲੋਂ ਸਤਿਗੁਰੂ ਕਬੀਰ ਸਾਹਿਬ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਬਾਣੀ ਵਿੱਚੋਂ ਚੋਣਵੇਂ 21 ਸ਼ਬਦਾਂ ਦਾ ਸਟੀਕ ਸਾਹਿਬ ਪ੍ਰਕਾਸ਼ਿਤ ਕਰਕੇ ਰਿਲੀਜ਼ ਕੀਤਾ ਗਿਆ। ਸੰਸਥਾ ਦੀ ਸੀਨੀਅਰ ਮੈਂਬਰ ਸੁਖਵਿੰਦਰ ਸਿੰਘ ਚੁਖਿਆਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪਾਵਨ ਸਟੀਕ ਸਾਹਿਬ ਸਤਿਗੁਰੂ ਕਬੀਰ ਜੀ ਦੇ 626ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਤਿਗੁਰੂ ਕਬੀਰ ਮੁੱਖ ਮੰਦਿਰ ਭਾਰਗੋ ਨਗਰ ਜਲੰਧਰ ਤੋਂ ਆਯੋਜਿਤ ਕੀਤੀ ਜਾਂਦੀ ਸ਼ੋਭਾ ਯਾਤਰਾ ਮੌਕੇ ਰਿਲੀਜ਼ ਕੀਤਾ ਗਿਆ। ਇਹ ਪਾਵਨ ਸਟੀਕ ਸਤਿਗੁਰੂ ਕਬੀਰ ਮੁੱਖ ਮੰਦਿਰ ਵਿਖੇ ਸਟਾਲ ਲਗਾ ਕੇ ਸੰਗਤਾਂ ਨੂੰ ਮੁਫਤ ਭੇਟ ਕੀਤਾ ਗਿਆ। ਇਸ ਸਟੀਕ ਸਾਹਿਬ ਦੇ ਪ੍ਰਕਾਸ਼ਨ ਵਿੱਚ ਸ੍ਰੀ ਪ੍ਰੇਮ ਕੁਮਾਰ ਚੁੰਬਰ ਕੈਲੀਫੋਰਨੀਆ ਅਤੇ ਡਾਕਟਰ ਸ਼ਿਵ ਦਿਆਲ ਮਾਲੀ ਭਾਰਗੋ ਨਗਰ ਜਲੰਧਰ ਵਾਲਿਆਂ ਨੇ ਵਿਸ਼ੇਸ਼ ਯੋਗਦਾਨ ਪਾਇਆ।

ਮੰਦਿਰ ਪ੍ਰਬੰਧਕ ਕਮੇਟੀ ਨੇ ਸੰਸਥਾ ਦੇ ਮੈਂਬਰਾਂ ਅਤੇ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ੍ਰੀ ਸਤਿਗੁਰੂ ਕਬੀਰ ਮੰਦਿਰ ਦੀ ਸਤਿਕਾਰਯੋਗ ਆਚਾਰੀਆ ਸਾਹਿਬਾਨ ਅਤੇ ਸ਼ੋਭਾ ਯਾਤਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਰਾਜੇਸ਼ ਭਗਤ ਅਤੇ ਸਮੂਹ ਮੈਂਬਰਾਂ ਤੋਂ ਇਲਾਵਾ ਸ੍ਰੀ ਕੀਮਤੀ ਕੇਸਰ, ਮਨਜੀਤ ਸਿੰਘ ਚੁਖਿਆਰਾ, ਚਰਨਜੀਤ ਸਿੰਘ ਬਿਨਪਾਲਕੇ, ਕਰਨੈਲ ਸਿੰਘ, ਰਾਜਕੁਮਾਰ, ਹਰਜਿੰਦਰ ਸਿੰਘ ਅਤੇ ਹੋਰ ਸਾਥੀ ਹਾਜ਼ਰ ਸਨ।

# ਅਮਰੀਕਾ ਵਿਚ ਜੱਜ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਦੇ ਮਾਮਲੇ ਵਿਚ 5 ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੱਚਿਆਂ ਨੂੰ ਪੌਸ਼ਟਿਕ ਖੁਰਾਕ ਦੇਣ ਦੇ ਸੰਘੀ ਪ੍ਰੋਗਰਾਮ ਤਹਿਤ 25 ਕਰੋੜ ਡਾਲਰ ਤੋਂ ਵਧ ਦਾ ਫਰਾਡ ਕਰਨ ਦੇ ਮਾਮਲੇ ਵਿਚ ਆਪਣਾ ਬਚਾਅ ਕਰਨ ਲਈ ਇਕ ਜੱਜ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਦੇ ਮਾਮਲੇ ਵਿਚ 5 ਵਿਅਕਤੀਆਂ ਵਿਰੁੱਧ ਸੰਘੀ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਮਿਨੀਸੋਟਾ ਦੇ ਯੂ ਐਸ ਅਟਾਰਨੀ ਨੇ ਇਕ ਪੱਤਰਕਾਰ ਸੰਮੇਲਣ ਦੌਰਾਨ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਐਫ ਬੀ ਆਈ ਦੇ ਵਿਸ਼ੇਸ਼ ਏਜੰਟ ਟਰੈਵਿਸ ਵਿਲਮਰ ਨੇ ਸੰਘੀ ਅਦਾਲਤ ਵਿਚ ਦਾਇਰ ਇਕ ਹਲਫ਼ੀਆ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਦੋਸ਼ੀਆਂ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿਚ ਜੱਜ ਦੀ ਰਿਹਾਇਸ਼ ਦੇ ਮੋਹਰਲੇ ਦਰਵਾਜ਼ੇ ਅੱਗੇ ਡਾਲਰਾਂ ਨਾਲ ਭਰਿਆ ਥੈਲਾ ਰਖਿਆ ਗਿਆ ਜਿਸ ਨੂੰ ਵੇਖ ਕੇ ਜੱਜ ਨੇ ਤੁਰੰਤ 911 ਉਪਰ ਫੋਨ ਕੀਤਾ। ਇਸ ਥੈਲੇ ਵਿਚ ਤੋਹਫੇ ਦੇ ਤੌਰ 'ਤੇ 1,20,000 ਡਾਲਰ ਜੱਜ ਨੂੰ ਪੇਸ਼ ਕੀਤੇ ਗਏ ਸਨ। ਜੱਜ ਜਿਸ ਨੇ ਕੁਝ ਵੀ ਗਲਤ ਨਹੀਂ ਕੀਤਾ ਸੀ, ਨੂੰ ਕੇਸ ਵਿਚੋਂ ਕੱਢ ਦਿੱਤਾ ਗਿਆ। ਪੰਜਾਂ ਵਿਚੋਂ ਜਿਨਾਂ 3



ਵਿਰੁੱਧ ਇਸ ਹਫਤੇ ਦੋਸ਼ ਆਇਦ ਕੀਤੇ ਗਏ ਹਨ ਉਨਾਂ ਵਿਚ ਅਬਦੀਮਾਜਿਦ ਨੂਰ, ਅਬਦੀਆਜ਼ੀਜ਼ ਫਰਹਾ ਤੇ ਸੈਡ ਫਰਹਾ ਸ਼ਾਮਿਲ ਹਨ। ਅਦਾਲਤੀ ਦਸਤਾਵੇਜਾਂ ਅਨੁਸਾਰ ਇਸ ਜੱਜ ਤੱਕ ਇਸ ਕਰਕੇ ਪਹੁੰਚ ਕੀਤੀ ਗਈ ਕਿਉਂਕਿ ਉਹ ਸਭ ਤੋਂ ਛੋਟੀ ਸੀ ਤੇ ਸ਼ੱਕੀ ਦੋਸ਼ੀਆਂ ਦਾ ਵਿਸ਼ਵਾਸ਼ ਸੀ ਕਿ ਉਹ ਹੀ ਇਕੋ ਇਕ ਜੱਜ ਹੈ ਜੋ ਕਾਲੇ ਭਾਈਚਾਰੇ ਨਾਲ ਸਬੰਧ ਰਖਦੀ ਹੈ। ਯੂ ਐਸ ਅਟਾਰਨੀ ਐਂਡਰੀਊ ਲੂਗਰ ਅਨੁਸਾਰ ਤੋਹਫੇ ਵਾਲੇ ਥੈਲੇ ਵਿਚ ਰਖੀ ਇਕ ਪਰਚੀ ਵਿਚ ਜੱਜ ਨੂੰ ਸਪੱਸ਼ਟ ਸੰਦੇਸ਼ ਦਿੰਦਿਆਂ ਲਿਖਿਆ ਗਿਆ ਕਿ ਤੁਸੀਂ ਹੀ ਇਕੋ ਇੱਕ ਜੱਜ ਹੋ ਜੋ ਇਸ ਮਾਮਲੇ ਨੂੰ ਖਤਮ ਕਰ ਸਕਦੇ ਹੋ। ਬਾਕੀ ਦੋ ਸ਼ੱਕੀ ਦੋਸ਼ੀਆਂ ਵਿਚ ਲਡਾਨ ਅਲੀ ਇਕ ਔਰਤ ਤੇ ਅਬਦੂਲਕਰੀਮ ਫਰਹਾ ਸ਼ਾਮਿਲ ਹਨ। ਔਰਤ ਅਲੀ ਨੇ ਜੱਜ ਦੇ ਘਰ ਅਗੇ ਪੈਸਿਆਂ ਵਾਲਾ ਥੈਲਾ ਰਖਿਆ ਜਦ ਕਿ ਅਬਦੂਲਕਰੀਮ ਵੀ ਅਲੀ ਦੇ ਨਾਲ ਗਿਆ ਤੇ ਉਸ ਵੱਲੋਂ ਰਖੇ ਪੈਸਿਆਂ ਵਾਲੇ ਥੈਲੇ ਦੀ ਵੀਡੀਓ ਬਣਾਈ ਗਈ। ਲਾਏ ਗਏ ਦੋਸ਼ਾਂ ਵਿਚ ਜੱਜ ਨੂੰ ਰਿਸ਼ਵਤ ਦੇਣ, ਰਿਸ਼ਵਤ ਦੇਣ ਦੀ ਸਾਜਿਸ਼ ਰਚਣ ਤੇ ਭ੍ਰਿਸ਼ਟ ਢੰਗ ਤਰੀਕੇ ਨਾਲ ਜੱਜ ਨੂੰ ਪ੍ਰਭਾਵਿਤ ਕਰਨ ਦੇ ਦੋਸ਼ ਸ਼ਾਮਿਲ ਹਨ।

# ਸਕਾਲਰਸ਼ਿੱਪ ਲੈਣ ਲਈ ਫਰਜ਼ੀ ਦਸਤਾਵੇਜ਼ਾਂ ਦਾ ਸਹਾਰਾ ਲੈਣ ਵਾਲੇ ਭਾਰਤੀ ਵਿਦਿਆਰਥੀ ਨੂੰ ਦੇਸ਼ ਨਿਕਾਲਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਇਕ ਭਾਰਤੀ ਵਿਦਿਆਰਥੀ ਆਰੀਅਨ ਅਨੰਦ ਨੂੰ ਅਮਰੀਕਾ ਦੀ ਲੀਹਾਈ ਯੁਨੀਵਰਸਿਟੀ, ਪੈਨਸਿਲਵਾਨੀਆ ਵਿੱਚ ਪੂਰੀ ਸਕਾਲਰਸ਼ਿੱਪ ਲੈਣ ਲਈ ਫਰਜ਼ੀ ਦਸਤਾਵੇਜਾਂ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਤੋਂ ਬਾਅਦ ਵਾਪਿਸ ਭਾਰਤ ਭੇਜ ਦਿੱਤਾ ਗਿਆ ਹੈ। ਅਨੰਦ ਜੋ ਯੁਨੀਵਰਸਿਟੀ ਵਿਚ ਪਹਿਲਾ ਸਾਲ ਦਾ ਵਿਦਿਆਰਥੀ ਸੀ, ਨੂੰ ਆਪਣਾ ਗੁਨਾਹ ਮੰਨ ਲੈਣ ਉਪਰੰਤ ਦੋ ਮਹੀਨੇ ਪਹਿਲਾਂ ਫੜ ਲਿਆ ਗਿਆ ਸੀ।

ਅਨੰਦ ਨੇ ਯੁਨੀਵਰਸਿਟੀ ਵਿਚ ਸਕਾਲਰਸ਼ਿੱਪ ਹਾਸਲ ਕਰਨ ਲਈ ਹੋਰ ਫਰਜ਼ੀ ਦਸਤਾਵੇਜ਼ ਵਰਤਣ ਤੋਂ ਇਲਾਵਾ ਆਪਣੇ ਪਿਤਾ ਬਾਰੇ ਵੀ ਝੂਠ ਬੋਲਿਆ ਕਿ ਉਹ ਮਰ ਚੁੱਕਾ ਹੈ ਹਾਲਾਂ ਕਿ ਉਹ ਜੀਂਦਾ ਹੈ। ਅਨੰਦ ਨੂੰ ਉਸ ਵਿਰੁੱਧ ਲਾਏ ਅਪਰਾਧਕ ਦੋਸ਼ਾਂ ਤਹਿਤ 20 ਸਾਲ ਜੇਲ ਹੋ ਸਕਦੀ ਸੀ ਪਰੰਤੂ ਲੀ ਹਾਈ ਯੁਨੀਵਰਸਿਟੀ ਦੀ ਬੇਨਤੀ 'ਤੇ ਉਸ ਨੂੰ ਦੇਸ਼ ਨਿਕਾਲਾ ਦੇ ਕੇ ਭਾਰਤ ਵਾਪਿਸ ਭੇਜ ਦਿੱਤਾ ਗਿਆ। ਯੁਨੀਵਰਿਸਟੀ ਨੇ ਜਾਰੀ ਇਕ ਬਿਆਨ ਵਿਚ ਮਾਮਲੇ ਦੀ ਮੁਕੰਮਲ ਜਾਂਚ ਤੇ ਅਸਲ ਮਾਮਲਾ ਸਾਹਮਣੇ ਲਿਆਉਣ ਲਈ ਅਧਿਕਾਰੀਆਂ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਪੁਲਿਸ ਲਾਠੀਚਾਰਜ ਦੇ ਬਾਵਜੂਦ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਚੱਬੇਵਾਲ ਦੀ ਕੋਠੀ ਦਾ ਘਿਰਾਓ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਕੀਤੇ ਐਲਾਨ ਅਨੁਸਾਰ ਸ਼ਾਸਨ-ਪੁਲਿਸ ਪ੍ਰਸ਼ਾਸਨ ਦੇ ਦਲਿਤ ਵਿਰੋਧੀ ਰਵੱਈਏ ਖਿਲਾਫ਼ ਐੱਸ ਐੱਸ ਪੀ ਦਫ਼ਤਰ ਅੱਗੇ ਅਣਮਿੱਥੇ ਸਮੇਂ ਦੇ ਮੋਰਚਾ ਸਥਾਨ ਉੱਤੇ ਇਕੱਠੇ ਹੋ ਕੇ ਪੁਲਿਸ ਲਾਠੀਚਾਰਜ, ਸਖ਼ਤ ਰੋਕਾਂ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਆਗੂ ਅਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਰਿਜ਼ਰਵ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਘਰ ਦਾ ਤਿੰਨ ਘੰਟੇ ਤੋਂ ਵੱਧ ਸਮਾਂ ਘੇਰਾਓ ਕੀਤਾ ਗਿਆ।

ਇਸ ਮੌਕੇ ਸੀਨੀਅਰ ਪੁਲਿਸ ਅਧਿਕਾਰੀ ਨੇ ਪ੍ਰਸ਼ਾਸਨ ਵਲੋਂ ਜੇਲ੍ਹ ਵਿੱਚ ਬੰਦ 3 ਦਲਿਤ ਮਜ਼ਦੂਰਾਂ ਨੂੰ ਕੱਲ੍ਹ ਤੱਕ ਰਿਹਾਅ ਕਰਵਾ ਦਿੱਤਾ ਜਾਵੇਗਾ ਅਤੇ ਬਾਕੀ ਮੰਗਾਂ ਮੰਨੀਆਂ ਜਾਣਗੀਆਂ। ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ ਨੇ ਐੱਮ ਪੀ ਦੇ ਘਰ ਦਾ ਘੇਰਾਓ ਖ਼ਤਮ ਕਰਨ ਅਤੇ ਐੱਸ ਐੱਸ ਪੀ ਦਫ਼ਤਰ ਅੱਗੇ ਅੱਜ 7 ਵੇਂ ਦਿਨ ਦਾਖਿਲ ਹੋਏ ਪੱਕੇ ਮੋਰਚੇ ਨੂੰ ਮੁਲਤਵੀ ਕਰਦਿਆਂ ਐਲਾਨ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਇਸ ਵਾਰ ਕੀਤੇ ਵਾਅਦੇ ਉੱਪਰ ਅਮਲ ਨਾ ਕੀਤਾ ਤਾਂ ਜਲੰਧਰ ਜ਼ਿਮਨੀ ਚੋਣ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਰੋਧ ਕੀਤਾ ਜਾਵੇਗਾ ਅਤੇ ਟਾਂਡਾ ਖ਼ੇਤਰ ਨੂੰ ਘੋਲ਼ ਦਾ ਅਖਾੜਾ ਬਣਾਇਆ ਜਾਵੇਗਾ।



ਪੁਲਿਸ ਲਾਠੀਚਾਰਜ ਤੇ ਖਿੱਚਧੂਹ ਦੌਰਾਨ ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਬਲਵਿੰਦਰ ਕੌਰ ਨੂੰ ਬੇਹੋਸ਼ ਹੋਣ ਉਪਰੰਤ ਸਿਵਲ ਹਸਪਤਾਲ ਲਿਜਾਣਾ ਪਿਆ। ਪੇਂਡੂ ਮਜ਼ਦੂਰ ਆਗੂ ਕਿਰਨਪ੍ਰੀਤ ਕੌਰ ਸਮੇਤ ਕੁੱਛੜ ਬੱਚੇ ਚੁੱਕੀ ਔਰਤਾਂ ਤੱਕ ਨੂੰ ਵੀ ਪੁਲਿਸ ਨੇ ਲਾਠੀਆਂ ਨਾਲ ਨਵਾਜਿਆ। ਇਸ ਮੌਕੇ ਯੂਨੀਅਨ ਆਗੂਆਂ ਨੇ ਪੈਦਾਵਾਰ ਦੇ ਸਾਧਨਾਂ ਜ਼ਮੀਨ ਉੱਪਰ ਕਾਬਜ਼ ਹਾਕਮ ਜਮਾਤਾਂ ਦੇ ਦਬਾਅ ਹੇਠ ਪੁਲਿਸ ਪ੍ਰਸ਼ਾਸਨ ਵਿਚਰ ਰਿਹਾ ਹੈ। ਹਾਕਮ ਜਮਾਤਾਂ ਦੀ ਨੁਮਾਇੰਦਾ ਆਮ ਆਦਮੀ ਪਾਰਟੀ ਦੇ ਆਗੂ ਅਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ (ਰਿਜ਼ਰਵ) ਤੋਂ ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਚੱਬੇਵਾਲ ਨੇ ਦਲਿਤ ਰਿਜ਼ਰਵੇਸ਼ਨ ਦਾ ਸਹਾਰਾ ਲੈ ਕੇ ਦਲਿਤਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਪਾਰਲੀਮੈਂਟ ਦੀਆਂ ਬਰੂਹਾਂ ਮੱਲ ਲਈਆਂ ਪ੍ਰੰਤੂ ਜਿੱਤਣ ਬਾਅਦ ਦਲਿਤਾਂ ਦੇ ਵਿਰੋਧ ਵਿੱਚ ਖੜ੍ਹ ਕੇ ਸਾਬਿਤ ਕਰ ਦਿੱਤਾ ਕਿ ਚੱ-ਬੇਵਾਲ ਵੀ ਦਲਿਤ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਇਸ ਕਰਕੇ ਹੀ ਚੱਬੇਵਾਲ ਦੇ ਗੁਵਾਂਢ ਐੱਸ ਐੱਸ ਪੀ ਦਫ਼ਤਰ ਅੱਗੇ ਅਣਮਿੱਥੇ ਸਮੇਂ ਲਈ ਮੋਰਚਾ ਲਗਾ ਕੇ ਜੇਲ੍ਹ ਡੱਕੇ ਦਲਿਤ ਮਜ਼ਦੂਰਾਂ ਨੂੰ ਰਿਹਾਅ ਕਰਵਾਉਣ ਅਤੇ ਚੱਬੇਵਾਲ ਦੀ ਚੋਣ ਪ੍ਰਚਾਰ ਦੌਰਾਨ 20 ਮਈ ਨੂੰ ਪਿੰਡ ਟਾਹਲੀ ਵਿਖੇ ਵਧੀਕੀ ਕਰਨ ਵਾਲੇ ਐੱਮ ਐੱਲ ਏ ਟਾਂਡਾ ਜਸਵੀਰ ਸਿੰਘ ਰਾਜਾ ਅਤੇ ਉਸਦੇ ਹਮਾਇਤੀਆਂ ਖਿਲਾਫ਼ ਕਾਰਵਾਈ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ। ਚੱਬੇਵਾਲ ਇੱਕ ਸ਼ਬਦ ਵੀ ਦਲਿਤਾਂ ਦੇ ਹੱਕ ਵਿੱਚ ਨਹੀਂ ਉਠਾ ਸਕਿਆ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੀ ਦਲਿਤ ਵਿਰੋਧੀ ਮਜ਼ਦੂਰ ਵਿਰੋਧੀ ਸਰਕਾਰ ਸਾਬਿਤ ਹੋਈ ਹੈ।

ਇਸ ਮੌਕੇ ਆਗੂਆਂ ਨੇ ਪੱਕੇ ਮੋਰਚੇ ਦੀ ਤਨ,ਮਨ,ਧਨ ਨਾਲ ਸਹਿਯੋਗ ਕਰਨ ਵਾਲੇ ਲੋਕਾਂ, ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਅਗਲੇ ਸੰਘਰਸ਼ ਦੀ ਤਿਆਰੀ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਯੂਨੀਅਨ ਦੇ ਸੂਬਾ ਆਗੂਆਂ ਅਵਤਾਰ ਸਿੰਘ ਰਸੂਲਪੁਰ,ਹੰਸ ਰਾਜ ਪੱਬਵਾਂ,ਰਾਜ ਕੁਮਾਰ ਪੰਡੋਰੀ, ਯੂਥ ਵਿੰਗ ਦੇ ਮੰਗਾਂ ਸਿੰਘ ਵੈਰੋਕੇ, ਗੁਰਪ੍ਰੀਤ ਸਿੰਘ ਚੀਦਾ, ਮੇਜਰ ਸਿੰਘ, ਕਿਰਨਪ੍ਰੀਤ ਕੌਰ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਧਰਮਵੀਰ ਹਰੀਗੜ੍ਹ, ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਬਲਵਿੰਦਰ ਸਿੰਘ ਮੱਲੀਨੰਗਲ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ, ਸੰਤੋਖ ਸਿੰਘ ਸੰਧੂ, ਜਗਤਾਰ ਸਿੰਘ ਭਿੰਡਰ ਆਦਿ ਨੇ ਸੰਬੋਧਨ ਕੀਤਾ।

# ਡੀਸੀ ਰੰਧਾਵਾ ਨੇ "ਖਟਕੜ ਕਲਾਂ ਅਜਾਇਬ ਘਰ ਅਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ" ਸਬੰਧੀ ਬ੍ਰੋਸ਼ਰ ਅਤੇ ਪੋਟਰੇਟ ਕੀਤਾ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਆਈ.ਏ.ਐਸ. ਨੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਅਜਾਇਬ ਘਰ ਦੇ ਨਾਲ-ਨਾਲ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਤਿਆਰ ਕੀਤੇ ਗਏ ਬਰੋਸ਼ਰ ਅਤੇ ਪੋਰਟਰੇਟ ਨੂੰ ਰਲੀਜ ਕੀਤਾ। ਉਨ੍ਹਾਂ ਕਿਹਾ ਕਿ ਇਹ ਬ੍ਰੋਸ਼ਰ ਅਤੇ ਪੋਰਟਰੇਟ ਪੰਜਾਬ ਦੇ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ। ਡਿਪਟੀ ਕਮਿਸ਼ਨਰ ਨੇ ਇਸ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਨਮਨ ਕੀਤਾ ਅਤੇ ਅਜਾਇਬ ਘਰ ਦੇ ਬਾਹਰ ਪੌਦਾ ਵੀ ਲਗਾਇਆ ਗਿਆ। ਇਸ ਮੌਕੇ 'ਤੇ ਉਨ੍ਹਾਂ ਨਾਲ ਐਸ.ਡੀ.ਐਮ. ਬੰਗਾ ਵਿਕਰਮਜੀਤ ਸਿੰਘ ਪੰਥੇ, ਸਹਾਇਕ ਕਮਿਸ਼ਨਰ ਜਨਰਲ ਗੁਰਲੀਨ ਕੌਰ, ਗੁੱਡ ਗਵਰਨਸ ਫੈਲੋ ਅਸ਼ਮੀਤਾ ਪਰਮਾਰ ਹਾਜ਼ਰ ਸਨ।ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਬ੍ਰੋਸ਼ਰ ਅਤੇ ਪੋਰਟਰੇਟ ਨੂੰ ਜਾਰੀ ਕਰਨ ਉਪਰੰਤ ਕਿਹਾ ਕਿ ਉੱਘੇ ਲੇਖਕ ਅਤੇ ਕੁਦਰਤ ਕਲਾਕਾਰ ਹਰਪ੍ਰੀਤ ਸੰਧੂ ਐਡਵੋਕੇਟ ਦੁਆਰਾ ਸੰਕਲਿਤ ਚਿੱਤਰਕਾਰੀ ਬਰੋਸ਼ਰ ਅਜਾਇਬ ਘਰ ਦੀ ਇਤਿਹਾਸਕ ਅਤੇ ਦੇਸ਼ ਭਗਤੀ ਦੀ ਝਲਕ ਨੂੰ ਉਜਾਗਰ ਕਰਦਾ ਹੈ ਅਤੇ ਅਜਾਇਬ ਘਰ ਬਾਰੇ ਆਮ ਜਾਣਕਾਰੀ ਦੇ ਨਾਲ ਨਾਲ ਪੰਜਾਬ ਦੇ ਨਾਗਰਿਕਾਂ ਨੂੰ ਅਜਾਇਬ ਘਰ ਦੇਖਣ ਅਤੇ ਸਿੱਖਿਆ ਲੈਣ ਲਈ ਉਤਸ਼ਾਹਿਤ ਕਰਨ ਵਿੱਚ ਵੀ ਮਦਦ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਅਜਾਇਬ ਘਰ



ਯਾਦਗਾਰਾਂ ਵਜੋਂ ਚਿੰਨ੍ਹਿਤ ਕੀਤੇ ਜਾਂਦੇ ਹਨ ਜੋ ਸਮਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਸਾਨੂੰ ਇਤਿਹਾਸਕ ਤੱਥਾਂ, ਸੱਭਿਆਚਾਰਕ ਅਤੇ ਸਮਾਜਿਕ ਘਟਨਾਵਾਂ ਬਾਰੇ ਚਾਨਣਾ ਪਾਉਂਦੇ ਹਨ ਜੋ ਤੁਹਾਨੂੰ ਸ਼ਾਨਦਾਰ ਵਿਰਸੇ ਦੇ ਅਨੋਖੇ ਸੁਹਜ ਵੱਲ ਵਾਪਸ ਲੈ ਜਾਂਦੇ ਹਨ। ਅਜਾਇਬ ਘਰ ਸਮਾਜ ਦੇ ਅੰਦਰ ਅਮੀਰ ਵਿਰਾਸਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਸਾਡੀਆਂ ਜੜ੍ਹਾਂ ਨਾਲ ਜੁੜੇ ਰਹਿਣ ਵਿੱਚ ਸਾਡੀ ਮਦਦ ਕਰਦੇ ਹਨ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਖਟਕੜ ਕਲਾਂ ਦੇ ਅਜਾਇਬ ਘਰ ਦੀ ਮਹੱਤਤਾ ਨੂੰ ਦਰਸ-ਉਂਦੀ ਚਿੱਤਰ ਕਲਾ ਦੇ ਕੰਮ ਨੂੰ ਸੰਕਲਿਤ ਕਰਨ ਲਈ ਉੱਘੇ ਲੇਖਕ, ਵਿਰਾਸਤੀ ਪ੍ਰਮੋਟਰ ਅਤੇ ਸਾਬਕਾ ਵਧੀਕ ਐਡਵੋਕੇਟ ਜਨਰਲ ਹਰਪ੍ਰੀਤ ਸੰਧੂ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਇਹ ਜਾਣਕਾਰੀ ਭਰਪੂਰ ਤਸਵੀਰਾਂ ਵਾਲੇ ਬਰੋਸ਼ਰ ਵਜੋਂ ਖਟਕੜ ਕਲਾਂ, ਐਸ।ਬੀ।ਐਸ। ਨਗਰ ਵਿੱਚ ਸ਼ਾਨਦਾਰ ਅਜਾਇਬ ਘਰ ਅਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਨੂੰ ਉਜਾਗਰ ਕਰਦਾ ਹੈ।ਲੇਖਕ ਹਰਪ੍ਰੀਤ ਸੰਧੂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਐਸ।ਬੀ।ਐਸ।ਨਗਰ ਵੱਲੋਂ ਸ਼ੁਰੂ ਕੀਤੇ ਗਏ ਚਿੱਤਰਕਾਰੀ ਕਿਤਾਬਚੇ ਰਾਹੀਂ ਸਮਾਜ ਅੰਦਰ ਇਹ ਸੰਦੇਸ਼ ਫੈਲਾਏਗਾ ਕਿ ਇਤਿਹਾਸ ਤਾਂ ਹੀ ਜ਼ਿੰਦਾ ਰੱਖਿਆ ਜਾ ਸਕਦਾ ਹੈ ਜੇਕਰ ਅਸੀਂ ਅਜਿਹੀਆਂ ਇਤਿਹਾਸਕ ਸਮਾਰਕਾਂ ਨੂੰ ਸੰਭਾਲ ਕੇ ਰੱਖਾਂਗੇ, ਜੋ ਇੱਕ ਪੀੜ੍ਹੀ ਨੂੰ ਦੂਜੀ ਪੀੜ੍ਹੀ ਨਾਲ ਜੋੜਨਗੀਆਂ। ਸ਼ਹੀਦ ਭਗਤ ਸਿੰਘ ਅਜਾਇਬ ਘਰ ਖਟਕੜ ਕਲਾਂ ਜੋ ਪੰਜਾਬ ਦੀ ਅਮੀਰ ਵਿਰਾਸਤ ਨੂੰ ਦਰਸਾਉਂਦਾ ਹੈ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਇਸ ਮਿਊਜ਼ੀਅਮ ਨੂੰ ਦੇਖਣ ਲਈ ਪ੍ਰੇਰਿਤ ਕਰੇਗਾ ਤਾਂ ਜੋ ਦੇਸ਼ ਭਗਤੀ ਦਾ ਜਜ਼ਬਾ ਉਨ੍ਹਾਂ ਦੇ ਮਨਾਂ ਵਿੱਚ ਵਸੇ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਇਤਿਹਾਸਕ ਦੌਰ ਦੀ ਯਾਦ ਦਿਵਾਉਂਦਾ ਰਹੇ। ਉਨ੍ਹਾਂ ਨੂੰ ਸਾਡੀ ਮਾਤ ਭੂਮੀ ਲਈ ਇਸ ਮਹਾਨ ਸ਼ਹੀਦ ਦੀ ਮਹਾਨ ਕੁਰਬਾਨੀ ਦੇ ਪਿੱਛੇ ਦਾ ਇਤਿਹਾਸ ਦੱਸੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਇਸ ਸਮਾਗਮ ਦੌਰਾਨ ਹਾਜ਼ਰ ਮਹਿਮਾਨਾਂ ਨੂੰ ਤਸਵੀਰ ਵਾਲਾ ਬਰੋਸ਼ਰ ਵੰਡਿਆ ਅਤੇ ਦਰਸ਼ਕਾਂ ਲਈ ਅਜਾਇਬ ਘਰ ਵਿੱਚ ਵੀ ਰੱਖਿਆ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸ਼੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਯੂਥ ਵਿੰਗ ਦੀ ਮੀਟਿੰਗ ਆਮੰਤਰਨ ਵਿਲਾ 'ਚ ਹੋਈ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)-** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਵਿੰਗ ਪੰਜਾਬ ਦੀ ਮੀਟਿੰਗ ਆਮੰਤਰਨ ਵਿਲਾ ਵਿੱਚ ਪੰਜਾਬ ਪ੍ਰਧਾਨ ਤਜਿੰਦਰ ਸਿੰਘ ਦਿਓਲ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਸਰਦਾਰ ਈਮਾਨ ਸਿੰਘ ਮਾਨ ਸਰਪ੍ਰਸਤ ਯੂਥ ਵਿੰਗ, ਕੌਮੀ ਜਨਰਲ ਸਕੱਤਰ ਭਾਈ ਅੰਮ੍ਰਿਤ ਪਾਲ ਸਿੰਘ ਛੰਦੜਾ ਅਤੇ ਜਤਿੰਦਰ ਸਿੰਘ ਥਿੰਦ ਪੀ ਏ ਸੀ ਮੈਂਬਰ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਪਿਛਲੀਆਂ ਚੋਣਾਂ ਵਿੱਚ ਹੋਈ ਹਾਰ ਅਤੇ ਆਉਣ ਵਾਲੀਆਂ ਜਿਮਨੀ ਚੋਣਾਂ ਵਾਰੇ ਵਿਚਾਰ ਕੀਤਾ ਗਿਆ। ਸਾਡੇ ਪੰਜਾਬ ਦੇ ਨੌਜਵਾਨ ਜਿਹੜੇ ਨਸ਼ਿਆਂ ਰਾਹੀਂ ਜਾਂ ਪੁਲਿਸ ਜਿਨਾਂ ਨੂੰ ਗੈਂਗਸਟਾਰ ਕਹਿ ਕੇ ਮਾਰ ਰਹੀ ਹੈ। ਜੋ ਧਾਰਮਿਕ ਤੌਰ ਤੇ ਅੰਮ੍ਰਿਤ ਛਕਾਉਣ ਅਤੇ ਨਸ਼ਾ ਛਡ-ਾਉਣ ਦੀ ਗੱਲ ਕਰਦੇ ਹਨ। ਉਨਾਂ ਨੂੰ ਡਿਬਰੂਗੜ ਜੇਲ ਵਿੱਚ ਬੰਦ ਕੀਤਾ ਜਾ ਰਿਹਾ ਹੈ। 32,32 ਸਾਲਾਂ ਤੋਂ ਨੌਜਵਾਨ ਜੇਲਾਂ ਵਿੱਚ ਬੰਦ ਹਨ। ਇਸ ਤਰੀਕੇ ਨਾਲ ਸਰਕਾਰਾਂ ਦੂਹਰੇ ਮਾਪਦੰਡ ਵਰਤ ਕੇ ਸਿੱਖਾਂ ਨਾਲ ਵਿਤਕਰਾ ਕਰ ਰਹੀਆਂ ਹਨ। ਜੇਕਰ ਸਰਕਾਰ ਨੇ ਉਕਤ ਮਸਲਿਆਂ ਤੇ ਧਿਆਨ ਨਾ ਦਿੱਤਾ ਤਾਂ ਪੰਜਾਬ ਦਾ ਨੌਜਵਾਨ ਇਥੋਂ ਬਾਗੀ ਹੋ ਕੇ ਸਰਕਾਰ ਵਾਸਤੇ ਮੁਸੀਬਤ ਖੜੀ ਕਰ ਦੇਵੇਗਾ। ਅਸੀਂ ਚਾਹੁੰਦੇ ਹਾਂ ਕਿ ਇਸ ਗੱਲ ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਿਸ਼ੇਸ਼ ਧਿਆਨ ਦੇਵੇ ਅਤੇ ਜਿਵੇਂ ਪੰਜਾਬ ਦਾ ਪਾਣੀ ਖੋਹਿਆ ਜਾ ਰਿਹਾ ਹੈ।



ਬਾਕੀ ਰਹਿੰਦੇ ਪਾਣੀ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਬੀ ਬੀ ਐਮ ਬੀ ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰ ਦਿੱਤੀ ਗਈ। ਹਰ ਸਾਲ ਪੰਜਾਬ ਨੂੰ ਆਰਥਿਕ ਤੌਰ ਤੇ ਨੁਕਸਾਨ ਕਰਨ ਲਈ ਡੋਬ ਦਿੱਤਾ ਜਾਂਦਾ ਹੈ।

ਬਾਰਡਰ ਤੇ ਰਹਿੰਦੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਰਹਿੰਦਾ ਹੈ। ਸੋ ਇਹਨਾਂ ਸਾਰੀਆਂ ਚੀਜ਼ਾਂ ਨੂੰ ਰੋਕਣ ਵਾਸਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਪੰਜਾਬ ਦੇ ਨਾਲ ਲੱਗਦੇ ਸਾਰੇ ਬਾਰਡਰ ਖੋਲੇ ਜਾਣ ਤਾਂ ਜੋ ਪੰਜਾਬ ਦੀ ਆਰਥਿਕ ਸਥਿਤੀ ਮਜਬੂਤ ਹੋ ਸਕੇ।

ਅੱਜ ਦੀ ਇਸ ਪੂਰੀ ਮੀਟਿੰਗ ਦਾ ਪ੍ਰਬੰਧ ਸਰਦਾਰ ਜਗਦੇਵ ਸਿੰਘ ਪਾਂਗਲੀ ਨੇ ਕੀਤਾ। ਇਸ ਮੌਕੇ ਸਰਦਾਰ ਜਗਦੇਵ ਸਿੰਘ ਪਾਂਗਲੀ ਨੇ ਪਹੁੰਚੇ ਹੋਏ ਯੂਥ ਵਿੰਗ ਦੇ ਸਾਰੇ ਆਗੂ ਸਹਿਬਾਨਾਂ ਦਾ ਧੰਨਵਾਦ ਕੀਤਾ। ਇਸ ਸਮੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਜਗਮੀਤ ਸਿੰਘ ਯੂਥ ਪ੍ਰਧਾਨ ਸੰਗਰੂਰ, ਹਰਮੀਤ ਸਿੰਘ ਸੋਢੀ ਯੂਥ ਪ੍ਰਧਾਨ ਪਟਿਆਲਾ, ਗੁਰਪ੍ਰੀਤ ਸਿੰਘ ਝਾਂਮਪੁਰ ਯੂਥ ਪ੍ਰਧਾਨ ਫਤਿਹਗੜ੍ਹ ਸਾਹਿਬ, ਹਰਜੀਤ ਸਿੰਘ ਚਤਾਮਲਾ ਯੂਥ ਪ੍ਰਧਾਨ ਰੋਪੜ, ਮੱਖਣ ਸਿੰਘ ਸੁਭਾਓ ਮਾਨਸਾ, ਸਤਨਾਮ ਸਿੰਘ ਰੱਤੋ ਕੇ ਮੀਡੀਆ ਇਨਚਾਰਜ ਸੰਗਰੂਰ, ਗੁਰਪ੍ਰੀਤ ਸਿੰਘ ਯੂਥ ਪ੍ਰਧਾਨ ਬਰਨਾਲਾ, ਗਗਨਦੀਪ ਸਿੰਘ ਸੁਰ ਸਿੰਘ ਵਾਲਾ ਯੂਥ ਪ੍ਰਧਾਨ ਤਰਨ ਤਾਰਨ, ਗੁਰਪ੍ਰੀਤ ਸਿੰਘ ਮੜੌਲੀ ਕਲਾਂ ਰੋਪੜ, ਲਵਪ੍ਰੀਤ ਸਿੰਘ ਹਲਕਾ ਇੰਚਾਰਜ ਗੁਰਦਾਸਪੁਰ, ਗੁਰਵਿੰਦਰ ਸਿੰਘ ਮਹਿਲਮ ਯੂਥ ਪ੍ਰਧਾਨ ਫਿਰੋਜ਼ਪੁਰ, ਜਗਜੀਤ ਸਿੰਘ ਸ਼ੁਸ਼ਕ, ਪ੍ਰਭ ਜੋਤ ਸਿੰਘ ਖਾਲਸਾ ਜਰਨਲ ਸਕੱਤਰ ਲੁਧਿਆਣਾ, ਗਗਨਦੀਪ ਸਿੰਘ ਡੇਰਾ ਬਾਬਾ ਨਾਨਕ, ਰਣਜੀਤ ਸਿੰਘ ਨੋਨਾ ਸਰਕਲ ਇਨਚਾਰਜ ਦੋਰਾਹਾ ਤੇ ਪਰਮੀਤ ਸਿੰਘ ਸਰਕਲ ਇਨਚਾਰਜ ਮਿਹਰਬਾਨ ਵੀ ਮੌਜੂਦ ਸਨ।

# ਇਸਤਰੀ ਜਾਗ੍ਰਿਤੀ ਮੰਚ ਵੱਲੋਂ ਐੱਮ.ਐੱਲ.ਏ. ਦੀ ਸ਼ਹਿ 'ਤੇ ਹੁਸ਼ਿਆਰਪੁਰ 'ਚ ਮਜ਼ਦੂਰਾਂ 'ਤੇ ਹੋਏ ਅੰਨੇ ਤਸ਼ੱਦਦ ਦੀ ਸਖ਼ਤ ਨਿੰਦਾ

**ਸੰਗਰੂਰ, (ਦਲਜੀਤ ਕੌਰ)** ਇਸਤਰੀ ਜਾਗ੍ਰਿਤੀ ਮੰਚ ਵੱਲੋਂ ਹੁਸ਼ਿਆਰਪੁਰ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਰੋਸ ਪ੍ਰਦਰਸ਼ਨ ਦੌਰਾਨ ਪੁਲਿਸ ਵੱਲੋਂ ਔਰਤਾਂ ਨੂੰ ਵਿਸ਼ੇਸ਼ ਰੂਪ ਵਿੱਚ ਟਾਰਗੇਟ ਬਣਾ ਕੇ ਉਹਨਾਂ ਉੱਪਰ ਲਾਠੀਚਾਰਜ਼ ਕਰਨਾ ਤੇ ਔਰਤਾਂ ਨੂੰ ਗੰਭੀਰ ਰੂਪ ਵਿੱਚ ਸੱਟਾਂ ਮਾਰਨ ਦੀ ਇਸਤਰੀ ਜਾਗਰਤੀ ਮੰਚ ਨੇ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਲਾਠੀਚਾਰਜ ਤੇ ਖਿੱਚਧੂਹ ਦੌਰਾਨ ਇਸਤਰੀ ਜਾਗ੍ਰਿਤੀ ਮੰਚ ਜਲੰਧਰ ਏਰੀਆ ਕਮੇਟੀ ਮੈਂਬਰ ਬਲਵਿੰਦਰ ਕੌਰ ਬੇਹੋਸ਼ ਹੋ ਗਏ, ਜਿਸ ਕਾਰਨ ਉਹਨਾਂ ਨੂੰ ਹਸਪਤਾਲ 'ਚ ਦਾਖਿਲ ਕਰਾਉਣਾ ਪਿਆ।



ਇਸਤਰੀ ਜਾਗ੍ਰਿਤੀ ਮੰਚ ਦੇ ਜਰਨਲ ਸਕੱਤਰ ਅਮਨਦੀਪ ਕੌਰ ਦਿਓਲ ਤੇ ਪ੍ਰੈੱਸ ਸਕੱਤਰ ਜਸਵੀਰ ਕੌਰ ਜੱਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਐਮ।ਐਲ।ਏ ਦੇ ਰੱਵਈਏ ਦੇ ਖਿਲਾਫ ਕਾਰਵਾਈ ਕਰਨ ਦੀ ਦਲਿਤ ਨਾਲ ਆਪਣੀ ਕਿੜ੍ਹ ਕੱਢ ਰਹੀ ਹੈ। ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਲਿਤਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ। ਆਮ ਆਦਮੀ ਦੇ ਐਮ।ਐਲ।ਏ। ਨੂੰ ਸਵਾਲ ਪੁੱਛ ਰਹੇ ਮਜ਼ਦੂਰ ਨੌਜਵਾਨਾਂ ਨੂੰ ਚੁੱਕ ਕੇ ਜੇਲ ਵਿੱਚ ਸਿੱਟ ਦੇਣਾ ਉਸ ਦਾ ਦਲਿਤਾਂ ਪ੍ਰਤੀ ਝੂਠਾ ਹੇਜ ਤੋਂ ਪਰਦਾ ਚੁੱਕਦਾ ਹੈ। ਇੱਕ ਇੱਕ ਪਾਸੇ ਉਹ ਦਲਿਤ ਹਤੈਸ਼ੀ ਹੋਣ ਦਾ ਦਾਅਵਾ ਕਰ ਰਹੀ ਹੈ, ਦੂਜੇ ਪਾਸੇ ਮਜਦੂਰਾਂ ਯੂਨੀਅਨ ਦੇ ਆਗੂਆਂ ਦੀ ਰਿਹਾਈ ਲਈ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੌਰਾਨ ਮਜ਼ਦੂਰਾਂ ਅਤੇ ਔਰਤਾਂ ਉੱਤੇ ਅੰਨਾ ਲਾਠੀਚਾਰਜ਼ ਕਰਕੇ ਭਾਜਪਾ ਦੀ ਬੀ ਟੀਮ ਵਾਂਗ ਪੇਸ਼ ਆ ਰਹੀ ਹੈ।ਆਮ ਆਦਮੀ ਸਰਕਾਰ ਦੀ ਔਰਤਾਂ ਪ੍ਰਤੀ ਭਾਵੁਕਤਾ ਦਾ ਹੁਸ਼ਿਆਰਪੁਰ ਵਿੱਚ ਹੋਏ ਅੰਨੇ ਲਾਠੀਚਾਰਜ ਤੋਂ ਪਤਾ ਚੱਲਦਾ ਹੈ।

# ਤਿੰਨ ਨਵੇਂ ਅਪਰਾਧਿਕ ਕਨੂੰਨ ਰੱਦ ਕਰਾਉਣ ਲਈ ਰੋਸ ਮੁਜਾਹਰਾ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)-** ਅੱਜ ਇੱਥੇ ਬੱਸ ਸਟੈਂਡ ਕੰਪਲੈਕਸ ਚ ਤਹਿਸੀਲ ਜਗਰਾਂਓ ਦੀਆਂ ਦਰਜਨ ਦੇ ਕਰੀਬ ਜਨਤਕ ਜਮਹੂਰੀ ਜਥੇਬੰਦੀਆਂ ਨੇ ਇਕੱਤਰ ਹੋ ਕੇ ਸੂਬੇ ਦੀਆਂ ਚਾਲੀ ਕਿਸਾਨ ਮਜਦੂਰ ਮੁਲਾਜ਼ਮ ਜਮਹੂਰੀ ਜਥੇਬੰਦੀਆਂ ਦੇ ਸੱਦੇ 'ਤੇ ਮੋਦੀ ਹਕੂਮਤ ਵੱਲੋਂ ਦੇਸ਼ ਭਰ ਚ ਇੱਕ ਜੁਲਾਈ ਤੋ ਲਾਗੂ ਕੀਤੇ ਜਾ ਰਹੇ ਨਵੇਂ ਅਪਰਾਧਿਕ ਕਨੂੰਨ ਰੱਦ ਕਰਨ ਦੀ ਮੰਗ ਨੂੰ ਲੈ ਕੇ ਰੋਸ ਮਜਾਹਰਾ ਕੀਤਾ। ਵਿਸ਼ਵਪ੍ਰਸਿੱਧ ਲੋਕਪੱਖੀ ਲੇਖਿਕਾ ਅਰੁਧੰਤੀ ਰੋਏ ਅਤੇ ਕਸ਼ਮੀਰ ਦੇ ਕੌਮੀ ਅਜ਼ਾਦੀ ਲਹਿਰ ਦੇ ਸਮਰਥਕ ਪ੍ਰੋ ਸ਼ੇਖ ਸ਼ੌਕਤ ਹੁਸੈਨ' ਤੇ ਦੇਸ਼ਧਰੋਹ ਦਾ ਮੁਕੱਦਮਾ ਦਰਜ ਕਰਨ ਦਾ ਅਮਲ ਤੁਰਤ ਬੰਦ ਕਰਨ ਲਈ ਇਸ ਮੁਜ਼ਾਹਰੇ ਰਾਹੀਂ ਅਵਾਜ਼ ਉਠਾਈ ਗਈ। ਯੂ ਏ ਪੀ ਏ ਕਨੂੰਨ ਰੱਦ ਕਰੋ ਦੇ ਨਾਰੇ ਗੁੰਜਾਏ ਗਏ। ਮੁਜਾਹਰਾਕਾਰੀਆ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਦੇਸ਼ ਅੰਦਰ ਹਿੰਦੂ ਰਾਜ ਦੀ ਸਥਾਪਨਾ , ਸੰਘੀ ਢਾਂਚਾ ਭੰਗ ਕਰਨ, ਹਰ ਵਿਰੋਧੀ ਆਵਾਜ਼ ਦਾ ਗਲ਼ਾ ਘੁੱਟਣ ਲਈ ਦੇਸ਼ ਚ ਅਣਐਲਾਨੀ ਐਮਰਜੈਂਸੀ ਲਾਗੂ ਕਰ ਦਿੱਤੀ ਗਈ। ਮੋਦੀ ਦੀ ਫਾਸ਼ੀ ਹਕੂਮਤ ਕਾਰਪੋਰੇਟਾਂ ਦੇ ਹਿੱਤਾਂ ਦੀ ਰਾਖੀ ਲਈ ਇਹ ਤਾਨਾਸ਼ਾਹ ਕਨੂੰਨ ਲਾਗੂ ਕਰਕੇ ਦੇਸ਼ ਨੂੰ ਖੁੱਲ੍ਹੀ ਜੇਲ੍ਹ ਚ ਬਦਲਣ ਜਾ ਰਹੀ ਹੈ। ਇਨ੍ਹਾਂ ਨਵੇ ਕਨੂੰਨਾਂ ਦਾ ਨਵਾਂ ਲਬਾਣਾ ਲੋਕਾਂ ਲਾਈ ਆਉਣ ਵਾਲੇ ਸਮੇ ਚ ਵੱਡੇ ਖਤਰੇ ਸਮੋਈ ਬੈਠਾ ਹੈ ਜਿਸ ਖਿਲਾਫ ਕਿਸਾਨ ਅੰਦੋਲਨ ਵਾਂਗ ਵੱਡੀ ਲੋਕ ਲਹਿਰ ਦੀ ਉਸਾਰੀ ਕਰਨੀ ਪਵੇਗੀ। ਆਗੂਆਂ ਨੇ ਕਿਹਾ ਕਿ ਇਹ ਕਾਲ਼ੇ ਕਨੂੰਨ ਰੱਦ ਕਰਾਉਣ ਤੱਕ ਸੰਘਰਸ਼ ਜਾਰੀ ਰਹੇਗਾ।

ਇਸ ਲਈ ਅਗਲੀ ਰਣਨੀਤੀ 21 ਜੁਲਾਈ ਦੀ ਸੂਬਾ ਪੱਧਰੀ ਜਲੰਧਰ ਕਨਵੈਨਸ਼ਨ ਚ ਉਲੀਕੀ ਜਾਵੇਗੀ। ਇਸ ਸਮੇਂ ਐਸ ਡੀ ਐਮ ਦਫ਼ਤਰ ਮੂਹਰੇ ਕਾਲ਼ੇ ਕਨੂੰਨਾਂ ਦੀਆਂ ਕਾਪੀਆਂ ਸਾੜ ਕੇ ਮੋਦੀ ਦੀ ਫਾਸ਼ੀ ਹਕੂਮਤ ਦਾ ਸਿਆਪਾ ਕੀਤਾ ਗਿਆ। ਐਸਡੀਐਮ ਗੁਰਵੀਰ ਸਿੰਘ ਕੋਹਲੀ ਰਾਹੀਂ ਰਾਸ਼ਟਰਪਤੀ ਦੇ ਨਾਮ ਲਿਖਤੀ ਮੰਗ-ਪੱਤਰ ਭੇਜਿਆ ਗਿਆ। ਰੋਸ ਮੁਜਾਹਰੇ ਨੂੰ ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਆਗੂ ਸੁਖਦੇਵ ਸਿੰਘ ਭੂੰਦੜੀ, ਪਲਸ ਮੰਚ ਆਗੂ ਕੰਵਲਜੀਤ ਖੰਨਾ, ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੋਂਦਾ ਦੇ ਜਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਕਿਰਤੀ ਕਿਸਾਨ ਯੂਨੀਅਨ ਦੇ ਬਲਵਿੰਦਰ ਸਿੰਘ, ਦਸਮੇਸ਼ ਕਿਸਾਨ ਮਜ਼ਦੂਰ



ਯੂਨੀਅਨ ਦੇ ਆਗੂ ਰਣਜੀਤ ਸਿੰਘ ਗੁੜ੍ਹੇ, ਜਮਹੂਰੀ ਕਿਸਾਨ ਸਭਾ ਦੇ ਆਗੂ ਗੁਰਮੇਲ ਸਿੰਘ ਰੂਮੀ, ਪੈਨਸ਼ਨਰ ਸਾਂਝਾ ਫਰੰਟ ਦੇ ਆਗੂ ਅਸ਼ੋਕ ਭੰਡਾਰੀ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਦੇਵਿੰਦਰ ਸਿੰਘ ਮਲਸੀਹਾਂ ਨੇ ਸੰਬੋਧਨ ਕੀਤਾ।

# ਸਿਹਤ ਵਿਭਾਗ ਨੇ ਕੌਮੀ ਡਾਕਟਰ ਦਿਵਸ ਮੌਕੇ ਸ਼ਲਾਘਾਯੋਗ ਕੰਮ ਵਾਲੇ ਡਾਕਟਰ ਸਨਮਾਨਿਤ ਕੀਤੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸਿਹਤ ਵਿਭਾਗ ਵੱਲੋਂ ਅੱਜ ਸਿਵਲ ਸਰਜਨ ਦਫ਼ਤਰ ਵਿੱਚ ਕੌਮੀ ਡਾਕਟਰ ਦਿਵਸ ਮਨਾਇਆ ਗਿਆ। ਇਸ ਦੌਰਾਨ ਸਿਵਲ ਸਰਜਨ ਡਾਕਟਰ ਬਲਵਿੰਦਰ ਕੁਮਾਰ ਡਮਾਣਾ ਵੱਲੋਂ ਡਿਪਟੀ



ਮੈਡੀਕਲ ਕਮਿਸ਼ਨਰ ਡਾਕਟਰ ਹਰਬੰਸ ਕੌਰ ਅਤੇ ਸਹਾਇਕ ਸਿਵਲ ਸਰਜਨ ਡਾ ਕਮਲੇਸ਼ ਕੁਮਾਰੀ ਦੇ ਸਹਿਯੋਗ ਨਾਲ ਸ਼ਲਾਘਾਯੋਗ ਸੇਵਾਵਾਂ ਦੇਣ ਵਾਲੇ ਡਾਕਟਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾਕਟਰ ਬਲਵਿੰਦਰ ਕੁਮਾਰ ਨੇ ਕਿਹਾ ਕਿ ਡਾਕਟਰ ਸਮਾਜ ਦੇ ਸੱਚੇ ਸਾਥੀ ਹਨ। ਡਾਕਟਰ ਹਰ ਸਮੇਂ ਸਮਾਜ ਦੀ ਸੇਵਾ ਕਰਦੇ ਹਨ। ਭਾਰਤ ਵਿੱਚ ਕੌਮੀ ਡਾਕਟਰ ਦਿਵਸ, ਦੇਸ਼ ਸੇਵਾ ਪ੍ਰਤੀ ਡਾਕਟਰਾਂ ਦੀ ਭੂਮਿਕਾ, ਸੇਵਾਵਾਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਉਹਨਾਂ ਦਾ ਧੰਨਵਾਦ ਕਰਨ ਲਈ ਹਰ ਸਾਲ 01 ਜੁਲਾਈ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਮਹਾਨ ਡਾਕਟਰ ਬਿਧਾਨ ਚੰਦਰ ਰਾਏ, ਨੂੰ ਸ਼ਰਧਾਂਜਲੀ ਦੇਣ ਲਈ ਸਾਲ 1991 ਵਿੱਚ ਕੀਤੀ ਗਈ ਸੀ ਜਿਹਨਾਂ ਦਾ ਜਨਮ ਅਤੇ ਬਰਸੀ 01 ਜੁਲਾਈ ਨੂੰ ਹੁੰਦੇ ਹਨ। ਇਹ ਉਹਨਾਂ ਡਾਕਟਰਾਂ ਦਾ ਧੰਨਵਾਦ ਕਰਨ ਅਤੇ ਸਨਮਾਨ ਕਰਨ ਦਾ ਇੱਕ ਵਧੀਆ ਮੌਕਾ ਹੈ ਜਿਨ੍ਹਾਂ ਨੇ ਸਾਡੀਆਂ ਜ਼ਿੰਦਗੀਆਂ ਵਿੱਚ ਤਬਦੀਲੀ ਕੀਤੀ ਹੈ। ਡਾਕਟਰ ਹਰਬੰਸ ਕੌਰ ਨੇ ਕਿਹਾ ਕਿ ਅੱਜ ਦਾ ਦਿਨ ਡਾਕਟਰਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਨੂੰ ਪਛਾਣਨ ਅਤੇ ਪ੍ਰਸ਼ੰਸਾ ਕਰਨ ਦਾ ਖਾਸ ਦਿਨ ਹੈ। ਡਾਕਟਰ ਨਾ ਸਿਰਫ਼ ਮਰੀਜ਼ਾਂ ਦਾ ਇਲਾਜ ਕਰਦੇ ਹਨ ਅਤੇ ਠੀਕ ਕਰਦੇ ਹਨ, ਸਗੋਂ ਦੇਸ਼ ਵਿੱਚ ਡਾਕਟਰਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖਿਅਤ ਅਤੇ ਤਿਆਰ ਵੀ ਕਰਦੇ ਹਨ। ਉਨ੍ਹਾਂ ਕਿਹਾ ਕੋਵਿਡ-19 ਮਹਾਂਮਾਰੀ ਦੌਰਾਨ ਡਾਕਟਰਾਂ ਨੇ ਮਰੀਜ਼ਾਂ ਦੀ ਜਾਨ ਬਚਾਉਣ ਲਈ ਮੋਹਰੀ ਰੋਲ ਅਦਾ ਕਰਦੇ ਕਈਆਂ ਨੇ ਆਪਣੀ ਜਾਨ ਵੀ ਗਵਾਈ ਹੈ। ਇਸ ਮੌਕੇ ਤਨਦੇਹੀ ਨਾਲ ਵਧੀਆ ਸੇਵਾਵਾਂ ਨਿਭਾਉਣ ਵਾਲੇ ਡਾਕਟਰਾਂ ਸਿਵਲ ਹਸਪਤਾਲ ਹੁਸ਼ਿਆਰਪੁਰ ਤੋਂ ਮਨੋਰੋਗ ਮਾਹਿਰ ਡਾ ਰਾਜ ਕੁਮਾਰ ਤੇ ਮੈਡੀਕਲ ਸ਼ਪੈਸਲਿਸਟ ਡਾ ਅਮਨਦੀਪ ਸਿੰਘ, ਐਸਡੀਐਚ ਮੁਕੇਰੀਆਂ ਤੋਂ ਬੱਚਿਆ ਦੇ ਮਾਹਰ ਡਾ ਗੁਰਦੀਪ ਸਿੰਘ, ਐਸਡੀਐਚ ਗੜ੍ਹਸ਼ੰਕਰ ਤੋਂ ਸਰਜਨ ਡਾ ਪਰਮਹੰਸ, ਐਸਡੀਐਚ ਦਸੂਹਾ ਤੋਂ ਅੱਖਾਂ ਦੇ ਮਾਹਿਰ ਡਾ ਕਰਨੈਲ ਸਿੰਘ ਅਤੇ ਸੀਐਚਸੀ ਮੰਡ ਮੰਡੇਰ ਤੋਂ ਡੈਂਟਲ ਸਰਜਨ ਡਾ ਵਰੁਣ ਨਈਅਰ ਨੂੰ ਸ਼ਲਾਘਾਯੋਗ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

# ਜ਼ਿਲ੍ਹਾ ਸਿੱਖਿਆ ਅਫਸਰ ਨੇ ਸਕੂਲਾਂ ਦੀ ਅਚਨਚੇਤ ਚੈਕਿੰਗ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਗਰਮੀਆਂ ਦੀਆਂ ਛੁੱਟੀਆ ਖਤਮ ਹੋਣ ਉਪਰੰਤ ਪਹਿਲੇ ਦਿਨ ਖੁੱਲੇ ਸਕੂਲਾਂ ਦੀ ਸ਼੍ਰੀਮਤੀ ਰਵਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਅਤੇ ਸੈਕੰਡਰੀ) ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਪਣੀ ਟੀਮ ਨਾਲ ਮਿਲ ਕੇ ਕੁੱਲ 90 ਸਕੂਲਾਂ (ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਦੀ ਅਚਨਚੇਤ ਚੈਕਿੰਗ ਕੀਤੀ ਗਈ। ਅਚਨਚੇਤ ਚੈਕਿੰਗ ਵਾਸਤੇ ਕੁੱਲ 17 ਟੀਮਾਂ ਦਾ ਗਠਨ ਕੀਤਾ ਗਿਆ ਸੀ। ਜਿਸ ਵਿੱਚ ਰਾਜੇਸ਼ ਕੁਮਾਰ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਵਰਿੰਦਰ ਕੁਮਾਰ ਉਪ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ) ਅਤੇ 07 ਬਲਾਕਾ ਦੇ 07 ਬੀ।ਐਨ।ਓਜ਼। (07 ਐਲੀਮੈਂਟਰੀ ਦੇ ਅਤੇ 07 ਸੈਕੰਡਰੀ ਦੇ) ਸ਼ਾਮਲ ਸਨ। ਜਿਨ੍ਹਾ ਵੱਲੋਂ ਸਕੂਲਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਨ ਸਕੂਲਾਂ ਵਿੱਚ ਮਿਸ਼ਨ ਸਮਰੱਥ, ਵਿਦਿਆਰਥੀਆਂ ਦੇ ਦਾਖਲੇ, ਮਿਡ-ਡੇ-ਮੀਲ, ਕਿਤਾਬਾਂ, ਸਕੂਲਾਂ ਦੀ ਸਾਫ-ਸਫਾਈ ਅਤੇ ਹੋਰ ਸਕੂਲ ਵਿੱਚ ਚੱਲ ਰਹੇ ਕੰਮਾਂ ਦਾ ਜ਼ਾਇਜ਼ਾ ਲਿਆ ਗਿਆ। ਇਸ ਚੈਕਿੰਗ ਦੌਰਾਨ ਸਕੂਲਾਂ ਵਿੱਚ ਪਾਈਆ ਗਈਆ ਉਣਤਾਈਆ ਸਬੰਧੀ ਸਕੂਲ ਮੁੱਖੀਆਂ ਨੂੰ ਦੱਸਿਆ ਗਿਆ ਅਤੇ ਇਹਨਾਂ ਉਣਤਾਈਆਂ ਨੂੰ ਜਲਦ ਦੂਰ ਕਰਨ ਲਈ ਕਿਹਾ ਗਿਆ। ਸਕੂਲਾਂ ਵਿੱਚ ਕੀਤੇ ਗਏ ਵਧੀਆ



ਉਪਰਾਲਿਆ ਲਈ ਸਕੂਲ ਮੁੱਖੀਆਂ ਦੀ ਪ੍ਰਸ਼ੰਸ਼ਾ ਵੀ ਕੀਤੀ ਗਈ। ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਉਪ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ-ਸੈਕੰਡਰੀ) ਅਤੇ ਸਮੂਹ ਬੀ।ਐਨ।ਓਜ਼। ਨਾਲ ਜ਼ਿਲ੍ਹਾ ਦਫਤਰ ਵਿੱਚ ਰੀਵਿਉ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਕੂਲਾਂ ਵਿੱਚ ਹੋਰ ਸੁਧਾਰ ਕਿਵੇਂ ਲਿਆਇਆ ਜਾ ਸਕਦਾ ਇਸ ਤੇ ਵਿਚਾਰ ਚਰਚਾ ਕੀਤੀ ਗਈ।

# 10ਵੀਂ ਵਰਲਡ ਪੰਜਾਬੀ ਕਾਨਫਰੰਸ ਵਿਚ ਡਾਕਟਰ ਇੰਦਰਬੀਰ ਸਿੰਘ ਨਿੱਝਰ , ਬਾਲ ਮੁਕੰਦ ਸ਼ਰਮਾ ਤੇ ਸੰਤ ਬਲਬੀਰ ਸਿੰਘ ਸੀਚੇਵਾਲ ਸ਼ਿਰਕਤ ਕਰਨਗੇ

## ਗਲੋਬ ਪਿੰਡ ਦੇ ਸਕਾਲਰ ਵਿਚਾਰ ਚਰਚਾ ਕਰਨਗੇ

**ਮੌਂਟਰੀਅਲ. ਕੈਨੇਡਾ (ਸੰਤੋਖ ਸਿੰਘ ਜੱਸੀ)–** ਉਨਟਾਰੀਓ ਫਰੈਂਡਜ ਕਲੱਬ ਵਲੋਂ ਕਰਾਈ ਜਾ ਰਹੀ 10ਵੀ ਵਰਲਡ ਪੰਜਾਬੀ ਕਾਨਫਰੰਸ ਵਿਚ ਮੁਖ ਮਹਿਮਾਨ ਦੇ ਤੌਰ ਤੇ ਡਾਕਟਰ ਇੰਦਰਬੀਰ ਸਿੰਘ ਨਿੱਝਰ, ਪ੍ਰਧਾਨ, ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਸ਼ਿਰਕਤ ਕਰਨਗੇ ੀ ਹੋਰ ਹਸਤੀਆਂ ਦੇ ਨਾਲ ਬਾਲ ਮੁਕੰਦ ਸ਼ਰਮਾ, ਚੇਅਰਮੈਨ ਪੰਜਾਬ ਸਟੇਟ ਫ਼ੂਡ ਕਮਿਸ਼ਨ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਐਮ। ਪੀ। ਵੀ ਕਾਨਫਰੰਸ ਦੀ ਸ਼ੋਭਾ ਵਧਾਉਣਗੇ। ਉਨਟਾਰੀਓ ਫਰੈਂਡਜ ਕਲੱਬ ਦੇ ਕਰਤਾ ਧਰਤਾ ਤੇ ਕਾਨਫ਼ਰੰਸ ਦੇ ਚੇਅਰਮੈਨ ਸਰਦਾਰ ਅਜੈਬ ਸਿੰਘ ਚੱਠਾ ਨੇ ਖੁਲਾਸਾ ਕੀਤਾ ਕਿ ਬਰੈਂਪਟਨ, ਕੈਨੇਡਾ ਵਿਖੇ ਤਿੰਨ ਰੋਜ਼ਾ ਇਸ ਕਾਨਫਰੰਸ ਵਿੱਚ 5 ਜੁਲਾਈ ਨੂੰ ਡਾਕਟਰ ਇੰਦਰਬੀਰ ਸਿੰਘ ਨਿੱਝਰ ਕਾਨਫਰੰਸ ਦੀ ਯਾਦਗਾਰੀ ਸ਼ੁਰੂਆਤ ਕਰਨਗੇ । 6 ਜੁਲਾਈ ਨੂੰ ਬਾਲ ਮੁਕੰਦ ਸ਼ਰਮਾ ਪੰਜਾਬੀਆਂ ਦੀ ਸੇਹਤ ਅਤੇ ਸਾਹਿਤ ਤੇ ਗੱਲ ਕਰਨਗੇ ਤੇ ਵਕਾਰੀ ਪ੍ਰੋਜੈਕਟ 'ਪੰਜਾਬ ਮਾਰਟ' ਬਾਰੇ ਕਨੇਡੀਅਨ ਪੰਜਾਬੀਆਂ ਦੀ ਸਾਂਝ ਪਵਾਉਣਗੇ ੀ ਉਨਾਂ ਨਾਲ ਵਿਦੇਸ਼ੀ ਵਿਦਵਾਨ ਵੀ ਕਾਨਫਰੰਸ ਵਿੱਚ ਪਹੁੰਚ ਰਹੇ ਹਨ।

7 ਜੁਲਾਈ, ਐਤਵਾਰ ਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਐਮ. ਪੀ. ਪ੍ਰਬੰਧਕਾਂ ਬੁਲਾਰਿਆਂ ਅਤੇ ਹਾਜਰੀਨਾਂ ਨੂੰ ਅਸ਼ੀਰਵਾਦ ਦੇਣ ਲਈ ਉਚੇਚੇ ਤੋਰ ਤੇ ਪਹੁੰਚ ਰਹੇ ਹਨ। ਇਸ ਮੌਕੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ 25 ਨਾਮਵਰ ਲੇਖਕਾਂ ਦਾ ਪੋਸਟਰ ਵੀ ਰੀਲੀਜ ਕੀਤਾ ਜਾਵੇਗਾ। ਪੰਜਾਬੀ ਦੇ ਪੁਰਾਤਨ ਨਾਇਕਾਂ ਤੇ ਮਜੂਦਾ ਨਾਇਕਾਂ ਬਾਰੇ ਵਿਚਾਰਾਂ ਹੋਣਗੀਆਂ ਤੇ ਨਾਇਕਾ ਦੀ ਸੂਚੀ ਤਿਆਰ ਹੋਵੇਗੀ। ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਵਿਦਵਾਨਾਂ ਵਲੋਂ ਖੋਜ ਪੱਤਰ ਪੜੇ ਜਾਣਗੇ।

ਪੰਜਾਬ ਦੀ ਅਮੀਰ ਵਿਰਾਸਤ ਦੇ ਜਿਕਰ ਤੇ ਫਿਕਰ ਲਈ ਹੋ ਰਹੀ 10ਵੀਂ ਵਿਸ਼ਵ ਪੰਜਾਬੀ ਕਾਨਫਰੰਸ 'ਚ ਗਲੋਬ ਪਿੰਡ ਦੇ ਸਕਾਲਰ, ਸਾਹਿਤਕਾਰ, ਰਾਜਨੇਤਾ, ਕਲਾਕਾਰ ਤੇ ਚਿੰਤਕ ਭਾਗ ਲੈਣਗੇ।

ਪਾਕਿਸਤਾਨ, ਭਾਰਤ, ਇੰਗਲੈਂਡ ਤੇ ਅਮਰੀਕਾ ਤੋਂ ਕਈ ਵਿਦਵਾਨ ਕਾਨਫਰੰਸ ਵਿਚ ਹਿਸਾ ਲੈਣ ਲਈ ਆ ਚੁਕੇ ਹਨ। ਹੋਰ ਵਿਦਵਾਨਾਂ 'ਚ ਡਾਕਟਰ ਸਤਨਾਮ ਸਿੰਘ ਜੱਸਲ, ਡਾਕਟਰ ਆਸਾ ਸਿੰਘ ਘੁੰਮਣ, ਡਾਕਟਰ ਸਾਇਮਾ ਇਰਮ, ਡਾਕਟਰ ਇਕਬਾਲ ਸ਼ਾਹਿਦ, ਕੁਲਬਿੰਦਰ ਰਾਏ ਤੇ ਬਲਵਿੰਦਰ ਸਿੰਘ ਚੱਠਾ ਆਦਿ ਸ਼ਾਮਿਲ ਹੋਣਗੇ।

# ਲੋਕ ਸਭਾ ਚੋਣ ਲੜ ਚੁੱਕੇ ਉਮੀਦਵਾਰਾਂ ਦੇ ਚੋਣ ਖਰਚਿਆਂ ਦਾ ਅੰਤਿਮ ਮਿਲਾਨ ਕੀਤਾ ਗਿਆ

**ਸੰਗਰੂਰ, (ਦਲਜੀਤ ਕੌਰ)–** ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ-2024 ਵਿੱਚ ਲੋਕ ਸਭਾ ਹਲਕਾ 12-ਸੰਗਰੂਰ ਤੋਂ ਚੋਣ ਲੜ ਚੁੱਕੇ ਉਮੀਦਵਾਰਾਂ ਦੇ ਚੋਣ ਖਰਚਿਆਂ ਦਾ ਮਿਲਾਨ ਕਰਨ ਲਈ ਅੱਜ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੰਤਿਮ ਲੇਖਾ-ਜੋਖਾ ਮੀਟਿੰਗ ਖਰਚਾ ਆਬਜ਼ਰਵਰ ਅਮਿਤ ਸੰਜੇ ਗੁਰਵ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਵਿਖੇ ਹੋਈ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ ਦੀ ਮੌਜੂਦਗੀ ਵਿੱਚ ਹੋਈ ਮੀਟਿੰਗ ਦੌਰਾਨ ਚੋਣ ਲੜ ਚੁੱਕੇ ਉਮੀਦਵਾਰਾਂ ਦੇ ਨੁਮਾਇੰਦਿਆਂ ਅਤੇ ਖਰਚਿਆਂ ਸੰਬੰਧੀ ਤੈਨਾਤ ਨੋਡਲ ਅਫਸਰਾਂ ਵੱਲੋਂ ਦਰਜ ਕੀਤੇ ਚੋਣ ਖਰਚਾ ਸਟੇਟਮੈਂਟਾਂ ਦਾ ਮਿਲਾਨ ਕੀਤਾ ਗਿਆ।



ਇਸ ਮੌਕੇ ਡੀ।ਸੀ।ਐਫ।ਏ-ਕਮ- ਜ਼ਿਲ੍ਹਾ ਖਰਚਾ ਨਿਗਰਾਨ ਅਫਸਰ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਤਹਿਤ ਪਈਆਂ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਈ ਸੀ ਅਤੇ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਸ ਤੋਂ 26 ਦਿਨ ਬਾਅਦ ਅੱਜ, ਚੋਣ ਲੜ ਚੁੱਕੇ ਉਮੀਦਵਾਰਾਂ ਦੇ ਚੋਣ ਖਰਚੇ ਦੇ ਬਿੱਲ/ਵਾਊਚਰ ਅਤੇ ਬੈਂਕ ਸਟੇਟਮੈਂਟਾਂ, ਖਾਤੇ ਦੇ ਰਜਿਸਟਰਾਂ ਆਦਿ ਵਿੱਚ ਦਰਜ ਵੇਰਵੇ ਖਰਚਾ ਆਬਜ਼ਰਵਰ ਦੀ ਨਿਗਰਾਨੀ ਹੇਠ ਮਿਲਾਏ ਗਏ ਹਨ। ਮੀਟਿੰਗ ਦੌਰਾਨ ਤਹਿਸੀਲਦਾਰ ਚੋਣਾਂ ਪਰਮਜੀਤ ਕੌਰ ਸਮੇਤ ਖਰਚਾ ਨਿਗਰਾਨ ਸੈਲ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਡੀਜੀ ਸਿੰਘ ਨੇ ਵੱਖ ਵੱਖ ਸਕੂਲਾਂ ਵਿੱਚ ਮਿਸ਼ਨ ਸਮਰਥ ਦੀਆਂ ਚੱਲ ਰਹੀਆਂ ਗਤੀਵਿਧੀਆਂ ਦਾ ਕੀਤਾ ਨਿਰੀਖਣ

## ਮਿਸ਼ਨ ਸਮਰਥ ਗੁਣਾਤਮਕ ਸਿੱਖਿਆ ਦਾ ਹੈ ਅਧਾਰ:- ਡੀਜੀ ਸਿੰਘ

**ਪਠਾਨਕੋਟ, (ਜਸਪਾਲ ਕੁਮਾਰ ਆਜ਼ਾਦ)** ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਪ੍ਰਾਇਮਰੀ ਸਕੂਲ ਮਿਰਜ਼ਾਪੁਰ , ਮਿਡਲ ਸਕੂਲ ਮਿਰਜ਼ਾਪੁਰ, ਸਰਕਾਰੀ ਪ੍ਰਾਇਮਰੀ ਸਕੂਲ ਫਤਿਹਗੜ, ਸਰਕਾਰੀ ਹਾਈ ਸਕੂਲ ਫਤਿਹਗੜ, ਸਰਕਾਰੀ ਪ੍ਰਾਇਮਰੀ ਸਕੂਲ ਐਮਾਂ ਚੰਗਾ ਸਕੂਲਾਂ ਵਿੱਚ ਮਿਸ਼ਨ ਸਮਰੱਥ ਤਹਿਤ ਚੱਲ ਰਹੀਆਂ ਗਤੀਵਿਧੀਆਂ ਦਾ ਨਿਰੀਖਣ ਕੀਤਾ ਗਿਆ ਅਤੇ ਆਪਣੇ ਨਿਰੀਖਣ ਦੌਰਾਨ ਜਿਥੇ ਉਨ੍ਹਾਂ ਵੱਲੋਂ ਸਕੂਲਾਂ ਵਿਚ ਮਿਡ ਡੇ ਮੀਲ, ਬੱਚਿਆਂ ਦੀ ਹਾਜ਼ਰੀ ਅਤੇ ਨਵੇਂ ਦਾਖਲਿਆਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਉੱਥੇ ਹੀ ਉਨ੍ਹਾਂ ਵੱਲੋਂ ਮਿਸ਼ਨ ਸਮਰੱਥ ਨੂੰ ਪੂਰੀ ਨਿਸ਼ਠਾ ਨਾਲ ਲਾਗੂ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਸਕੂਲਾਂ ਵਿੱਚ ਬੱਚਿਆਂ ਦੀ ਹਾਜ਼ਰੀ 100% ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ। ਇਸ ਮੌਕੇ ਜਾਣਕਾਰੀ ਦਿੰਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਡੀਜੀ ਸਿੰਘ ਨੇ ਕਿਹਾ ਕਿ ਮਿਸ਼ਨ ਸਮਰਥ ਗੁਣਾਤਮਕ ਸਿੱਖਿਆ ਦਾ ਆਧਾਰ ਹੈ। ਇਸ ਮਿਸ਼ਨ ਨਾਲ ਬੱਚਿਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਹੋਵੇਗਾ।ਉਨ੍ਹਾਂ ਕਿਹਾ ਕਿ ਸਾਡੀ ਪ੍ਰਮੁੱਖਤਾ ਸਿੱਖਿਆ ਦੀ ਗੁਣਵੱਤਾ ਵਿੱਚ ਵਾਧਾ ਕਰਨਾ ਹੈ। ਬੱਚਿਆਂ ਨੂੰ ਉਨ੍ਹਾਂ ਦੇ ਪੱਧਰ ਅਨੁਸਾਰ ਸਿੱਖਿਆ ਦੇਕੇ ਸਮੇਂ ਦਾ ਹਾਣੀ ਬਨਾਉਣਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫ਼ਰਜ ਹੈ ਕਿ ਸਿੱਖਿਆ ਵਿਭਾਗ ਵਲੋਂ ਸ਼ੁਰੂ ਕੀਤੇ "ਮਿਸ਼ਨ ਸਮਰੱਥ" ਪ੍ਰੋਜੈਕਟ ਨੂੰ ਕਾਮਯਾਬ ਕਰਨ ਲਈ ਸਾਰੇ ਰਲ-ਮਿਲਕੇ ਹਮਲਾ ਮਾਰੀਏ ਅਤੇ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਣੇ ਸਕੂਲਾਂ ਵਿੱਚ ਹੂਬਹੂ ਲਾਗੂ ਕਰੀਏ।



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਹੋਈ ਮੀਟਿੰਗ

## 25 ਜੁਲਾਈ ਨੂੰ ਸਾਂਝੇ ਫਰੰਟ ਨਾਲ ਵਿਸ਼ੇਸ਼ ਮੀਟਿੰਗ ਕਰਕੇ ਮੰਗਾਂ ਦਾ ਹੱਲ ਕੱਢਣ ਦਾ ਭਰੋਸਾ

**ਫਗਵਾੜਾ (ਬੀ.ਕੇ. ਰੱਤੂ)** ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਖ਼ਿਲਾਫ ਲਗਾਤਾਰ ਕੀਤੇ ਜਾ ਰਹੇ ਸੰਘਰਸ਼ ਅਤੇ ਜਲੰਧਰ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ 6 ਜੁਲਾਈ ਨੂੰ ਜਲੰਧਰ ਵਿਖੇ ਕੀਤੇ ਜਾਣ ਵਾਲੇ ਰੋਸ ਮੁਜ਼ਾਹਰੇ ਕਾਰਨ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਅੱਜ ਹੋਟਲ ਕਬਾਨਾ ਕਲੱਬ ਫਗਵਾੜਾ ਵਿਖੇ ਸਾਂਝੇ ਫਰੰਟ ਦੇ 17 ਮੈਂਬਰੀ ਵਫ਼ਦ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਮੁੱਖ ਮੰਤਰੀ ਤੋਂ ਇਲਾਵਾ ਕੈਬਨਿਟ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ, ਬ੍ਰਹਮ ਸ਼ੰਕਰ ਜਿੰਪਾ, ਵਿਸ਼ੇਸ਼ ਪ੍ਰਿੰਸੀਪਲ ਸਕੱਤਰ ਸ੍ਰੀ ਰਵੀ ਭਗਤ, ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ, ਐਡਵੋਕੇਟ ਜਨਰਲ ਸ੍ਰੀ ਗੁਰਮਿੰਦਰ ਸਿੰਘ, ਵਧੀਕ ਪ੍ਰਿੰਸੀਪਲ ਸਕੱਤਰ ਸ੍ਰੀ ਹਿਮਾਂਸ਼ੂ ਜੈਨ, ਚੀਫ ਪ੍ਰਿੰਸੀਪਲ ਸਕੱਤਰ ਸ੍ਰੀ ਵਿਜੋਏ ਕੁਮਾਰ ਸਿੰਘ ਅਤੇ ਪ੍ਰਿੰਸੀਪਲ ਸਕੱਤਰ ਵਿੱਤ ਸ੍ਰੀ ਅਜੋਏ ਕੁਮਾਰ ਸਿਨਹਾ ਸ਼ਾਮਲ ਸਨ।ਮੀਟਿੰਗ ਸ਼ੁਰੂ ਕਰਦਿਆਂ ਸਾਂਝੇ ਫਰੰਟ ਨੇ ਮੁੱਖ ਮੰਤਰੀ ਨਾਲ ਇਤਰਾਜ਼ ਸਾਂਝਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਕੱਢਣਾ ਤਾਂ ਦੂਰ ਸਗੋਂ ਵਾਰ ਵਾਰ ਸਮਾਂ ਦੇਣ ਦੇ ਬਾਵਜੂਦ ਵੀ ਮੁੱਖ ਮੰਤਰੀ ਅਤੇ ਕੈਬਨਿਟ ਸਬ ਕਮੇਟੀ ਵੱਲੋਂ ਮੀਟਿੰਗਾਂ ਕਰਨ ਤੋਂ ਇਨਕਾਰ ਕੀਤਾ ਜਾਂਦਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਪੰਜਾਬ ਸਰਕਾਰ ਤੋਂ ਬੇਹੱਦ ਖ਼ਫਾ ਹਨ।ਮੰਗਾਂ ਬਾਰੇ ਗੱਲ ਕਰਦਿਆਂ ਸਾਂਝੇ ਫਰੰਟ ਨੇ ਐਨ।ਪੀ।ਐਸ। ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕੀਤਾ ਅਤੇ ਕਿਹਾ ਕਿ ਇਸ ਬਾਰੇ ਪੰਜਾਬ ਸਰਕਾਰ ਦੀ ਨੀਤੀ ਡੰਗ ਟਪਾਊ ਹੈ। ਇਸ ਬਾਰੇ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਪੁਰਾਣੀ ਪੈਨਸ਼ਨ ਨੂੰ ਹਰ ਹਾਲਤ ਵਿੱਚ ਬਹਾਲ ਕੀਤਾ ਜਾਵੇਗਾ ਅਤੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਇਸ ਮੁੱਦੇ ਨੂੰ ਸੰਸਦ ਦੇ ਵਿੱਚ ਵੀ ਚੁੱਕਣਗੇ, ਜਿਸ ਬਾਰੇ ਸਾਂਝੇ ਫਰੰਟ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਬਾਰੇ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰੇ। ਪੈਨਸ਼ਨਰਾਂ ਨੂੰ 2159 ਦਾ ਗੁਣਾਂਕ ਦੇਣ ਸਮੇਤ ਉਹਨਾ ਦੀਆਂ ਹੋਰ ਮੰਗਾਂ ਨੂੰ ਮੁੱਖ ਮੰਤਰੀ ਵੱਲੋਂ ਜਾਇਜ਼ ਦੱਸਦਿਆਂ ਇਹਨਾ ਦਾ ਜਲਦੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਛੇਵੇਂ ਤਨਖਾਹ ਕਮਿਸ਼ਨ ਦੇ ਰਹਿੰਦੇ ਬਕਾਇਆਂ ਬਾਰੇ, ਪੇਂਡੂ ਭੱਤੇ ਸਮੇਤ ਕੱਟੇ ਗਏ ਹੋਰ ਭੱਤਿਆਂ ਅਤੇ 12% ਡੀ।ਏ। ਬਾਰੇ ਮੁੱਖ ਮੰਤਰੀ ਨੇ ਸੂਬੇ ਦੀ ਵਿੱਤੀ ਸਥਿਤੀ ਅਨੁਸਾਰ ਜਲਦੀ ਹੀ ਠੋਸ ਹੱਲ ਕੱਢਣ ਦਾ ਭਰੋਸਾ ਦਿੱਤਾ। ਇਸੇ ਤਰ੍ਹਾਂ ਮੰਗ ਪੱਤਰ ਵਿਚਲੀਆਂ ਹੋਰ ਮੰਗਾਂ ਜਿਨ੍ਹਾਂ ਵਿੱਚ ਕੱਚੇ ਅਤੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨਾ, ਮਾਣ ਭੱਤਾ ਵਰਕਰਾਂ ਨੂੰ ਘੱਟੋ ਘੱਟ ਉਜ਼ਰਤਾਂ ਦੇ ਘੇਰੇ ਅਧੀਨ ਲਿਆਉਣਾ, ਕੰਪਿਊਟਰ ਅਧਿਆਪਕਾਂ ਨੂੰ ਵਿਭਾਗ ਵਿੱਚ ਸ਼ਿਫਟ ਕਰਨਾ, 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨੇ, 15-01-15 ਦੇ ਪੱਤਰ ਨੂੰ ਰੱਦ ਕਰਨਾ, ਵਿਕਾਸ ਦੇ ਨਾਂ ਤੇ 200 ਰੁਪਏ ਜਜੀਆ ਵਾਪਸ ਲੈਣ ਅਤੇ ਕਈ ਹੋਰ ਜ਼ਰੂਰੀ ਮੰਗਾਂ ਨੂੰ ਧਿਆਨ ਨਾਲ ਪੜ੍ਹਨ ਉਪਰੰਤ ਮੁੱਖ ਮੰਤਰੀ ਨੇ ਮੰਨਿਆਂ ਇਹ ਸਾਰੀਆਂ ਮੰਗਾਂ ਵਾਜ਼ਬ ਹਨ ਅਤੇ ਇਹਨਾ ਦਾ ਹੱਲ ਕੱਢਣ ਲਈ ਇੱਕ ਵਿਸ਼ੇਸ਼ ਅਤੇ ਲੰਬੀ ਮੀਟਿੰਗ ਦੀ ਲੋੜ ਹੈ, ਜਿਸ ਵਿੱਚ ਉਹਨਾ ਸਮੇਤ ਵਿੱਤ ਮੰਤਰੀ, ਮੁੱਖ ਸਕੱਤਰ ਅਤੇ ਵਿੱਤ ਸਕੱਤਰ ਸਮੇਤ ਪੰਜਾਬ ਸਰਕਾਰ ਦੇ ਸਾਰੇ ਉੱਚ ਅਧਿਕਾਰੀ ਮੌਜੂਦ ਹੋਣਗੇ, ਜੋ ਕਿ 25 ਜੁਲਾਈ ਨੂੰ 11 ਵਜੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਕੀਤੀ ਜਾਵੇਗੀ।ਮੀਟਿੰਗ ਉਪਰੰਤ ਸਾਂਝੇ ਫਰੰਟ ਵੱਲੋਂ ਕੀਤੀ ਗਈ ਆਪਣੀ ਸੰਖੇਪ ਮੀਟਿੰਗ ਕੀਤੀ ਗਈ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਮੰਗਾਂ ਪ੍ਰਤੀ ਗੰਭੀਰਤਾ ਦਿਖਾਉਣ ਅਤੇ 25 ਜੁਲਾਈ ਨੂੰ ਇਹਨਾ ਦਾ ਠੋਸ ਹੱਲ ਕੱਢਣ ਦਾ ਭਰੋਸਾ ਦੇਣ ਕਾਰਨ ਸਾਂਝੇ ਫਰੰਟ ਵੱਲੋਂ 6 ਜੁਲਾਈ ਨੂੰ ਜਲੰਧਰ ਸ਼ਹਿਰ ਵਿਖੇ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਅਤੇ ਝੰਡਾ ਮਾਰਚ ਨੂੰ 25 ਜੁਲਾਈ ਤੱਕ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ।ਸਾਂਝੇ ਫਰੰਟ ਦੇ ਵਫ਼ਦ ਵਿੱਚ ਸਤੀਸ਼ ਰਾਣਾ, ਜਰਮਨਜੀਤ ਸਿੰਘ, ਸਵਿੰਦਰਪਾਲ ਸਿੰਘ ਮੋਲੋਵਾਲੀ, ਕਰਮ ਸਿੰਘ ਧਨੋਆ, ਰਣਜੀਤ ਸਿੰਘ ਰਾਣਵਾਂ, ਭਜਨ ਸਿੰਘ ਗਿੱਲ, ਸੁਖਦੇਵ ਸਿੰਘ ਸੈਣੀ, ਐਨ।ਕੇ। ਕਲਸੀ, ਬਾਜ ਸਿੰਘ ਖਹਿਰਾ, ਸੁਖਦੇਵ ਸਿੰਘ ਸੈਣੀ, ਜਗਦੀਸ਼ ਸਿੰਘ ਚਾਹਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਨਵਪ੍ਰੀਤ ਸਿੰਘ ਬੱਲੀ, ਰਾਧੇ ਸ਼ਿਆਮ, ਕਰਮਜੀਤ ਸਿੰਘ ਬੀਹਲਾ, ਬੋਬਿੰਦਰ ਸਿੰਘ ਅਤੇ ਕੁਲਦੀਪ ਸਿੰਘ ਵਾਲੀਆ ਹਾਜ਼ਰ ਸਨ।



ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਦੇ ਹੋਏ

# ਯੂਨੀਵਰਸਿਟੀ ਕਾਲਜ ਬੇਨੜਾ ਕਾਮਰਸ ਦੇ ਵਿਦਿਆਰਥੀਆਂ ਦਾ ਨਤੀਜਾ ਰਿਹਾ ਸ਼ਲਾਘਾਯੋਗ

**ਧੂਰੀ, (ਦਲਜੀਤ ਕੌਰ)** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਘੋਸ਼ਿਤ ਕੀਤੇ ਬੀ।ਕਾਮ ਸਮੈਸਟਰ ਪੰਜਵਾਂ ਦੇ ਨਤੀਜੇ ਵਿੱਚ ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਨੇ ਸ਼ਲਾਘਾਯੋਗ ਅੰਕ ਹਾਸਲ ਕੀਤੇ ਹਨ। ਕਾਲਜ ਪ੍ਰਿੰਸੀਪਲ ਡਾ.. ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿੱਚ ਵੀ ਅਕਾਦਮਿਕ ਤੇ ਸਹਿ-ਅਕਾਦਮਿਕ ਖੇਤਰਾਂ ਵਿੱਚ ਚੰਗੀ ਕਾਰਗੁਜਾਰੀ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਕਿਹਾ ਕਿ ਹਰ ਖੇਤਰ ਵਿੱਚ ਵਿਦਿਆਰਥੀ ਦੀ ਮਿਹਨਤ ਦੇ ਨਾਲ ਨਾਲ ਯੋਗ ਅਤੇ ਤਜ਼ਰਬੇਕਾਰ ਅਧਿਆਪਕਾਂ ਦਾ ਵੀ ਵਿਦਿਆਰਥੀ ਜੀਵਨ ਵਿੱਚ ਅਹਿਮ ਯੋਗਦਾਨ ਹੁੰਦਾ ਹੈ। ਵਿਭਾਗ ਦੇ ਕੋਆਰਡੀਨੇਟਰ ਡਾ. ਹਰਵਿੰਦਰ ਸਿੰਘ ਨੇ ਵੀ ਵਿਭਾਗ ਦੇ 100 ਪ੍ਰਤੀਸ਼ਤ ਨਤੀਜੇ ਪ੍ਰਤੀ ਖੁਸ਼ੀ ਦਾ ਪ੍ਰਗਟਾਵਾ ਕੀਤਾ।







ਕਾਲਜ ਵਿੱਚੋਂ ਦਮਨਪ੍ਰੀਤ ਨੇ 90, ਦ੍ਰਿਸ਼ਟੀ ਗਰਗ ਨੇ 88.32 ਅਤੇ ਵਿਸ਼ਾਲ ਗਰਗ ਨੇ 87.10 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਕਾਮਰਸ ਵਿਭਾਗ ਦੇ ਬਾਕੀ ਵਿਦਿਆਰਥੀਆਂ ਨੇ ਵੀ ਆਪਣੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕੀਤੀ।

# ਆਜ਼ਾਦ ਲੋਕ ਦਲ ਦਾ ਬਸਪਾ ਵਿੱਚ ਰਲੇਵਾਂ- ਜਸਵੀਰ ਸਿੰਘ ਗੜ੍ਹੀ

## ਬਹੁਜਨ ਸਮਾਜ ਦੀ ਮਜਬੂਤੀ ਲਈ ਗੈਰ ਰਾਜਨੀਤਿਕ ਸੰਗਠਨਾਂ ਦਾ ਸਹਿਯੋਗ ਲਿਆ ਜਾਏਗਾ



**ਫਗਵਾੜਾ (ਬੀ.ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਅੱਜ ਉਸ ਵੇਲੇ ਵੱਡੀ ਮਜਬੂਤੀ ਮਿਲੀ ਜਦੋਂ ਆਜ਼ਾਦ ਲੋਕ ਦਾ ਰਲੇਵਾਂ ਬਹੁਜਨ ਸਮਾਜ ਪਾਰਟੀ ਵਿੱਚ ਹੋ ਗਿਆ। ਆਜ਼ਾਦ ਲੋਕ ਦਲ ਕਪੂਰਥਲਾ ਜ਼ਿਲ੍ਹੇ ਵਿੱਚ ਵੱਡੀ ਪੱਧਰ ਤੇ ਸਰਗਰਮ ਸੀ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਦੀ ਹਾਜ਼ਰੀ ਵਿੱਚ ਆਜ਼ਾਦ ਲੋਕ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਜਿੱਥੇ ਬਹੁਜਨ ਸਮਾਜ ਪਾਰਟੀ ਵਿੱਚ ਰਲੇਵਾਂ ਕੀਤਾ ਉੱਥੇ ਆਪਣੇ ਸੈਂਕੜੇ ਸਮਰਥਕਾਂ ਦੇ ਨਾਲ ਬਹੁਜਨ ਸਮਾਜ ਪਾਰਟੀ ਨੂੰ ਮਜਬੂਤ ਕਰਨ ਦਾ ਅਹਿਦ ਲਿਆ। ਇਸ ਮੌਕੇ ਬੋਲਦਿਆਂ ਸੂਬਾ ਪ੍ਰਧਾਨ ਸਰਦਾਰ ਗੜੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾਂ ਵਿੱਚ ਅਤੇ ਪੰਜਾਬ ਦੇ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੀ ਦੇਖਰੇਖ ਹੇਠ ਬਹੁਜਨ ਸਮਾਜ ਦੀ ਮਜਬੂਤੀ ਲਈ ਪੰਜਾਬ ਦੇ ਗੈਰ ਰਾਜਨੀਤਿਕ ਸੰਗਠਨਾਂ ਦਾ ਵੱਡੇ ਪੱਧਰ ਤੇ ਸਹਿਯੋਗ ਲਿਆ ਜਾਏਗਾ। ਬਹੁਜਨ ਸਮਾਜ ਪਾਰਟੀ ਸਮੁੱਚੇ ਛੋਟੇ ਵਡੇ ਸੰਗਠਨਾਂ ਤੱਕ ਪਹੁੰਚ ਕਰਕੇ ਫੂਲੇ ਸ਼ਾਹੂ ਅੰਬੇਡਕਰੀ ਅੰਦੋਲਨ ਦੀ ਵਿਚਾਰਧਾਰਾ ਦੇ ਤਹਿਤ ਬਹੁਜਨ ਸਮਾਜ ਨੂੰ ਸੱਤਾ ਦਾ ਮਾਲਕ ਬਣਾਉਣ ਲਈ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਕੈਸ਼ੀਅਰ ਸ੍ਰੀ ਪਰਮਜੀਤ ਮੱਲ, ਸੂਬਾ ਸਕੱਤਰ ਸ੍ਰੀ ਤਰਸੇਮ ਥਾਪਰ ਅਤੇ ਜ਼ਿਲ੍ਹਾ ਪ੍ਰਧਾਨ ਸ੍ਰੀ ਹਰਿੰਦਰ ਸ਼ੀਤਲ ਹਾਜ਼ਰ ਸਨ। ਆਜ਼ਾਦ ਲੋਕ ਦਲ ਨੂੰ ਭੰਗ ਕਰਨ ਮੌਕੇ ਅਤੇ ਬਸਪਾ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਲੈਂਦੇ ਹੋਏ ਸ੍ਰੀ ਸੁਰਜੀਤ ਸਿੰਘ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਗਰੀਬਾਂ ਮਜ਼ਦੂਰਾਂ, ਮਜਲੂਮਾਂ, ਦਲਿਤਾਂ, ਪਛੜੇ ਵਰਗਾ ਅਤੇ ਘੱਟ ਗਿਣਤੀਆਂ ਦੀ ਗੱਲ ਕਰਨ ਵਾਲੀ ਇੱਕਮਾਤਰ ਪਾਰਟੀ ਹੈ ਜਿਸ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋਕੇ ਬਹੁਜਨ ਸਮਾਜ ਪਾਰਟੀ ਵਿੱਚ ਰਲੇਵਾਂ ਕੀਤਾ ਜਾ ਰਿਹਾ ਹੈ। ਇਸ ਮੌਕੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਸ੍ਰੀ ਸੁਰਜੀਤ ਸਿੰਘ ਸੂਬਾ ਪ੍ਰਧਾਨ, ਲਖਵਿੰਦਰ ਸਿੰਘ ਲੱਖਾ ਸੂਬਾ ਉਪ ਪ੍ਰਧਾਨ, ਸ੍ਰੀ ਰੁਪਿੰਦਰ ਸਿੰਘ ਸੂਬਾ ਜਨਰਲ ਸਕੱਤਰ, ਸਰਜੀਤ ਸਿੰਘ ਮਰਵਾਹਾ ਦਿਹਾਤੀ ਜਿਲ੍ਹਾ ਪ੍ਰਧਾਨ ਕਪੂਰਥਲਾ, ਹਰਪਾਲ ਸਿੰਘ ਗਿੱਲ ਜਿਲਾ ਪ੍ਰਧਾਨ ਸ਼ਹਿਰੀ ਕਪੂਰਥਲਾ, ਬਲਜੀਤ ਸਿੰਘ ਲਹੌਰੀਆ ਜਿਲਾ ਮੀਤ ਪ੍ਰਧਾਨ ਸ਼ਹਿਰੀ ਕਪੂਰਥਲਾ, ਸਰਬਜੀਤ ਸਿੰਘ ਸਾਭੀ ਜੁਆਇੰਟ ਸੈਕਟਰੀ, ਹਰਿੰਦਰ ਸਿੰਘ ਸ਼ਹਿਰੀ ਉਪ ਪ੍ਰਧਾਨ, ਸੋਹਨ ਲਾਲ, ਗੁਰਜੀਤ ਕੌਰ ਭਿੰਡਰ ਪ੍ਰਧਾਨ ਜ਼ਿਲ੍ਹਾਂ ਮਹਿਲਾ ਮੰਡਲ, ਸੋਮਾ ਰਾਣੀ ਮੀਤ ਪ੍ਰਧਾਨ ਮਹਿਲਾ ਮੰਡਲ, ਸੁਸ਼ੀਲ ਕੁਮਾਰ ਠੇਕੇਦਾਰ ਪ੍ਰਧਾਨ ਮਜਦੂਰ ਯੂਨੀਅਨ, ਜਗਜੀਤ ਸਿੰਘ, ਜਰਨੈਲ ਸਿੰਘ, ਕਮਲਪ੍ਰੀਤ ਸਿੰਘ, ਰਾਜਨ ਸ਼ਰਮਾ ਤੇ ਹਰਪ੍ਰੀਤ ਠਾਕੁਰ ਸਮੇਤ ਸੈਂਕੜੇ ਸਮਰਥਕਾਂ ਨੇ ਬਹੁਜਨ ਸਮਾਜ ਪਾਰਟੀ ਨੂੰ ਜੁਆਇਨ ਕੀਤਾ।

# ਵਾਤਾਵਰਣ ਬਚਾਓ ਮੁਹਿੰਮ ਨੂੰ ਕਾਰਗਰ ਬਣਾਉਣ ਲਈ ਬੁੱਧੀਜੀਵੀਆਂ ਦੀ ਹੋਈ ਮੀਟਿੰਗ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਵਲੋਂ 'ਵਾਤਾਵਰਣ ਬਚਾਓ ਮੁਹਿੰਮ' ਦੇ ਤਹਿਤ ਰੁੱਖਾਂ ਅਤੇ ਪਾਣੀ ਨੂੰ ਬਚਾਉਣ ਲਈ ਵਿਚਾਰ ਵਟਾਂਦਰਾ ਕਰਨ ਲਈ ਵਾਤਾਵਰਣ ਨਾਲ ਸਬੰਧਤ ਵੱਖ-ਵੱਖ ਸੰਸਥਾਵਾਂ ਅੱਜ ਮੀਟਿੰਗ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ ਨੇ ਦੱਸਿਆ ਕਿ ਲਗਾਤਾਰ ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਤੇ ਰੁੱਖਾਂ ਦੀ ਘੱਟ ਰਹੀ ਗਿਣਤੀ ਨੂੰ ਲੈਕੇ ਅੱਜ ਵਾਤਾਵਰਣ ਪ੍ਰੇਮੀਆਂ ਦੀ ਮੀਟਿੰਗ ਹੋਈ। ਜਿਸ ਵਿਚ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਵਲੋਂ ਉਨ੍ਹਾਂ ਤੋਂ ਇਲਾਵਾ ਚੇਅਰਪਰਸਨ ਬੀਬੀ ਸੁਭਾਸ਼ ਮੱਟੂ, ਰਣਜੀਤ ਸਿੰਘ ਬੰਗਾ, ਹੰਸ ਰਾਜ, ਉਪਕਾਰ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਵੱਲੋਂ ਰਾਕੇਸ਼ ਰਾਜਪੂਤ, ਭੁਪਿੰਦਰ ਰਾਜਪੂਤ, ਵਿਸ਼ਵ ਅਰਜਨ ਵੈਲਫੇਅਰ ਸੁਸਾਇਟੀ ਵੱਲੋਂ ਕੁਲਵਿੰਦਰ ਬਿੱਟੂ ਅਤੇ ਸਰਿਤਾ ਸ਼ਰਮਾ,ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂ ਸ਼ਹਿਰ ਵਲੋਂ ਜਸਪਾਲ ਸਿੰਘ, ਦੇਸ ਰਾਜ ਬਾਲੀ, ਜੀਵਨ ਜਾਗ੍ਰਿਤੀ ਮੰਚ ਵੱਲੋਂ ਪ੍ਰਿੰਸੀਪਲ ਬਿੱਕਰ ਸਿੰਘ ਅਤੇ ਹਰਦੇਵ ਰਾਏ, ਗ੍ਰੀਨ ਵਿਲੇਜ ਵੈਲਫੇਅਰ ਸੁਸਾਇਟੀ ਵੱਲੋਂ ਅਸ਼ਵਨੀ ਰਾਣਾ ਆਦਿ ਨੇ ਹਿੱਸਾ ਲਿਆ। ਇਸ ਮੌਕੇ ਉਘੇ ਸਮਾਜ ਸੇਵਕ ਗੋਲਡੀ ਸਿੰਘ ਬੀਹੜਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਧਰਤੀ ਨੂੰ ਇਸ ਸੰਕਟ ਵਿਚੋਂ ਬਾਹਰ ਕੱਢਣ ਲਈ ਵੱਖ-ਵੱਖ ਬੁਲਾਰਿਆਂ ਵਲੋਂ ਵਿਚਾਰ ਦਿੱਤੇ ਗਏ। ਇਸ ਮੌਕੇ ਉਪਰੋਕਤ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸੰਕਲਪ ਲਿਆ ਕਿ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਬੂਟੇ ਲਗਾ ਕੇ ਉਨ੍ਹਾਂ ਦੀ ਸੰਭ ਸੰਭਾਲ ਕੀਤੀ ਜਾਵੇਗੀ। ਇਸ ਮੌਕੇ ਸਮਾਜ ਸੇਵੀ ਗੋਲਡੀ ਸਿੰਘ ਅਤੇ ਰੋਕੀ ਮੋਇਲਾ ਵਲੋਂ ਬੂਟੇ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਰਾਕੇਸ਼ ਮਹਿਦੂਦ, ਹੰਸ ਰਾਜ, ਗੁਰਪ੍ਰੀਤ ਸਿੰਘ, ਜੋਗਿੰਦਰ ਪਾਲ, ਹਰੀਸ਼ ਭੱਲਾ ਆਦਿ ਹਾਜ਼ਰ ਸਨ।

# ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਕਵੀ ਦਰਬਾਰ



ਪੰਜਾਬ ਸਰਕਾਰ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵੱਲੋਂ ਭਾਸ਼ਾ ਵਿਭਾਗ ਦੇ ਵਿਹੜੇ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਹਰਪ੍ਰੀਤ ਸਿੰਘ, ਮੁਖੀ ਪੰਜਾਬੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ, ਲੋਕੇਸ਼ ਚੌਬੇ ਸਹਾਇਕ ਲੋਕ ਸੰਪਰਕ ਅਫ਼ਸਰ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ ਨੇ ਕੀਤੀ। ਡਾ. ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਹੁਸ਼ਿਆਰ-ਪੁਰ ਨੇ ਆਏ ਹੋਏ ਮਹਿਮਾਨਾਂ, ਵਿਦਵਾਨਾਂ ਅਤੇ ਕਵੀ-ਜਨਾਂ ਨੂੰ ਜੀ ਆਇਆਂ ਸ਼ਬਦ ਆਖਦਿਆਂ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ।ਕਵੀ ਦਰਬਾਰ ਤੋਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਦੇ ਉੱਘੇ ਸਾਹਿਤਕਾਰ ਸੁਰਜੀਤ ਪਾਤਰ, ਮੋਹਨਜੀਤ ਅਤੇ ਸੁਖਜੀਤ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ।ਉਪਰੰਤ ਹਾਜ਼ਰ ਕਵੀਆਂ ਡਾ. ਸ਼ਮਸ਼ੇਰ ਮੋਹੀ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਧੀਮਾਨ, ਪੰਮੀ ਦਿਵੇਦੀ, ਅੰਜੂ ਵ. ਰੱਤੀ, ਕੁੰਦਨ ਲਾਲ ਭੱਟੀ, ਤੀਰਥ ਚੰਦ ਸਰੋਆ, ਰੈਪੀ ਰਾਜੀਵ, ਰਮਣੀਕ ਸਿੰਘ, ਅਜੇ ਕੁਮਾਰ, ਪਰਮਜੀਤ ਸਿੰਘ, ਰਵੀ ਸਿੰਘ ਬਠਿੰਡਾ, ਦਵਿੰਦਰ ਸਿੰਘ ਨੇ ਆਪਣੀ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਨੂੰ ਤਰੱਨੁਮ 'ਚ ਪੇਸ਼ ਕਰਕੇ ਸਮਾਂ ਬੰਨ੍ਹ ਦਿੱਤਾ। ਡਾ. ਹਰਪ੍ਰੀਤ ਸਿੰਘ ਨੇ ਪੇਸ਼ ਰਚਨਾਵਾਂ 'ਤੇ ਆਪਣੀ ਟਿੱਪਣੀਆਂ ਦਿੰਦਿਆਂ ਸਮਕਾਲੀ ਕਵਿਤਾ ਦੇ ਬਾਰੇ ਭਾਵਪੂਰਨ ਬਿਰਤਾਂਤ ਵਿਸਤਾਰ ਵਿੱਚ ਸਾਂਝੇ ਕੀਤੇ।ਨਵੀਆਂ ਕਲਮਾਂ ਲਈ ਸਿਖਾਂਦਰੂ ਮਾਹੌਲ ਬਣਾਉਂਦਿਆਂ ਉਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਕਿਵੇਂ ਕਲਾਸਿਕ ਤਰੀਕੇ ਜ਼ਰੀਏ ਰਚਨਾਵਾਂ ਦਾ ਹਿੱਸਾ ਬਣਾਉਣਾ ਹੈ ਬਾਰੇ ਕਈ ਨੁਕਤੇ ਸਾਂਝੇ ਕੀਤੇ।ਇਸ ਮੌਕੇ ਕਹਾਣੀਕਾਰ ਹਰਭਜਨ ਸਿੰਘ ਕਠਾਰਵੀ ਦੇ ਕਹਾਣੀ ਸੰਗ੍ਰਹਿ 'ਡੁਬਦੇ ਸੂਰਜ ਦਾ ਅਕਸ', ਅੰਜੂ ਵ. ਰੱਤੀ ਦਾ ਬਾਲ ਕਾਵਿ ਸੰਗ੍ਰਹਿ 'ਸੇਧ ਨਿਸ਼ਾਨੇ' ਅਤੇ ਰੈਪੀ ਰਾਜੀਵ ਦਾ ਕਾਵਿ ਸੰਗ੍ਰਹਿ 'ਯਾਦਾਂ ਜੇ ਨਾ ਹੁੰਦੀਆਂ' ਲੋਕ ਅਰਪਣ ਕੀਤੀਆਂ ਗਈਆਂ। ਮੁਖ ਮਹਿਮਾਨਾਂ, ਵਿਦਵਾਨਾਂ ਅਤੇ ਕਵੀ-ਜਨਾਂ ਨੂੰ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼, ਕਿਤਾਬਾਂ ਦੇ ਸੈੱਟਾਂ ਅਤੇ ਲੋਈਆਂ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਇੰਸਪੈਕਟਰ ਗੁਰਪ੍ਰੀਤ ਸਿੰਘ, ਲਵਪ੍ਰੀਤ, ਲਾਲ ਸਿੰਘ, ਪੁਸ਼ਪਾ ਰਾਣੀ, ਪ੍ਰਭਦੀਪ ਸਿੰਘ, ਗੁਰਪ੍ਰੀਤ ਸਿੰਘ ਮਾਨਸਾ, ਵਰਿੰਦਰ ਕੁਮਾਰ ਰੱਤੀ, ਰੌਬਿਨ, ਅਮਨਦੀਪ ਸਿੰਘ ਹਾਜ਼ਰ ਸਨ।ਧੰਨਵਾਦੀ ਸ਼ਬਦ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ ਹੁਰਾਂ ਨੇ ਆਖੇ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

# ਡਾਕਟਰ ਅੰਬੇਡਕਰ ਸਕਾਲਰਸ਼ਿਪ ਪੋਰਟਲ 10 ਜੁਲਾਈ ਤੱਕ ਖੁੱਲ੍ਹਾ ਰਹੇਗਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਸਮਾਜਿਕ ਨਿਆ ਅਤੇ ਸਸ਼ਕਤੀਕਰਨ ਅਫ਼ਸਰ ਰਜਿੰਦਰ ਸਿੰਘ ਨੇ ਦੱਸਿਆ ਕਿ ਸਮਾਜਿਕ ਨਿਆ ਅਤੇ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀਜ਼ ਤਹਿਤ ਗਤੀਵਿਧੀ ਅਨੁਸੂਚੀ ਸਾਲ 2023-24 ਦੇ ਵੱਖ-ਵੱਖ ਪੱਧਰਾਂ 'ਤੇ ਬਕਾਇਆ ਰਹੇ ਵਿਦਿਆਰਥੀਆਂ ਦੇ ਕੇਸ ਮਨਜ਼ੂਰ ਕਰਨ ਲਈ ਪੋਰਟਲ ਖੋਲ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਵਿਦਿਅਕ ਅਦਾਰਿਆਂ ਲਈ 30 ਜੂਨ ਤੱਕ, ਮਨਜ਼ੂਰੀ ਦੇਣ ਵਾਲੀ ਅਥਾਰਟੀ ਲਈ 5 ਜੁਲਾਈ ਤੱਕ ਅਤੇ ਲਾਗੂ ਕਰਨ ਵਾਲੇ ਵਿਭਾਗ ਲਈ 10 ਜੁਲਾਈ ਤੱਕ ਖੋਲਿਆ ਗਿਆ ਹੈ, ਤਾਂ ਜੋ ਵਿਦਿਆਰਥੀਆਂ ਵੱਲੋਂ ਵੱਧ ਤੋਂ ਵੱਧ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਅਪਲਾਈ ਕਰਕੇ ਲਾਭ ਪ੍ਰਾਪਤ ਕੀਤਾ ਜਾ ਸਕੇ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਫ਼ਸਰ ਨੇ ਦੱਸਿਆ ਕਿ 2023-24 ਦੀਆਂ ਐਪਲੀਕੇਸ਼ਨਾਂ ਵੱਖ-ਵੱਖ ਪੱਧਰ 'ਤੇ ਬਕਾਇਆ ਹੋਣ ਸਬੰਧੀ ਮਾਮਲਾ ਵਿਭਾਗ ਦੇ ਧਿਆਨ ਵਿਚ ਆਇਆ ਸੀ, ਜਿਸ ਕਾਰਨ ਅਨੁਸੂਚਿਤ ਜਾਰੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ, ਇਸ ਲਈ ਆਖਰੀ ਮੌਕਾ ਦਿੰਦੇ ਹੋਏ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਗਿਆ ਹੈ।

# ਨਸ਼ਿਆ ਦੇ ਖਿਲਾਫ ਜ਼ਿਲ੍ਹਾ ਪੁਲਿਸ ਹੁਸ਼ਿਆਰਪੁਰ ਵਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 'ਚ 42 ਟੀਮਾਂ ਨੇ ਲਿਆ ਭਾਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ, ਐਸ.ਟੀ.ਐਫ. ਪੰਜਾਬ, ਚੰਡੀਗੜ੍ਹ ਕੁਲਦੀਪ ਸਿੰਘ ਅਤੇ ਡਿਪਟੀ ਇੰਸਪੈਕਰ ਜਨਰਲ ਪੁਲਿਸ, ਜਲੰਧਰ ਰੇਂਜ਼ ਹਰਮਨਬੀਰ ਸਿੰਘ, ਦੇ ਦਿਸ਼ਾ ਨਿਰਦੇਸ਼ਾ 'ਤੇ ਪੰਜਾਬ ਰਾਜ ਵਿੱਚ ਨਸ਼ਿਆਂ ਦੇ ਖਿਲਾਫ ਜਾਗਰੂਕ ਮੁਹਿੰਮਅਤੇ ਜਵਾਨਾਂ ਤੇ ਬੱਚਿਆ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਮਕਸਦ ਤਹਿਤ ਸੀਨੀਅਰ ਕਪਤਾਨਪੁਲਿਸ ਹੁਸ਼ਿਆਰਪੁਰ ਸੁਰੇਂਦਰ ਲਾਂਬਾ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਿਸ ਹੁਸ਼ਿਆਰਪੁਰ ਵੱਲੋਂ 24 ਤੋਂ 26 ਜੂਨ ਤੱਕ ਥਾਣਾ ਪੱਧਰ , 26 ਜੂਨ ਤੋਂ 27ਤੱਕ ਸਬ ਡਵੀਜਨ ਪੱਧਰਤੇ ਅਤੇ 28 ਤੋਂ 29 ਜੂਨ 2024 ਤੱਕ ਪੁਲਿਸ ਲਾਈਨ ਵਿਖੇ ਜ਼ਿਲ੍ਹਾ ਪੱਧਰ 'ਤੇ ਫੁੱਟਬਾਲ, ਬਾਲੀਬਾਲ, ਬਾਸਕਟਬਾਲ ਅਤੇ ਕਬੱਡੀ ਦੇ ਫਾਇਨਲ ਮੁਕਾਬਲੇ ਕਰਵਾਏ ਗਏ। ਇਨ੍ਹਾਂ ਫਾਇਨਲ ਮੁਕਾਬਲਿਆ ਵਿੱਚ ਕੁੱਲ 42 ਟੀਮਾਂ ਦੇ 500 ਕਰੀਬ ਖਿਡਾਰੀਆਂ ਨੇ ਹਿੱਸਾ ਲਿਆ।ਇੱਥੇ ਇਹ ਗੱਲ ਜਿਕਰਯੋਗ ਹੈ ਕਿ ਇਸ ਤੋਂ ਇਲਾਵਾ ਇਸ 6 ਦਿਵਸੀਏ ਟੂਰਨਾਮੈਂਟ ਵਿੱਚ ਥਾਣਾ, ਸਬ-ਡਵੀਜਨ ਅਤੇ ਜਿਲ੍ਹਾ ਪੱਧਰ 'ਤੇ ਕੁੱਲ 100 ਟੀਮਾਂ ਵਿੱਚ 1000 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਇਸ ਮੌਕੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਨੇ ਜੇਤੂ ਖਿਡਾਰੀਆਂ ਨੂੰ ਇਨਾਮਾ ਦੀ ਵੰਡ ਕੀਤੀ ਅਤੇ ਖਿਡਾਰੀਆ ਨੂੰ ਭਵਿੱਖ ਵਿੱਚ ਵੀ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।




ਇਨ੍ਹਾਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਜੋ ਟੀਮਾਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ। ਉਨ੍ਹਾਂ ਟੀਮਾਂ ਜੇਤੂ ਟੀਮਾਂ ਨੂੰ ਪਹਿਲਾਂਇਨਾਮ 11000 ਰੁਪਏ, ਦੂਜਾ ਇਨਾਮ 5100 ਰੁਪਏ ਅਤੇ ਤੀਜਾ ਇਨਾਮ 2100 ਰੁਪਏ ਅਤੇ ਮੂਮੈਂਟੋ ਦਿੱਤੇ ਗਏ ਹਨ।ਇਸ ਤੋਂ ਇਲਾਵਾ ਹੋਰ ਭਾਗ ਲੈਣ ਵਾਲੀਆ ਟੀਮਾਨੂੰਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਫੁੱਟਬਾਲ, ਬਾਲੀਬਾਲ ਅਤੇ ਬਾਸਕਟਬਾਲ ਦੀ ਵੰਡ ਵੀ ਕੀਤੀ ਗਈ।

ਫੁੱਟਬਾਲ ਮੁਕਾਬਲੇ ਵਿੱਚ ਜੇਤੂ ਰਹੀਆਂ ਟੀਮਾਂ ਵਿਚ ਪਹਿਲੇ ਸਥਾਨ 'ਤੇ ਪਿੰਡ ਬੱਡੋ ਥਾਣਾ ਗੜ੍ਹਸ਼ੰਕਰ, ਦੂਸਰਾ ਸਥਾਨ 'ਤੇ ਪਿੰਡ ਜਿਆਣ ਥਾਣਾ ਚੱਬੇਵਾਲ, ਤੀਸਰਾ ਸਥਾਨ ਮੇਹਟੀਆਣਾ ਥਾਣਾ ਮੇਹਟੀਆਣਾ ਨੇ ਪ੍ਰਾਪਤ ਕੀਤਾ। ਵਾਲੀਬਾਲ ਮੁਕਾਬਲੇ ਵਿੱਚ ਪਹਿਲਾ ਸਥਾਨ ਟਾਡਾ ਥਾਣਾ ਟਾਂਡਾ, ਦੂਸਰਾ ਮੁਕੇਰੀਆ ਥਾਣਾ ਮੁਕੇਰੀਆ ਅਤੇ ਤੀਸਰਾ ਬੁੱਲੋਵਾਲ ਥਾਣਾ ਬੁੱਲੋਵਾਲ ਨੇ ਪ੍ਰਾਪਤ ਕੀਤਾ।

ਬਾਸਕਟਬਾਲ ਮੁਕਾਬਲੇਵਿੱਚ ਪਹਿਲੇ ਸਥਾਨ 'ਤੇ ਟਾਂਡਾ ਥਾਣਾ ਟਾਂਡਾ, ਦੂਸਰਾ ਬੁੱਲੋਵਾਲ ਥਾਣਾ ਬੁੱਲੋਵਾਲ, ਤੀਸਰਾ ਪੁਰਹੀਰਾ ਥਾਣਾ ਮਾਡਲ ਟਾਊਨ ਨੇ ਪ੍ਰਾਪਤ ਕੀਤਾ। ਕਬੱਡੀ ਮੁਕਾਬਲੇ ਵਿੱਚ ਪਹਿਲਾ ਸਥਾਨ ਪਿੰਡ ਹੈਬੋਵਾਲ ਥਾਣਾ ਗੜਸ਼ੰਕਰ, ਦੂਸਰਾ ਪਿੰਡ ਬਾਗਪੁਰ ਥਾਣਾ ਹਰਿਆਣਾ ਅਤੇ ਤੀਸਰਾ ਸਥਾਨ ਦੋਲਤਪੁਰ ਗਿੱਲਾ ਥਾਣਾ ਹਰਿਆਣਾ ਨੇ ਪ੍ਰਾਪਤ ਕੀਤਾ ਇਨ੍ਹਾਂ ਖੇਡਾਂ ਕਰਵਾਉਣ ਦਾ ਮਕਸਦ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਨਸ਼ਿਆਂ ਦੇ ਖਿਲਾਫ ਜਾਗਰੂਕਤਾ ਫੈਲਾਉਣਾ, ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੋੜ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਅਤੇ ਇਸ ਤੋਂ ਇਲਾਵਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵਲੋਂ ਨਸ਼ਿਆਂ ਦੇ ਖਿਲਾਫ ਆਰੰਭੀ ਗਈ।

ਇਸ ਲੜਾਈ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣਾ ਹੈ। ਇਨ੍ਹਾਂ ਖੇਡਾਂ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਰਜਿਸਟਰਡ ਅਤੇ ਨਾਨ-ਰਜਿਸਟਰਡ ਸਪੋਰਟਸ ਕਲੱਬ/ ਟੀਮਾਂ ਨੂੰ ਭਾਗ ਲੈਣ ਲਈ ਖੁੱਲਾ ਸੱਦਾ ਦਿੱਤਾ ਗਿਆ ਸੀ।ਇਸ ਮੁਹਿੰਮ ਤਹਿਤ ਪਬਲਿਕ ਨੂੰ ਅਪੀਲ ਕੀਤੀ ਕਿ ਜੇਕਰ ਆਪ ਦੇ ਆਸ ਪਾਸ ਕੋਈ ਵੀਵਿਅਕਤੀ/ਔਰਤ ਕਿਤੇ ਵੀ ਕਿਸੇ ਤਰ੍ਹਾਂ ਦਾ ਨਸ਼ਾਂ ਵੇਚਦਾ/ਵੇਚ ਦੀ ਹੈ ਤਾ ਉਸ ਦੀ ਸੂਚਨਾ ਮੋਬਾਇਲ ਨੰਬਰ 95016-60318 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।

# ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਉੱਤੇ ਕੇਸ ਮੜਨ ਵਿਰੁੱਧ ਵਿਆਪਕ ਵਿਰੋਧ ਦਾ ਫੈਸਲਾ

## ਤਿੰਨ ਲੋਕ ਵਿਰੋਧੀ ਕਨੂੰਨਾਂ ਦੀਆਂ 1 ਜੁਲਾਈ ਨੂੰ ਕਾਪੀਆਂ ਸਾੜਨ ਅਤੇ ਸੂਬਾਈ ਨਵੈਨਸ਼ਨ/ਮੁਜਾਹਰਾ ਜਲੰਧਰ 21 ਜੁਲਾਈ ਨੂੰ

**ਬਰਨਾਲਾ (ਸਤਨਾਮ ਸਿੰਘ ਸਹੂੰਗੜਾ)–** ਅੱਜ ਸਥਾਨਕ ਤਰਕਸ਼ੀਲ ਭਵਨ ਵਿੱਚ ਜਮਹੂਰੀ ਅਧਿਕਾਰ ਸਭਾ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਦੇ ਉੱਤੇ ਪੰਜਾਬ ਦੀਆਂ ਤਿੰਨ ਦਰਜਨ ਤੋਂ ਵਧੇਰੇ ਜਨਤਕ ਜਥੇਬੰਦੀਆਂ ਨੇ ਮੀਟਿੰਗ ਕਰਕੇ ਸੱਦਾ ਦਿੱਤਾ ਕਿ ਅਰੁੰਧਤੀ ਰਾਏ ਅਤੇ ਸ਼ੌਕਤ ਹੁਸੈਨ ਨੂੰ ਨਿਰ–ਅਧਾਰ ਕੇਸ ਵਿੱਚ ਫਸਾਉਣ ਯੂ ਏ ਪੀ ਏ ਮੜ੍ਹਨ ਖ਼ਿਲਾਫ਼ ਪੰਜਾਬ ਭਰ ਵਿੱਚ ਸਾਰੇ ਜਿਲ੍ਹਾ/ਤਹਿਸੀਲ ਪੱਧਰ ਉੱਤੇ 1 ਜੁਲਾਈ ਨੂੰ ਫ਼ੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। ਅੱਜ ਦੀ ਮੀਟਿੰਗ ਵਿੱਚ ਇਹ ਫੈਸਲਾ ਵੀ ਕੀਤਾ ਗਿਆ ਕਿ ਅਰੁੰਧਤੀ ਰਾਏ ਅਤੇ ਸ਼ੌਕਤ ਹੁਸੈਨ ਨੂੰ ਝੂਠੇ ਕੇਸ ਵਿੱਚ ਫਸਾਉਣ ਦੇ ਯਤਨਾਂ ਨੂੰ ਪਿਛਲ ਮੋੜਾਂ ਦੇਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 21 ਜੁਲਾਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਅਤੇ ਮੁਜਾਹਰਾ ਕੀਤਾ ਜਾਵੇਗਾ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦੇ ਹੋਏ ਪ੍ਰੋ ਜਗਮੋਹਨ ਸਿੰਘ ਅਤੇ ਰਾਜਿੰਦਰ ਭਦੌੜ ਨੇ ਕਿਹਾ ਕਿ 26 ਜੂਨ 1975 ਨੂੰ ਐਮਰਜੈਂਸੀ ਐਲਾਨੀ ਗਈ ਸੀ ਪਰ 2014 ਤੋਂ ਅਣਐਲਾਨੀ ਐਮਰਜੈਂਸੀ ਦਾ ਬਦਲਵੇਂ ਰੂਪ ਵਿੱਚ ਦੌਰ ਦਿਨ ਬ ਦਿਨ ਹੋਰ ਤਿੱਖਾ ਹੋ ਰਿਹਾ ਹੈ ਜਿਸ ਦੀ ਉਦਾਹਰਣ ਰੋਲਟ ਐਕਟ ਨੂੰ ਮਾਤ ਪਾਉਂਦੇ ਪਹਿਲੀ ਜੁਲਾਈ ਤੋਂ ਲਾਗੂ ਹੋ ਰਹੇ ਤਿੰਨ ਨਵੇਂ ਫ਼ੌਜਦਾਰੀ ਕਨੂੰਨ ਅਤੇ ਕਿਰਤ ਕੋਡ ਹਨ। ਤਿੰਨ ਦਰਜਣ ਤੋਂ ਵੱਧ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਇਸ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਭਾਜਪਾ ਹਕੂਮਤ ਲੋਕਾਂ ਉੱਪਰ ਆਰਥਿਕ ਅਤੇ ਫਿਰਕੂ ਫਾਸ਼ੀ ਹੱਲਾ ਬੋਲਣ ਲਈ ਆਪਣਾ ਰਾਹ ਮੋਕਲਾ ਕਰਨ ਵਾਸਤੇ ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਕਵੀਆਂ, ਰੰਗ ਕਰਮੀਆਂ, ਤਰਕਸ਼ੀਲਾਂ ਅਤੇ ਜਮਹੂਰੀ ਖ਼ੇਤਰ ਦੇ ਵਿਦਵਾਨਾਂ ਨੂੰ ਆਪਣੇ ਚੋਣਵੇਂ ਹੱਲੇ ਦੀ ਮਾਰ



ਹੇਠ ਲਿਆ ਕੇ ਲੋਕਾਂ ਦੀ ਅਵਾਜ ਬਣਨ ਵਾਲ਼ੇ ਸੰਵੇਦਨਸ਼ੀਲ ਹਿੱਸਿਆਂ ਨੂੰ ਲੋਕ ਕਾਫ਼ਲੇ ਤੋਂ ਅਲੱਗ ਕਰ ਕੇ ਸੀਖਾਂ ਪਿੱਛੇ ਡੱਕ ਕੇ ਜ਼ੁਬਾਨਬੰਦੀ ਕਰਨ ਲਈ ਰੱਸੇ ਪੈੜੇ ਵੱਟ ਰਹੀ ਹੈ। ਮੀਟਿੰਗ ਨੇ ਸੱਦਾ ਦਿੱਤਾ ਹੈ ਕਿ ਸਮੂਹ ਲੋਕ ਹਿੱਸੇ ਕੱਲੇ ਕੱਲੇ ਮਾਰ ਖਾਣ ਦੀ ਬਜਾਏ ਤੁਰੰਤ ਇਹਨਾਂ ਬੁੱਧੀਜੀਵੀਆਂ ਦੀ ਪਿੱਠ 'ਤੇ ਖੜ੍ਹਨ , ਕਾਲ਼ੇ ਕਨੂੰਨ ਮੋੜ ਕੇ ਜੇਬ ਵਿਚ ਪਵਾਉਣ ਲਈ ਵਿਸ਼ਾਲ ਜਨਤਕ ਲਾਮਬੰਦੀ ਕਰਨ ਨਹੀਂ ਤਾਂ ਭਾਜਪਾ ਹਕੂਮਤ ਵਾਰੋ ਵਾਰੀ ਸਭ ਨੂੰ ਆਪਣੀ ਮਾਰ ਹੇਠ ਲਿਆਏਗੀ। ਅੱਜ ਦੀ ਮੀਟਿੰਗ 'ਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, ਪ੍ਰਗਤਸ਼ੀਲ ਲੇਖਕ ਸੰਘ, ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ, ਡੈਮੋਕਰੇਟਿਕ ਮੁਲਾਜਮ ਫੈਡਰੇਸ਼ਨ, ਨੌਜਵਾਨ ਭਾਰਤ ਸਭਾ, ਮਜਦੂਰ ਮੁਕਤੀ ਮੋਰਚਾ, ਪੰਜਾਬ ਖੇਤ ਮਜਦੂਰ ਯੂਨੀਅਨ, ਪੰਜਾਬ ਸਟੂਡੈਂਟਸ ਫੈਡਰੇਸ਼ਨ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਪੰਜਾਬ, ਬੀਕੇਯੂ ਕਰਾਂਤੀਕਾਰੀ, ਬੀਕੇਯੂ ਏਕਤਾ ਉਗਰਾਹਾਂ, ਬੀਕੇਯੂ ਏਕਤਾ ਡਕੌਂਦਾ ਧਨੇਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਪਿੰਡ ਬਚਾਓ ਪੰਜਾਬ ਬਚਾਓ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ ਭੰਗਲ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ, ਇਸਤਰੀ ਜਾਗ੍ਰਿਤੀ ਮੰਚ, ਪੰਜਾਬ ਸਟੂਡੈਂਟਸ ਯੂਨੀਅਨ, ਪੀਐਸਪੀਸੀਐਲ ਫੈਡਰੇਸ਼ਨ ਏਟਕ, ਦਲਿਤ ਤੇ ਮਜਦੂਰ ਮੁਕਤੀ ਮੋਰਚਾ, ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਡੀਟੀਐਫ, ਨੌਜਵਾਨ ਭਾਰਤ ਸਭਾ, ਪੀਐਸਯੂ ਲਲਕਾਰ, ਕਾਰਖਾਨਾ ਮਜ਼ਦੂਰ ਯੂਨੀਅਨ, ਟੈਕਨੀਕਲ ਹੌਜਰੀ ਕਾਮਗਾਰ ਯੂਨੀਅਨ(ਸਹਿਮਤੀ ਸਨੇਹਾ), ਪੇਂਡੂ ਮਜ਼ਦੂਰ ਯੂਨੀਅਨ ਮਸ਼ਾਲ(ਸਹਿਮਤੀ ਸਨੇਹਾ), ਪੀਐਸਯੂ ਸ਼ਹੀਦ ਰੰਧਾਵਾ, ਖੇਤੀਬਾੜੀ ਕਿਸਾਨ ਵਿਕਾਸ ਫਰੰਟ, ਪੀਐਸਪੀਸਐਲ ਪੈਨਸ਼ਨਰਜ ਯੂਨੀਅਨ, ਨੌਜਵਾਨ ਭਾਰਤ ਸਭਾ, ਅਦਾਰਾ ਤਰਕਸ਼, ਵਰਗ ਚੇਤਨਾ ਮੰਚ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸ਼ੀਏਸ਼ਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਆਈਸਾ, ਬਾਬਾ ਜੀਵਨ ਸਿੰਘ ਸਟੂਡੈਂਟ ਲੀਗ, ਇਨਕਲਾਬੀ ਮਜ਼ਦੂਰ ਕੇਂਦਰ (ਸਹਿਮਤੀ), ਪੇਂਡੂ ਮਜ਼ਦੂਰ ਯੂਨੀਅਨ ਆਦਿ ਜਥੇਬੰਦੀਆਂ ਸ਼ਾਮਲ ਹੋਈਆਂ। ਸ਼ਹੀਦ ਭਗਤ ਵਿਚਾਰ ਮੰਚ (ਆਰਸੀਐਫ ਕਪੂਰਥਲਾ) ਤੇ ਇਨਕਲਾਬੀ ਮਜਦੂਰ ਕੇਂਦਰ ਨੇ ਸਹਿਮਤੀ ਭੇਜੀ ਹੈ।

****

# ਕਾਮਰੇਡ ਕੁਲਵੰਤ ਸਿੰਘ ਕਿਰਤੀ ਦਾ ਘਾਟਾ ਕਦੀ ਪੂਰਾ ਨਹੀਂ ਹੋਵੇਗਾ - ਮੰਗਤ ਰਾਮ ਪਾਸਲਾ



**ਫਿਲੌਰ (ਸਤਨਾਮ ਸਿੰਘ ਸਹੂੰਗੜਾ)–** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਫਾਜਿਲਕਾ ਜਿਲ੍ਹਾ ਕਮੇਟੀ ਦੇ ਪ੍ਰਧਾਨ ਉਘੇ ਕਿਸਾਨ ਘੁਲਾਟੀਏ, ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਸਾਥੀ ਕੁਲਵੰਤ ਸਿੰਘ ਕਿਰਤੀ ਵਾਸੀ ਸੀਡ ਫਾਰਮ ਅਬੋਹਰ ਅੱਜ ਸਵੇਰੇ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿਛਲੇ ਕਈ ਸਾਲਾਂ ਤੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਤੋਂ ਪੀੜ੍ਹਤ ਸਨ। ਉਹ ਇਸ ਵੇਲੇ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਵਿਖੇ ਇਲਾਜ ਅਧੀਨ ਸਨ। ਸਾਥੀ ਕਿਰਤੀ ਬਿਮਾਰੀ ਨਾਲ ਜੁੜੀਆਂ ਬੇਸ਼ੁਮਾਰ ਤਕਲੀਫਾਂ ਦੀ ਪ੍ਰਵਾਹ ਨਾ ਕਰਦਿਆਂ ਆਖਰੀ ਸਾਹ ਤੱਕ ਕਿਰਤੀਆਂ ਲਈ ਜੂਝਦੇ ਰਹੇ। ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਕੈਸ਼ੀਅਰ ਸਾਥੀ ਰਤਨ ਸਿੰਘ ਰੰਧਾਵਾ, ਪ੍ਰਗਟ ਸਿੰਘ ਜਾਮਾਰਾਏ ਤੇ ਪ੍ਰੋ ਜੈ ਪਾਲ ਸਿੰਘ, ਕੇਂਦਰੀ ਕਮੇਟੀ ਦੇ ਮੈਂਬਰਾਨ ਸਾਥੀ ਰਘੁਵੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ ਅਤੇ ਮਹੀਪਾਲ, ਜਿਲ੍ਹਾ ਕਮੇਟੀ ਦੇ ਸਕੱਤਰ ਸਾਥੀ ਗੁਰਮੇਜ ਲਾਲ ਗੇਜੀ, ਜਿਲ੍ਹਾ ਕਮੇਟੀ ਮੈਂਬਰ ਸਾਥੀ ਸਾਹਿਬ ਰਾਮ, ਜੱਗਾ ਸਿੰਘ, ਜੈਮਲ ਰਾਮ, ਤੇਜਾ ਸਿੰਘ, ਰਮੇਸ਼ ਵਡੇਰਾ ਅਤੇ ਸਾਥੀ ਕੁਲਵੰਤ ਸਿੰਘ ਕਿਰਤੀ ਨਾਲ ਲੰਬਾ ਸਮਾਂ ਰਹੇ ਅਵਤਾਰ ਸਿੰਘ ਨੇ ਉਹਨਾਂ ਦੇ ਅਸਹਿ ਵਿਛੋੜੇ ਨੂੰ ਪਾਰਟੀ ਅਤੇ ਜਮਹੂਰੀ ਲਹਿਰ ਲਈ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੰਦਿਆਂ ਸਾਥੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਦੌਰਾਨ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸਾਥੀ ਕਿਰਤੀ ਸੰਸਥਾਪਕ ਆਗੂ ਸਨ।

# ਸੀਐਮ ਦੀ ਯੋਗਸ਼ਾਲਾ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ

**ਪਠਾਨਕੋਟ (ਜਸਪਾਲ ਕੁਮਾਰ ਆਜਾਦ)**–ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਵੱਲੋਂ ਸਮੂਹ ਪੰਜਾਬ ਵਾਸੀਆਂ ਲਈ ਚਲਾਈਆਂ ਜਾ ਰਹੀਆਂ ਯੋਗਾ ਕਲਾਸਾਂ ਦੇ ਪ੍ਰਭਾਵਸ਼ਾਲੀ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ, ਜਿਸ ਕਾਰਨ ਲੋਕ ਹੁਣ ਸਰੀਰਕ ਅਤੇ ਮਾਨਸਿਕ ਤੌਰ 'ਤੇ ਸ਼ਾਂਤ ਅਤੇ ਤੰਦਰੁਸਤ ਮਹਿਸੂਸ ਕਰ ਰਹੇ ਹਨ ਆਮ ਆਦਮੀ ਦੀਆਂ ਦਵਾਈਆਂ ਹੁਣ ਘੱਟ ਹੋਣ ਲੱਗੀਆਂ ਹਨ। ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਦੁਆਰਾ ਚਲਾਏ ਜਾ ਰਹੇ ਪ੍ਰੋਜੈਕਟ 'ਸੀ.ਐਮ ਦੀ ਯੋਗਸ਼ਾਲਾ' ਦੀ ਜ਼ਿਲ੍ਹਾ ਪਠਾਨਕੋਟ ਦੀ ਕੋਆਰਡੀਨੇਟਰ ਸ੍ਰੀਮਤੀ ਸੁਰਕਸ਼ਾ ਕੁਮਾਰੀ ਨੇ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ 31 ਹੁਨਰਮੰਦ ਅਤੇ ਸਿਖਲਾਈ ਪ੍ਰਾਪਤ ਯੋਗਾ ਇੰਸਟ੍ਰਕਟਰਾਂ ਦੁਆਰਾ 173 ਯੋਗਾ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਗਿਣਤੀ ਵਧ ਕੇ 2000 ਤੱਕ ਪਹੁੰਚ ਜਾਵੇਗੀ। 180 ਭਵਿੱਖ ਵਿੱਚ ਇਸ ਵਿੱਚ ਲਗਭਗ 6000 ਲਾਭਪਾਤਰੀ ਸ਼ਾਮਲ ਹੋਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਦੇ ਸੁਪਨਮਈ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਹਰ ਯੋਗਾ ਇੰਸਟ੍ਰਕਟਰ ਪੂਰੀ ਲਗਨ ਅਤੇ ਲਗਨ ਨਾਲ ਕੰਮ ਕਰ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਆਮ ਲੋਕਾਂ ਦੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਜਿਵੇਂ ਕਿ ਬੀ।ਪੀ।, ਡਿਪ੍ਰੈਸ਼ਨ, ਕੋਲੈਸਟ੍ਰੋਲ, ਮੋਟਾਪਾ, ਸ਼ੂਗਰ, ਗਠੀਆ , ਇਨਸੌਮਨੀਆ , ਮਾਈਗ੍ਰੇਨ , ਸਲਿੱਪ ਆਦਿ ਡਿਸਕ ਆਦਿ ਠੀਕ ਹੋਣੇ ਸ਼ੁਰੂ ਹੋ ਗਏ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਮੁਫਤ ਯੋਗਾ ਕਲਾਸਾਂ ਚਲਾਉਣ ਲਈ ਪੰਜਾਬ ਭਰ ਵਿੱਚ ਹੁਨਰਮੰਦ ਯੋਗਾ ਇੰਸਟ੍ਰਕਟਰਾਂ ਦੀ ਨਿਯੁਕਤੀ ਕੀਤੀ ਹੈ ਅਤੇ ਹਰੇਕ ਵਿਅਕਤੀ ਨੂੰ ਯੋਗਾ ਪ੍ਰਤੀ ਯੋਗ ਅਤੇ ਰੋਗ ਮੁਕਤ ਬਣਾਉਣ ਲਈ ਇੱਕ ਨੰਬਰ ਜਾਰੀ ਕੀਤਾ ਹੈ। ਨੰਬਰ 7669400500 'ਤੇ ਇੱਕ ਮਿਸਡ ਕਾਲ ਦੇ ਕੇ, ਤੁਸੀਂ ਆਪਣੇ ਘਰ, ਆਂਢ–ਗੁਆਂਢ, ਗਲੀ/ਮੁਹੱਲੇ, ਪਾਰਕ ਵਿੱਚ ਇੱਕ ਮੁਫਤ ਯੋਗਾ ਕਲਾਸ ਦਾ ਆਯੋਜਨ ਕਰ ਸਕਦੇ ਹੋ। ਤੁਸੀਂ ਪੰਜਾਬ ਦੇ ਕਿਸੇ ਵੀ ਕੋਨੇ ਵਿੱਚ 25 ਲੋਕਾਂ ਦਾ ਗਰੁੱਪ ਬਣਾ ਸਕਦੇ ਹੋ ਅਤੇ ਦਿੱਤੇ ਗਏ ਨੰਬਰ 'ਤੇ ਮਿਸ ਕਾਲ ਦੇ ਸਕਦੇ ਹੋ। ਪੰਜਾਬ ਸਰਕਾਰ ਹੁਨਰਮੰਦ ਯੋਗਾ ਇੰਸਟ੍ਰਕਟਰਾਂ ਨੂੰ ਤੁਹਾਡੇ ਘਰ ਭੇਜੇਗੀ। ਇਸ ਦੇ ਲਈ ਆਮ ਲੋਕ www.cmdiyogshala.punjab.gov.in 'ਤੇ ਜਾ ਕੇ ਵੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ ਅਤੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਮਾਨ–ਵਤਾਵਾਦੀ ਕਾਰਜ ਨੂੰ ਅੱਗੇ ਲਿਜਾਣ ਲਈ ਜਨਤਾ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਅਤੇ ਉਨ੍ਹਾਂ ਦੀ ਸਰਕਾਰ ਦਾ ਧੰਨਵਾਦ ਕਰ ਰਹੀ ਹੈ।



ਪਠਾਨਕੋਟ ਜ਼ਿਲ੍ਹੇ ਵਿੱਚ ਯੋਗਾ ਟਰੇਨਰ ਅੰਕਿਤ ਕੁਮਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਲਾਸ ਵਿੱਚ ਆਈ ਸ੍ਰੀਮਤੀ ਅਪਰਨਾ ਠਾਕੁਰ ਨੂੰ ਸਲਿੱਪ ਡਿਸਕ ਦੀ ਸਮੱਸਿਆ ਵਿੱਚ ਯੋਗਾ ਕਰਨ ਨਾਲ ਕਾਫੀ ਫਾਇਦਾ ਹੋਇਆ। ਇਨਸੌਮਨੀਆ।

ਪਠਾਨਕੋਟ ਵਿੱਚ ਕੰਮ ਕਰ ਰਹੇ ਯੋਗਾ ਟ੍ਰੇਨਰ ਉਮਾਕਾਂਤ ਦਾ ਕਹਿਣਾ ਹੈ ਕਿ 54 ਸਾਲਾ ਸ਼੍ਰੀਮਤੀ ਨੀਲਮ ਕੁਮਾਰੀ, ਜੋ ਉਨ੍ਹਾਂ ਦੀ ਕਲਾਸ ਵਿੱਚ ਆ ਰਹੀ ਸੀ ਅਤੇ ਥਾਇਰਾਇਡ ਦੀ ਸਮੱਸਿਆ ਤੋਂ ਪੀੜਤ ਸੀ, ਨੂੰ ਯੋਗਾ ਕਰਨ ਦਾ ਬਹੁਤ ਫਾਇਦਾ ਹੋਇਆ।ਪਠਾਨਕੋਟ ਵਾਸੀਆਂ ਵਿੱਚ ਯੋਗਾ ਕਰਨ ਪ੍ਰਤੀ ਭਾਰੀ ਉਤਸ਼ਾਹ ਦੇਖਿਆ ਜਾ ਸਕਦਾ ਹੈ। ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਯੋਗ ਰਾਹੀਂ ਸਿਹਤ ਲਾਭ ਪ੍ਰਾਪਤ ਕਰਨ ਲਈ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ।

ਜ਼ਿਲ੍ਹਾ ਪਠਾਨਕੋਟ ਕੋਆਰਡੀਨੇਟਰ ਸੁਰਕਸ਼ਾ ਕੁਮਾਰੀ ਨੇ ਅਪੀਲ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਪਠਾਨਕੋਟ ਵਿੱਚ ਵੱਖ–ਵੱਖ ਥਾਵਾਂ 'ਤੇ ਚਲਾਈਆਂ ਜਾ ਰਹੀਆਂ ਯੋਗਾ ਕਲਾਸਾਂ ਬਾਰੇ ਜਾ ਕੇ ਰਿਪੋਰਟ ਕਰੋ ਤਾਂ ਤੁਹਾਨੂੰ ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਸੁਪਨੇ ਅਤੇ ਪੰਜਾਬ ਸਰਕਾਰ ਦੇ ਸੁਪਨੇ ਸਾਕਾਰ ਹੁੰਦੇ ਨਜ਼ਰ ਆਉਣਗੇ।

# ਸਮਤਾ ਸੈਨਿਕ ਦਲ ਪੰਜਾਬ ਯੂਨਿਟ ਦੇ ਐਡਵੋਕੇਟ ਕੁਲਦੀਪ ਭੱਟੀ ਬਣੇ ਪ੍ਰਧਾਨ

**ਜਲੰਧਰ–** ਅੰਬੇਡਕਰ ਭਵਨ ਜਲੰਧਰ ਵਿਖੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੀ ਆਮ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਕੀਤੀ। ਸਭਾ ਦੇ ਮੁੱਖ ਮਹਿਮਾਨ ਸਮਤਾ ਸੈਨਿਕ ਦਲ ਦੇ ਰਾਸ਼ਟਰੀ ਚੇਅਰਮੈਨ ਡਾ। ਐਚ ਆਰ ਗੋਇਲ ਸਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਦੇ ਉੱਤਰੀ ਭਾਰਤ ਦੇ ਸਕੱਤਰ ਸ੍ਰੀ ਨਰੇਸ਼ ਖੋਖਰ ਸ਼ਾਮਿਲ ਹੋਏ। ਮੀਟਿੰਗ ਦੀ ਸ਼ੁਰੂਆਤ ਬਲਦੇਵ ਰਾਜ ਭਾਰਦਵਾਜ ਦੁਆਰਾ ਬੁੱਧਬੰਦਨਾ, ਤ੍ਰਿਸ਼ਣ ਅਤੇ ਪੰਚਸ਼ੀਲ ਦੇ ਪਾਠ ਉਚਾਰਨ ਕਰਨ ਨਾਲ ਹੋਈ। ਰਾਸ਼ਟਰੀ ਚੇਅਰਮੈਨ ਡਾ। ਐਚ ਆਰ ਗੋਇਲ ਨੇ ਸਮਤਾ ਸੈਨਿਕ ਦਲ ਬਾਰੇ ਵਿਸ਼ੇਸ਼ ਜਾਣਕਾਰੀ ਦਿੰਦਿਆਂ ਕਿਹਾ ਕਿ ਦਲ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦੁਆਰਾ 13 ਮਾਰਚ 1927 ਨੂੰ ਸਥਾਪਿਤ ਅਜਿਹਾ ਸੁਤੰਤਰ ਅਤੇ ਗੈਰ ਰਾਜਨੀਤਿਕ ਸੰਗਠਨ ਹੈ ਜੋ ਸਮਾਜ ਵਿੱਚ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਲਈ ਕੰਮ ਕਰਦਾ ਹੈ। ਉਹਨਾਂ ਕਿਹਾ ਕਿ ਦਲ ਇਕ ਰਜਿਸਟਰਡ ਸੰਸਥਾ ਹੈ ਜਿਸ ਦਾ ਹੈਡ ਆਫਿਸ ਨਾਗਪੁਰ (ਮਹਾਰਾਸ਼ਟਰ) ਵਿਖੇ ਹੈ। ਦਲ ਨੂੰ ਇਨਕਮ ਟੈਕਸ ਵਿਭਾਗ ਵੱਲੋਂ ਸੈਕਸ਼ਨ 80 ਘ ਦੇ ਅੰਤਰਗਤ ਛੂਟ ਮਿਲੀ ਹੋਈ ਹੈ। ਇਸ ਦਾ ਚਚੋਲੀ, ਨਾਗਪੁਰ ਵਿਖੇ ਆਪਣਾ ਟ੍ਰੇਨਿੰਗ ਸੈਂਟਰ ਹੈ ਜਿੱਥੇ ਨੌਜਵਾਨਾਂ (ਲੜਕੇ ਅਤੇ ਲੜਕੀਆਂ) ਨੂੰ ਸਰੀਰਕ ਸਿੱਖਿਆ, ਬੌਧਿਕ ਸਿੱਖਿਆ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਦਲ ਦਾ ਹਰ ਦੋ ਸਾਲ ਬਾਅਦ ਰਾਸ਼ਟਰੀ ਅਧਿਵੇਸ਼ਨ ਹੁੰਦਾ ਹੈ ਅਤੇ ਲੋਕਤੰਤਰੀ ਢੰਗ ਨਾਲ ਨਵੀਂ ਬਾਡੀ ਦੀ ਚੋਣ ਕੀਤੀ ਜਾਂਦੀ ਹੈ । ਉਹਨਾਂ ਕਿਹਾ ਕਿ ਦਲ ਦੀਆਂ ਸ਼ਾਖਾਵਾਂ ਨੂੰ ਆਪਣੇ ਆਪਣੇ ਸਤਰ ਤੇ ਇਹ ਸਿੱਖਿਆ ਨੌਜਵਾਨਾਂ ਨੂੰ ਦੇਣੀ ਚਾਹੀਦੀ ਹੈ ਉਹਨਾਂ ਇਹ ਵੀ ਕਿਹਾ ਕਿ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ ਇਸ ਲਈ ਉਹਨਾਂ ਨੂੰ ਆਪਣੇ ਛੋਟੇ ਮੋਟੇ ਬਿਜਨਸ ਸ਼ੁਰੂ ਕਰਨੇ ਚਾਹੀਦੇ ਹਨ। ਉੱਤਰੀ ਭਾਰਤ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਖੋਖਰ ਨੇ ਵੀ ਦਲ ਦੇ ਪ੍ਰਸਾਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਬਾਅਦ ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਦੀ ਨਵੀਂ ਬਾਡੀ ਦੀ ਚੋਣ ਪ੍ਰਕਿਰਿਆ ਸ਼ੁਰੂ ਹੋਈ। ਦਲ ਦੇ ਪੰਜਾਬ ਯੂਨਿਟ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦ–ਵਾਜ ਨੇ 31-10-2021 ਤੋਂ 30-06-।2024 ਤੱਕ ਦੀ ਦਲ ਦੀ ਪ੍ਰਗਤੀ ਰਿਪੋਰਟ ਹਾਊਸ ਵਿਚ ਪੜ੍ਹੀ ਅਤੇ ਵਿੱਤ ਸਕੱਤਰ ਸ੍ਰੀ ਕੁਲਦੀਪ ਭੱਟੀ ਨੇ ਵਿੱਤੀ ਰਿਪੋਰਟ ਪੜ੍ਹੀ। ਦੋਹਾਂ ਰਿਪੋਰਟਾਂ ਨੂੰ ਨੂੰ ਹਾਊਸ ਨੇ ਹੱਥ ਖੜੇ ਕਰਕੇ ਪਾਸ ਕੀਤਾ। ਇਸ ਉਪਰੰਤ ਦਲ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਜੀ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਇਸ ਮੌਜੂਦਾ ਬੋਡੀ ਨੂੰ ਸਹਿਯੋਗ ਦਿੱਤਾ ਅਤੇ ਅਪੀਲ ਕੀਤੀ ਕਿ ਉਹ ਨਵੀਂ ਬਾਡੀ ਨੂੰ ਵੀ ਇਸੇ ਤਰ੍ਹਾਂ ਆਪਣਾ ਸਹਿਯੋਗ ਬਰਕਰਾਰ ਰੱਖਣ। ਇਸ ਤੋਂ ਬਾਅਦ ਸੂਬਾ ਪ੍ਰਧਾਨ ਨੇ ਹਾਊਸ ਨੂੰ ਭੰਗ ਕੀਤਾ ਅਤੇ ਚੋਣ ਅਧਿਕਾਰੀ ਸ੍ਰੀ ਨਰੇਸ਼ ਖੋਖਰ ਦੁਆਰਾ ਰਾਸ਼ਟਰੀ ਚੇਅਰਮੈਨ ਡਾ। ਐਚ ਆਰ ਗੋਇਲ ਦੀ ਦੇਖਰੇਖ ਵਿੱਚ ਨਵੀਂ ਬਾਡੀ ਦੀ ਚੋਣ ਕਰਵਾਈ ਗਈ ਅਤੇ ਐਡਵੋਕੇਟ ਕੁਲਦੀਪ ਭੱਟੀ -ਪ੍ਰਧਾਨ , ਸੰਨੀ ਥਾਪਰ -ਸਕੱਤਰ, ਹਰਭਜਨ ਨਿਮਤਾ- ਕੈਸ਼ੀਅਰ, ਜਯੋਤੀ ਪ੍ਰਕਾਸ਼ -ਮੀਤ ਪ੍ਰਧਾਨ, ਸੁਨੀਲ ਕੁਮਾਰ -ਸਹਾਇਕ ਸਕੱਤਰ, ਐਡਵੋਕੇਟ ਅਸ਼ਵਨੀ ਦਾਦਰਾ -ਕਾਨੂੰਨੀ ਸਲਾਹਕਾਰ, ਸ਼੍ਰੀਮਤੀ ਸੁਦੇਸ਼ ਕਲਿਆਣ- ਬੋਧਿਕ ਪਰਮੁਖ, ਸ਼੍ਰੀਮਤੀ ਕਵਿਤਾ ਢਾਂਡੇ- ਕੋਆਰਡੀਨੇਟਰ ਵੂਮੈਨ ਸੈੱਲ ਅਤੇ ਰਜਕਾਰੀ ਮੈਂਬਰ ਦੇ ਤੌਰ ਤੇ ਜਸਵਿੰਦਰ ਵਰਿਆਣਾ, ਬਲਦੇਵ ਰਾਜ ਭਾਰਦਵਾਜ, ਗੁਰਚਰਨ ਗੌਤਮ, ਚਮਨ ਲਾਲ, ਤਿਲਕ ਰਾਜ, ਨਿਤਿਸ਼, ਗੌਤਮ ਸਾਂਪਲਾ ਸਰਬ ਸੰਮਤੀ ਨਾਲ ਚੁਣੇ ਗਏ। ਇਸ ਮੌਕੇ ਸਰਬਸ਼੍ਰੀ ਕ੍ਰਿਸ਼ਨ ਕਲਿਆਣ, ਵਰਿੰਦਰ ਕੁਮਾਰ, ਨਰਿੰਦਰ ਕੁਮਾਰ, ਰਾਜੇਸ਼ ਕੁਮਾਰ, ਨਿਰਮਲ ਸਿੰਘ ਬਿੰਜੀ, ਸ਼੍ਰੀਮਤੀ ਸੁਰਿੰਦਰ ਕੌਰ, ਸ਼ੈਰੀ ਆਦਿ ਹਾਜ਼ਰ ਸਨ। ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।), ਪੰਜਾਬ ਯੂਨਿਟ ਦੇ ਸਾਬਕਾ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।



# ਹਾਈਪਰਟੈਨਸ਼ਨ, ਸ਼ੂਗਰ ਗੁਰਦੇ ਫੇਲ੍ਹ ਹੋਣ ਦੇ ਮੁੱਖ ਕਾਰਨ - ਡਾ ਅਵਿਨਾਸ਼ ਸ੍ਰੀਵਾਸਤਵ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** "ਦੇਸ਼ ਵਿੱਚ ਹਰ ਸਾਲ 2.12 ਲੱਖ ਨਵੇਂ ਰੋਗੀਆਂ ਵਿੱਚ ਕ੍ਰੋਨਿਕ ਕਿਡਨੀ ਫੇਲਿਓਰ ਵਿਕਸਿਤ ਹੁੰਦਾ ਹੈ। ਹਾਈਪਰਟੈਨਸ਼ਨ, ਸ਼ੂਗਰ, ਬੀਪੀਐਚ, ਇਲਾਜ ਨਾ ਕੀਤੇ ਗਏ ਗੁਰਦੇ ਦੀ ਪੱਥਰੀ ਅਤੇ ਯੂਟੀਆਈ ਭਾਰਤ ਵਿੱਚ ਗੁਰਦੇ ਫੇਲ੍ਹ ਹੋਣ ਦੇ ਮੁੱਖ ਕਾਰਨ ਹਨ।"



ਆਈਵੀਵਾਈ ਹਸਪਤਾਲ ਵਿਖੇ ਯੂਰੋਲੋਜੀ ਅਤੇ ਰੇਨਲ ਟ੍ਰਾਂਸਪਲਾਂਟ ਦੇ ਸੀਨੀਅਰ ਡਾਇਰੈਕਟਰ ਡਾ ਅਵਿਨਾਸ਼ ਸ੍ਰੀਵਾਸਤਵ ਕਿਹਾ ਕਿ ਗੁਰਦੇ ਦਿਨ ਵਿੱਚ ਲਗਭਗ 400 ਵਾਰ ਖੂਨ ਨੂੰ ਫਿਲਟਰ ਕਰਦੇ ਹਨ। ਜੇਕਰ ਗੁਰਦੇ ਸਹੀ ਢੰਗ ਨਾਲ ਕੰਮ ਨਹੀਂ ਕਰਦੇ, ਤਾਂ ਉਹ ਗੰਭੀਰ ਗੁਰਦੇ ਦੀ ਬਿਮਾਰੀ ਦਾ ਕਾਰਨ ਬਣ ਸਕਦੇ ਹਨ। ਸਾਲਾਂ ਤੋਂ ਬੇਕਾਬੂ ਹਾਈ ਬਲੱਡ ਪ੍ਰੈਸ਼ਰ ਅਤੇ ਹਾਈ ਬਲੱਡ ਸ਼ੂਗਰ ਇਸ ਦੇ ਪਿੱਛੇ ਸੰਭਵ ਕਾਰਨ ਹੋ ਸਕਦੇ ਹਨ। ਆਪਣੇ ਆਪ ਨੂੰ ਗੁਰਦਿਆਂ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ, ਬਲੱਡ ਪ੍ਰੈਸ਼ਰ ਨੂੰ ਘਟਾਉਣ ਲਈ ਨਮਕ ਦਾ ਸੇਵਨ ਘੱਟ ਕਰਨਾ ਚਾਹੀਦਾ ਹੈ ਅਤੇ ਸ਼ਰਾਬ ਅਤੇ ਸਿਗਰਟ ਪੀਣ ਤੋਂ ਬਚਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਆਈਵੀਵਾਈ ਗਰੁੱਪ ਆਫ਼ ਹਸਪਤਾਲਜ਼ ਨੇ ਹੁਣ ਤੱਕ 1200 ਸਫਲ ਕਿਡਨੀ ਟ੍ਰਾਂਸਪਲਾਂਟ ਕੀਤੇ ਹਨ। ਸੀਨੀਅਰ ਡਾਇਰੈਕਟਰ ਨੇਫਰੋਲੋਜੀ ਡਾ ਰਾਕਾ ਕੌਸ਼ਲ ਨੇ ਕਿਹਾ, "ਪਿਛਲੇ ਇੱਕ ਦਹਾਕੇ ਵਿੱਚ ਬਿਮਾਰੀ ਦਾ ਪ੍ਰਸਾਰ ਲਗਭਗ ਦੁੱਗਣਾ ਹੋ ਗਿਆ ਹੈ, ਅਤੇ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਮੋਟਾਪਾ, ਤਣਾਅ ਅਤੇ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਵਰਗੇ ਜੋਖਮ ਦੇ ਕਾਰਕਾਂ ਵਿੱਚ ਵਾਧੇ ਕਾਰਨ ਇਸ ਦੇ ਹੋਰ ਵਧਣ ਦੀ ਉਮੀਦ ਹੈ।" ਡਾਕਟਰ ਰਾਕਾ ਕੌਸ਼ਲ ਨੇ ਦੱਸਿਆ ਕਿ ਆਈਵੀਵਾਈ ਸਾਰੇ ਪ੍ਰਕਾਰ ਦੇ ਲਿਵਿੰਗ ਡੋਨਰ ਟ੍ਰਾਂਸਪਲਾਂਟ ਕਰ ਰਿਹਾ ਹੈ, ਜਿਸ ਵਿੱਚ ਉੱਚ ਜੋਖਮ ਵਾਲੇ ਟਰਾਂਸਪਲਾਂਟ, ਪੀਡੀਆਟ੍ਰਿਕ ਟ੍ਰਾਂਸਪਲਾਂਟ ਸਵੈਪ ਕੇਸ, ਏਬੀਓ ਅਸੰਗਤ ਟ੍ਰਾਂਸਪਲਾਂਟ (ਗੈਰ-ਬਲੱਡ ਗਰੁੱਪ ਖਾਸ) ਅਤੇ ਰੀਡੋ ਟ੍ਰਾਂਸਪਲਾਂਟ ਸ਼ਾਮਲ ਹਨ।

ਗੁਰਦੇ ਦੀਆਂ ਬਿਮਾਰੀਆਂ ਤੋਂ ਬਚਣ ਦੇ 10 ਤਰੀਕੇ :-

1. ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਦਾ ਪ੍ਰਬੰਧਨ ਕਰੋ
2. ਲੂਣ ਦਾ ਸੇਵਨ ਘਟਾਓ
3. ਰੋਜ਼ਾਨਾ 8-10 ਗਲਾਸ ਪਾਣੀ ਪੀਓ
4. ਪਿਸ਼ਾਬ ਕਰਨ ਦੀ ਇੱਛਾ ਦਾ ਵਿਰੋਧ ਨਾ ਕਰੋ
5. ਬਹੁਤ ਸਾਰੇ ਫਲਾਂ ਸਮੇਤ ਸੰਤੁਲਿਤ ਭੋਜਨ ਖਾਓ
6. ਸਿਹਤਮੰਦ ਪੀਣ ਵਾਲੇ ਪਦਾਰਥ ਪੀਓ
7. ਸ਼ਰਾਬ ਅਤੇ ਸਿਗਰਟਨੋਸ਼ੀ ਤੋਂ ਬਚੋ
8. ਰੋਜ਼ਾਨਾ ਕਸਰਤ ਕਰੋ
9. ਸਵੈ-ਦਵਾਈਆਂ ਤੋਂ ਪਰਹੇਜ਼ ਕਰੋ, ਖਾਸ ਕਰਕੇ ਦਰਦ ਨਿਵਾਰਕ ਦਵਾਈਆਂ ਨਾਲ
10. ਆਪਣੇ ਡਾਕਟਰ ਨਾਲ ਚਰਚਾ ਕੀਤੇ ਬਿਨਾਂ ਪ੍ਰੋਟੀਨ ਪੂਰਕ ਅਤੇ ਹਰਬਲ ਦਵਾਈਆਂ ਲੈਣ ਤੋਂ ਪਹਿਲਾਂ ਸੋਚੋ।

# ਡਾ. ਹਰਮਿੰਦਰਪਾਲ ਸਿੰਘ ਨੇ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ ਦਾ ਸੰਭਾਲਿਆ ਚਾਰਜ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਦੇ ਹੁਕਮਾਂ ਅਨੁਸਸਾਰ ਡਾ. ਹਰਮਿੰਦਰਪਾਲ ਸਿੰਘ ਨੇ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ ਦਾ ਚਾਰਜ ਸੰਭਾਲ ਲਿਆ ਹੈ। ਇਸ ਤੋਂ ਪਹਿਲਾ ਉਹ ਅਪਣੀਆਂ ਸੇਵਾਵਾਂ ਜਿਲ੍ਹਾ ਗੁਰਦਾਸਪੁਰ ਦੇ ਖੇਤੀ ਬਾੜੀ ਦਫਤਰ ਵਿਖੇ ਬੀਜ ਪ੍ਰੀਖਣ ਅਫਸਰ ਗੁਰਦਾਸਪੁਰ ਵਜੋਂ ਅਪਣੀਆਂ ਸੇਵਾਵਾਂ ਨਿਭਾ ਰਹੇ ਸਨ। ਇਸ ਮੌਕੇ ਤੇ ਸਮੂਹ ਸਟਾਫ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਤੇ ਨਵਨਿਯੁਕਤ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ ਨੇ ਭਰੋਸਾ ਦਵਾਇਆ ਕਿ ਉਹ ਅਪਣੀ ਜਿਮ੍ਹੇਦਾਰੀ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾਉਂਣਗੇ। ਉਨ੍ਹਾਂ ਸਾਰੇ ਸਟਾਫ ਨੂੰ ਹਦਾਇਤ ਕਰਦਿਆਂ ਕਿਹਾ ਕਿ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ. ਜਸਵੰਤ ਸਿੰਘ ਦੇ ਦਿਸਾ ਨਿਰਦੇਸਾਂ ਅਨੁਸਾਰ ਹਰੇਕ ਕਰਮਚਾਰੀ ਅਪਣੀ ਡਿਊਟੀ ਤਨਦੇਹੀ ਨਾਲ ਨਿਭਾਏਗਾ ਅਤੇ ਜਿਲ੍ਹੇ ਅੰਦਰ ਕਿਸਾਨਾਂ ਨੂੰ ਆਉਂਣ ਵਾਲੀਆਂ ਮੁਸਕਿਲਾਂ ਦਾ ਹੱਲ ਕਰਨ ਦੇ ਉਪਰਾਲੇ ਕੀਤੇ ਜਾਣਗੇ।

# ਅਰੁੰਧਤੀ ਰਾਏ ਤੇ ਪ੍ਰੋ ਸ਼ੇਖ ਸ਼ੌਕਤ ਹੁਸੈਨ ਉੱਤੇ ਕੇਸ ਮੜਨ ਵਿਰੁੱਧ ਨਵਾਂਸ਼ਹਿਰ 'ਚ ਕੀਤਾ ਰੋਹ ਭਰਪੂਰ ਮੁਜ਼ਾਹਰਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਅਤੇ ਹੋਰ ਜਮਹੂਰੀ ਜਥੇਬੰਦੀਆਂ ਵਲੋਂ ਅਰੁੰਧਤੀ ਰਾਏ ਤੇ ਪ੍ਰੋ ਸ਼ੇਖ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੀ ਤਕਰੀਰ ਦੇ ਅਧਾਰ ਉੱਤੇ ਦਿੱਲੀ ਦੇ ਰਾਜਪਾਲ ਵੱਲੋਂ ਕੇਸ ਦਰਜ਼ ਕਰਨ ਦੀ ਮਨਜ਼ੂਰੀ ਦੇਣ ਦੇ ਵਿਰੋਧ ਵਿੱਚ ,ਯੂਏਪੀਏ ਖਤਮ ਕਰਨ 'ਤੇ ਨਵੇਂ ਫ਼ੌਜਦਾਰੀ ਕਾਨੂੰਨਾਂ ਨੂੰ ਫੌਰੀ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਨਵਾਂਸ਼ਹਿਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਉਪਰੰਤ ਡੀ।ਸੀ ਦਫਤਰ ਅੱਗੇ ਫ਼ੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਇਕ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਗਿਆ।




ਇਸ ਮੌਕੇ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ, ਸੂਬਾ ਕਮੇਟੀ ਮੈਂਬਰ ਬੂਟਾ ਸਿੰਘ, ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਦੇ ਸੂਬਾ ਕਨਵੀਨਰ ਦਲਜੀਤ ਸਿੰਘ ਐਡਵੋਕੇਟ, ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਮੁੱਖੀ ਸਤਪਾਲ ਸਲੋਹ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪੂਰੇ ਤੰਤਰ ਨੂੰ ਅਪਣੇ ਕਬਜ਼ੇ ਚ ਲੈਣ ਲਈ ਨਿਆਂਪਾਲਿਕਾ ਦੇ ਪਹਿਲਾਂ ਦੇ ਆਈ ਪੀ ਸੀ ਕਨੂੰਨਾਂ ਦਾ ਨਵਾਂ ਨਾਮਕਰਣ ਕਰਕੇ ਇਹਨਾਂ ਨੂੰ ਹਿਟਲਰੀ ਕਨੂੰਨ ਬਣਾ ਦਿੱਤਾ ਹੈ। ਇੱਕ ਜੁਲਾਈ ਤੋ ਦੇਸ਼ ਭਰ ਚ ਲਾਗੂ ਕੀਤੇ ਜਾ ਰਹੇ ਇਹਨਾਂ ਕਨੂੰਨਾਂ ਦੇ ਲਾਗੂ ਹੋਣ ਨਾਲ ਲੋਕਾਂ ਦੀ ਨਿੱਜੀ ਅਜਾਦੀ ਤੇ ਵਿਚਾਰ ਖ਼ਤਰੇ ਚ ਪੈ ਜਾਣਗੇ, ਕਿਉਂਕਿ ਸਰਕਾਰ ਦੀ ਕੋਈ ਵੀ ਆਲੋਚਨਾ ਜੁਰਮ ਦੇ ਘੇਰੇ ਵਿੱਚ ਆ ਜਾਵੇਗੀ।

ਆਗੂਆਂ ਨੇ ਕਿਹਾ ਕਿ ਨਵੇਂ ਫੌਜਦਾਰੀ ਕਾਨੂੰਨ ਲਾਗੂ ਹੋਣ 'ਤੇ ਆਲੋਚਨਾ ਕਰਨ ਅਤੇ ਸਰਕਾਰ ਖਿਲਾਫ ਬੋਲਣ ਵਾਲੇ ਤੇ ਪੁਲਸ ਪਰਚਾ ਦਰਜ ਕਰ ਸਕੇਗੀ। ਇਸ ਨਵੀਂ ਨਿਆਏ ਸੰਹਿਤਾ ਦੀਆਂ ਸਾਰੀਆਂ ਧਾਰਾਵਾਂ ਸਖ਼ਤ ਕਰਕੇ ਡੰਡੇ ਦਾ ਰਾਜ ਚਲਾਉਣ ਲਈ ਇਹ ਕਨੂੰਨ ਲਿਆਂਦੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਹਨਾਂ ਕਾਲੇ ਕਨੂੰਨਾਂ ਨੂੰ ਰੱਦ ਕਰਾਉਣ ਲਈ ਦੇਸ਼ ਪੱਧਰੀ ਜਨਤਕ ਜਮਹੂਰੀ ਲਹਿਰ ਦੀ ਉਸਾਰੀ ਲਈ ਪੰਜਾਬ ਦੀਆਂ ਤਿੰਨ ਦਰਜਨ ਜਨਤਕ ਜਮਹੂਰੀ ਜਥੇਬੰਦੀਆਂ ਨੇ ਸਾਂਝਾ ਮੰਚ ਬਣਾ ਕੇ ਇਹਨਾਂ ਕਾਲੇ ਕਨੂੰਨਾਂ ਨੂੰ ਰੱਦ ਕਰਾਉਣ ਦਾ ਫੈਸਲਾ ਕੀਤਾ ਹੈ। ਉਹਨਾਂ ਕਿਹਾ ਕਿ ਉੱਘੇ ਬੁੱਧੀਜੀਵੀਆਂ ਅਰੁਧੰਤੀ ਰਾਏ, ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਖ਼ਿਲਾਫ਼ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਨ ਵਿਰੁੱਧ ਵੀ ਪੂਰੇ ਜੋਰ ਨਾਲ ਅਵਾਜ ਉਠਾਉਣੀ ਚਾਹੀਦੀ ਹੈ।

ਉਹਨਾਂ ਕਿਹਾ ਕਿ ਲੋਕਾਂ ਵਲੋ ਲੋਕ ਸਭਾ ਚੋਣਾਂ ਚ ਨਕਾਰ ਦੇਣ ਦੇ ਬਾਵਜੂਦ ਮੋਦੀ ਹਕੂਮਤ ਦੇਸ਼ ਚ ਅਣਐਲਾਨੀ ਐਮਰਜੈਂਸੀ ਲਾ ਚੁੱਕੀ ਹੈ। ਪ੍ਰਸਿੱਧ ਲੇਖਿਕਾ ਅਰੰਧੁਤੀ ਰਾਏ ਤੇ ਪ੍ਰੋ: ਸ਼ੌਕਤ ਹੁਸੈਨ ਖਿਲਾਫ਼ ਯੂਏਪੀਏ ਕਾਨੂੰਨ ਤਹਿਤ ਮੁਕੱਦਮਾ ਚਲਾਉਣ ਦੀਆਂ ਕੁਚਾਲਾ 26 ਜੂਨ 1975 ਨੂੰ ਐਮਰਜੈਂਸੀ ਦੀ ਐਲਾਨੀ ਗਈ ਸੀ ਪਰ 2014 ਤੋਂ ਅਣਐਲਾਨੀ ਐਮਰਜੈਂਸੀ ਦਾ ਦੌਰ ਚੱਲ ਰਿਹਾ, ਜਿਹੜਾ ਕਿ ਦਿਨ-ਬ-ਦਿਨ ਘੱਟਣ ਦੇ ਬਾਵਜੂਦ ਹੋਰ ਤਿੱਖਾ ਹੋ ਰਿਹਾ ਹੈ। ਜਿਸ ਦੀ ਉਦਾਹਰਣ ਰੋਲਟ ਐਕਟ ਨੂੰ ਮਾਤ ਪਾਉਂਦੇ ਪਹਿਲੀ ਜੁਲਾਈ ਤੋਂ ਲਾਗੂ ਹੋ ਰਹੇ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਹਨ। ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਉੱਤੇ ਯੂਏਪੀਏ ਲਾਉਣਾ ਨਾਗਰਿਕਾਂ ਦੇ ਲਿਖਣ ਬੋਲਣ ਰਾਹੀਂ ਆਪਣੀ ਰਾਏ ਪ੍ਰਗਟ ਕਰਨ ਦੇ ਮੌਲਿਕ ਸੰਵਿਧਾਨਕ ਅਧਿਕਾਰ ਤੇ ਜਮਹੂਰੀ ਅਧਿਕਾਰਾਂ ਉਪਰ ਹਮਲਾ ਹੈ ਅਤੇ ਵੱਖਰੇ ਵਿਚਾਰਾਂ ਨੂੰ ਦਬਾਉਣ ਵਾਲਾ ਕਦਮ ਹੈ। ਇਸ ਫਾਸ਼ੀਵਾਦੀ ਕਦਮ ਦੀ ਸੰਸਾਰ ਪੱਧਰ ਤੇ ਜ਼ੋਰਦਾਰ ਨਿੰਦਾ ਹੋ ਰਹੀ ਹੈ ਅਤੇ ਇਸ ਪ੍ਰਵਾਨਗੀ ਨੂੰ ਰੱਦ ਕਰਨ ਦੀ ਮੰਗ ਅਹਿਮ ਮੰਗ ਹੈ। ਇਸੇ ਤਰ੍ਹਾਂ ਧੱਕੇ ਨਾਲ ਪਾਸ ਕੀਤੇ ਤਿੰਨ ਫੌਜਦਾਰੀ ਕਾਨੂੰਨਾਂ ਨੂੰ ਪਹਿਲੀ ਜੁਲਾਈ ਤੋਂ ਲਾਗੂ ਕਰਨ ਦੇ ਆਦੇਸ਼ਾਂ ਨੂੰ ਵੀ ਤਰੁੰਤ ਵਾਪਸ ਲੈਣ ਅਤੇ ਰੱਦ ਕਰਨ ਦੀ ਮੰਗ ਕਰਦੇ ਕੇਂਦਰ ਸਰਕਾਰ ਦੇ ਇਸ ਤਰਕ ਨੂੰ ਬੇਬੁਨਿਆਦ ਦੱਸਿਆ ਕਿ ਇਹ ਬਸਤੀਵਾਦੀ ਕਾਨੂੰਨਾਂ ਨੂੰ ਬਦਲਣ ਲਈ ਹਨ। ਪਰ ਧਿਆਨ ਨਾਲ ਵਾਚਿਆਂ ਇਹ ਸਪੱਸ਼ਟ ਹੈ ਕਿ ਇਹਨਾਂ ਵਿੱਚ ਨਵਾਂ ਕੁੱਝ ਵੀ ਨਹੀਂ, ਸਗੋਂ ਅੰਗਰੇਜ ਰਾਜ ਦੇ ਕਾਨੂੰਨਾਂ ਨੂੰ ਨਾਮ ਬਦਲਕੇ ਉਹਨਾਂ ਵਿੱਚ ਹੋਰ ਧਾਰਾਵਾਂ ਜੋੜ ਦਿੱਤੀਆਂ ਗਈਆਂ ਹਨ। ਜੋ ਆਜ਼ਾਦੀ ਸੰਗਰਾਮ ਦੀਆਂ ਪ੍ਰਾਪਤੀਆਂ ਨੂੰ ਤੇ ਸੁਪਰੀਮ ਕੋਰਟ ਦੇ ਦਿਸ਼ਾ -ਨਿਰਦੇਸ਼ਾਂ ਨੂੰ ਦਰ ਕਿਨਾਰ ਕਰਦੀਆਂ ਹਨ। ਇਹ ਨਾਗਰਿਕਾਂ ਦੇ ਮੌਲਿਕ ਅਤੇ ਜਮਹੂਰੀ ਅਧਿਕਾਰਾਂ ਦੇ ਨਾਲ-ਨਾਲ ਸੰਵਿਧਾਨਕ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਕੁਚਲਦੀਆਂ ਹਨ ਅਤੇ ਨਿਆਂ ਦੇ ਨਾਂਅ ਹੇਠ ਲੋਕਾਂ ਦੇ ਸਿਰ ਇੱਕ ਤਾਨਾਸ਼ਾਹ ਪੁਲਸੀਆ ਰਾਜ ਮੜ੍ਹਨ ਵਾਲਾ ਕਦਮ ਹਨ। ਜਿਹੜੇ ਅਧਿਕਾਰਾਂ ਲਈ ਸਾਡੇ ਪੁਰਖਿਆਂ ਨੇ ਬਸਤੀਵਾਦੀ ਹਾਕਮਾਂ ਵਿਰੁੱਧ ਲੰਬੀ ਲੜਾਈ ਲੜੀ ਸੀ ਅਤੇ ਕੁਰਬਾਨੀਆਂ ਦਿੱਤੀਆਂ ਸਨ, ਉਸ ਨੂੰ ਨਿਅਰਥ ਕਰਨ ਦੀ ਕੋਸ਼ਿਸ਼ ਹੈ । ਬੁਲਾਰਿਆਂ ਨੇ ਖਦਸ਼ਾ ਪ੍ਰਗਟਾਇਆ ਹੈ, ਕਿ ਇਹਨਾਂ ਕਾਨੂੰਨਾਂ ਦੇ ਲਾਗੂ ਹੋਣ ਪਿੱਛੋਂ ਉਸ ਨਾਲੋਂ ਵੀ ਬਦਤਰ ਹਾਲਤ ਪੈਦਾ ਹੋ ਜਾਣਗੇ। ਨਾਗਰਿਕਾਂ ਨੂੰ ਰਾਜ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਵੇਗਾ, ਅਤੇ ਨਾਗਰਿਕਾਂ ਦੀਆਂ ਸਾਰੀਆਂ ਆਜ਼ਾਦੀਆਂ ਤੇ ਜਮਹੂਰੀ ਹੱਕ ਖੁਸ ਜਾਣਗੇ ਅਤੇ ਸਮੁੱਚਾ ਪ੍ਰਸ਼ਾਸਕੀ ਢਾਂਚਾ ਵੀ ਪੁਲਸ-ਤੰਤਰ ਦੀ ਗ੍ਰਿਫਤ ਵਿੱਚ ਆ ਜਾਵੇਗਾ। ਦਰਅਸਲ ਇਹਨਾਂ ਤਿੰਨੇ ਫੌਜਦਾਰੀ ਕਾਨੂੰਨਾਂ ਦਾ ਮਸੌਦਾ 1975 ਦੀ ਐਮਰਜੈਂਸੀ ਨਾਲੋਂ ਵੀ ਭਿਆਨਕ ਹੈ ਅਤੇ ਨਾਗਰਿਕਾਂ ਨੂੰ ਹੀ ਨਹੀਂ, ਪ੍ਰਸਾਸ਼ਨਕ ਅਧਿਕਾਰੀਆਂ ਤੇ ਜੱਜਾਂ ਤੱਕ ਨੂੰ ਸੱਤਾ ਦੀ ਰਜ਼ਾ ਵਿੱਚ ਸਿਰ ਝੁਕਾਕੇ ਚਲਣਾ ਪਵੇਗਾ ਜੋ ਕਿ ਪਰਜਾ ਤੰਤਰ ਦੀ ਰੂਹ ਨੂੰ ਖਤਮ ਕਰਨ ਵੱਲ ਧੱਕੇਗੀ। ਬੁਲਾਰਿਆਂ ਨੇ ਪੰਜਾਬ ਦੇ ਲੋਕਾਂ ਨੂੰ ਇਹਨਾਂ ਖਤਰਨਾਕ ਕਾਨੂੰਨਾਂ ਵਿਰੁੱਧ ਜਾਗਰੂਕ ਹੋਣ ਲਈ 21 ਜੁਲਾਈ ਨੂੰ ਜਲੰਧਰ ਵਿਖੇ ਹੋ ਰਹੀ ਕਨਵੈਨਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਸਕੱਤਰ ਤਰਸੇਮ ਸਿੰਘ ਬੈਂਸ, ਤਰਕਸ਼ੀਲ ਸੁਸਾਇਟੀ ਦੇ ਸੁਬਾਈ ਆਗੂ ਜੁਗਿੰਦਰ ਕੁੱਲੇਵਾਲ, ਡਿਪਲੋਮਾ ਇੰਜਨੀਅਰ ਐਸੋਸੀਏਸ਼ਨ ਪੰਜਾਬ ਦੇ ਆਗੂ ਜਸਵੀਰ ਮੋਰੋਂ, ਪੀ।ਐਸ। ਯੂ ਦੇ ਆਗੂ ਬਲਜੀਤ ਸਿੰਘ ਧਰਮਕੋਟ, ਇਸਤਰੀ ਜਾਗ੍ਰਿਤੀ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਗੁਰ-ਬਖਸ਼ ਕੌਰ ਸੰਘਾ, ਲੋਕ ਮੋਰਚਾ ਪੰਜਾਬ ਦੇ ਆਗੂ ਤੀਰਥ ਰਾਮ ਰਸੂਲਪੁਰੀ, ਇਫਟੂ ਦੇ ਸੂਬਾਈ ਆਗੂ ਅਵਤਾਰ ਸਿੰਘ ਤਾਰੀ, ਪ੍ਰੋਫੈਸਰ ਦਿਲਬਾਗ ਸਿੰਘ, ਬਲਵੀਰ ਕੁਮਾਰ, ਆਟੋ ਯੂਨੀਅਨ ਦੇ ਆਗੂ ਰੋਹਿਤ ਬਛੌੜੀ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਐਸ।ਸੀ।ਬੀ।ਸੀ ਵੈਲਫੇਅਰ ਟਰੱਸਟ ਦੇ ਆਗੂ ਗੁਰਚਰਨ ਬੰਗਾ, ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਰੁਪਿੰਦਰ ਕੌਰ ਦੁਰਗਾ ਪੁਰ, ਰਣਜੀਤ ਕੌਰ ਮਹਿਮੂਦ ਪੁਰ, ਬਲਜਿੰਦਰ ਸਿੰਘ, ਗੁਰਦਿਆਲ ਸਿੰਘ ਮਹਿੰਦੀ ਪੁਰ, ਜਸਵੰਤ ਖੱਟਕੜ, ਰੇਹੜੀ ਵਰਕਰ ਯੂਨ-ਿਅਨ ਦੇ ਪ੍ਰਧਾਨ ਹਰੇ ਰਾਮ ਆਦਿ ਆਗੂ ਵੀ ਮੌਜੂਦ ਸਨ।

# ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਨਵੇਂ ਫੌਜਦਾਰੀ ਕਾਨੂੰਨਾਂ ਵਿਰੁੱਧ ਰੋਸ ਪ੍ਰਦਰਸ਼ਨ; ਕਾਪੀਆਂ ਸਾੜੀਆਂ

**ਸੰਗਰੂਰ (ਦਲਜੀਤ ਕੌਰ)–** ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਦੇ ਤੇ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਦਿੱਤੇ ਪ੍ਰੋਗਰਾਮ ਨੂੰ ਲਾਗੂ ਕਰਦਿਆਂ ਜਨਤਕ ਜਮਹੂਰੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਅੱਜ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਇਕੱਠੇ ਹੋ ਕੇ ਰੈਲੀ ਕੀਤੀ ਅਤੇ ਇਸ ਉਪਰੰਤ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਕੇਂਦਰ ਸਰਕਾਰ ਸੰਸਾਰ ਪ੍ਰਸਿੱਧ ਸ਼ਖ਼ਸੀਅਤਾਂ ਅਰੁੰਧਤੀ ਰਾਏ ਅਤੇ ਪ੍ਰੋ: ਸ਼ੇਖ ਸੌਕਤ ਹੁਸੈਨ ਉੱਪਰ 14 ਸਾਲ ਪਹਿਲਾਂ ਯੂ ਏ ਪੀ ਏ ਅਧੀਨ ਕੇਸ ਚਲਾਉਣ ਦੀ ਮਨਜ਼ੂਰੀ ਦੇਣ ਅਤੇ ਲਾਗੂ ਕੀਤੇ ਨਵੇਂ ਫੌਜਦਾਰੀ ਕਾਨੂੰਨਾਂ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ੀਆ ਅਧਿਨਿਯਮ ਦੇ ਵਿਰੋਧ ਵਿਚ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਮੰਗ ਪੱਤਰ ਦੇਕੇ ਅੰਰੁਧਤੀ ਰਾਏ ਅਤੇ ਪ੍ਰੋ ਸ਼ੇਖ ਸੌਕਤ ਹੁਸੈਨ ਦੇ ਖਿਲਾਫ ਕੇਸ ਨੂੰ ਵਾਪਸ ਲੈਣ ਅਤੇ ਇਹਨਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।



ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਇਹਨਾਂ ਕਾਨੂੰਨਾਂ ਨੂੰ ਸਰਕਾਰ ਦਾ ਵਿਰੋਧ ਕਰਨ ਵਾਲੀਆਂ ਲੋਕ ਪੱਖੀ ਆਵਾਜ਼ਾਂ ਬੰਦ ਕਰਵਾਉਣ ਲਈ ਭਾਰਤ ਵਿੱਚ ਨੰਗਾ ਚਿੱਟਾ ਪੁਲਿਸ ਰਾਜ ਥੋਪਣ ਲਈ ਲਿਆਉਣ ਲਾਗੂ ਕਰਕੇ ਕੇਂਦਰ ਸਰਕਾਰ ਨੇ ਅਸਿੱਧੇ ਰੂਪ ਵਿੱਚ ਐਮਰਜੈਂਸੀ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਪਹਿਲੀ ਜੁਲਾਈ ਤੋਂ ਭਾਰਤੀ ਦੰਡ ਸੰਹਿਤਾ (ਆਈਪੀਸੀ), ਭਾਰਤੀ ਫ਼ੌਜਦਾਰੀ ਸੰਹਿਤਾ (ਸੀਆਰਪੀਸੀ) ਅਤੇ ਭਾਰਤੀ ਗਵਾਹੀ ਐਕਟ (ਆਈਈਏ) ਦੀ ਜਗ੍ਹਾ ਲੈ ਲੈਣਗੇ। ਇਹਨਾਂ ਕਾਨੂੰਨਾਂ ਰਾਹੀਂ ਜਮਹੂਰੀ ਹੱਕਾਂ ਦਾ ਗਲਾ ਘੁੱਟਣ ਅਤੇ ਸਰਕਾਰ ਦੇ ਹੱਕੀ, ਵਾਜਬ ਤੇ ਜਮਹੂਰੀ ਵਿਰੋਧ ਨੂੰ ਅਪਰਾਧ ਦਾ ਦਰਜਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਦਹਿਸ਼ਤਵਾਦ ਦੀ ਪਰਿਭਾਸ਼ਾ ਸਮੇਤ ਕਾਲੇ ਕਾਨੂੰਨ ਯੂ ਏ ਪੀ ਏ ਦੇ ਹਿੱਸਿਆਂ ਨੂੰ ਨਵੇਂ ਕਾਨੂੰਨਾਂ ਵਿਚ ਘੁਸੇੜਨਾ, ਹਕੂਮਤ ਨੂੰ ਕਿਸੇ ਨੂੰ ਵੀ ਦਹਿਸ਼ਤਗਰਦ ਅਤੇ ਰਾਸ਼ਟਰ-ਵਿਰੋਧੀ ਕਰਾਰ ਦੇ ਕੇ ਨਜ਼ਰਬੰਦ ਕਰਨ, ਗ੍ਰਿਫ਼ਤਾਰ ਕਰਨ, ਮੁਕੱਦਮਾ ਚਲਾ ਕੇ ਮਨਮਾਨੀ ਸਜ਼ਾ ਦੇਣ ਦੇ ਬੇਲਗਾਮ ਅਧਿਕਾਰ ਦੇਣਾ, ਹਿਰਾਸਤ ਦਾ ਸਮਾਂ ਵਧਾਉਣਾ, ਜਿਨਸੀ ਹਿੰਸਾ ਰੋਕਣ ਦੇ ਬਹਾਨੇ ਮੌਤ ਦੀ ਸਜ਼ਾ ਦਾ ਦਾਇਰਾ ਵਧਾਉਣਾ, ਐਮਰਜੈਂਸੀ ਹਾਲਾਤਾਂ ਦੇ ਨਾਂ ਹੇਠ ਵਿਸ਼ੇਸ਼ ਤਾਕਤਾਂ ਨੂੰ ਆਮ ਬਣਾਉਣਾ, ਬਿਨਾਂ ਜਨਤਕ ਬਹਿਸ ਕਰਾਏ ਪਾਰਲੀਮੈਂਟ ਵਿੱਚ ਬਹੁਗਿਣਤੀ ਦੇ ਜ਼ੋਰ ਇਹ ਕਾਨੂੰਨ ਪਾਸ ਕਰਨਾ ਦਰਸਾਉਂਦਾ ਹੈ ਕਿ ਮੋਦੀ ਸਰਕਾਰ ਦੇ ਮਨਸ਼ੇ ਇਨ੍ਹਾਂ ਕਾਨੂੰਨਾਂ ਨੂੰ ਜ਼ਰੀਆ ਬਣਾ ਕੇ ਵੱਧ ਤੋਂ ਵੱਧ ਤਾਨਾਸ਼ਾਹ ਤਾਕਤਾਂ ਹਥਿਆਉਣ ਅਤੇ ਹਕੂਮਤ ਵਿਰੋਧੀ ਆਵਾਜ਼ਾਂ ਨੂੰ ਕੁਚਲਣ ਦੇ ਹਨ। ਆਗੂਆਂ ਨੇ ਕਿ ਇਹਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਵਿਆਪੀ ਜਨਤਕ ਲਹਿਰ ਖੜ੍ਹੀ ਕਰਨ ਦੀ ਚਿਤਾਵਨੀ ਵੀ ਦਿੱਤੀ।

ਇਸ ਰੈਲੀ ਨੂੰ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਆਗੂ ਸਵਰਨਜੀਤ ਸਿੰਘ, ਮਾਸਟਰ ਕੁਲਦੀਪ ਸਿੰਘ, ਤਰਕਸ਼ੀਲ ਸੁਸਾਇਟੀ ਦੇ ਜ਼ੋਨਲ ਮੁਖੀ ਮਾਸਟਰ ਪਰਮ ਵੇਦ, ਆਲ ਇੰਡੀਆ ਕਿਸਾਨ ਫਰੰਟ ਦੇ ਆਗੂ ਮੰਗਤ ਰਾਮ ਲੌਂਗੋਵਾਲ, ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਆਗੂ ਮਹਿੰਦਰ ਸਿੰਘ ਭੱਠਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿੱਕਰ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਸੁਖਦੀਪ ਹਥਨ, ਪੰਜਾਬ ਰੈਡੀਕਲ ਯੂਨੀਅਨ ਦੇ ਆਗੂ ਰਸਪਿੰਦਰ ਜਿੰਮੀ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਗੋਬਿੰਦਰ ਸਿੰਘ ਮੰਗਵਾਲ, ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਆਗੂ ਜੀਵਨ ਸਿੰਘ, ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਦੇ ਆਗੂ ਜੱਗਾ ਸਿੰਘ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਹਰਜੀਤ ਸਿੰਘ ਬਾਲੀਆਂ, ਏਟਕ ਪੰਜਾਬ ਦੇ ਆਗੂ ਸੁਖਦੇਵ ਸ਼ਰਮਾ ਤੇ ਮੁਹੰਮਦ ਖ਼ਲੀਲ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜੁਝਾਰ ਸਿੰਘ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਹਰਦੇਵ ਸਿੰਘ ਬਖ਼ਸ਼ੀਵਾਲਾ, ਪੀ ਐਸ ਐਸ ਐਫ਼ ਦੇ ਆਗੂ ਸੀਤਾਰਾਮ ਸ਼ਰਮਾ ਆਦਿ ਨੇ ਸੰਬੋਧਨ ਕੀਤਾ।

# ਜਲੰਧਰ ਵਿਖੇ ਮੁੱਖ ਮੰਤਰੀ ਨੂੰ ਮਿਲਣ ਪਹੁੰਚੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸਮੂਹਿਕ ਵਫ਼ਦ ਵੱਲੋਂ ਧਰਨਾ

**ਜਲੰਧਰ (ਜਸਪਾਲ ਕੁਮਾਰ ਆਜ਼ਾਦ)–** ਅਧਿਆਪਕਾਂ ਦੇ ਚਿਰਾਂ ਤੋਂ ਲਟਕੇ ਹੋਏ ਮਸਲੇ ਹੱਲ ਨਾ ਹੋਣ ਦੇ ਰੋਸ ਵਜੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਵੱਲੋਂ ਮੁੜ ਸੰਘਰਸ਼ੀ ਰੁਖ਼ ਅਖਤਿਆਰ ਕੀਤਾ ਗਿਆ ਹੈ।

ਇਸ ਸੰਬੰਧੀ ਡੀ.ਟੀ.ਐਫ. ਦੇ ਬੈਨਰ ਹੇਠ ਜਲੰਧਰ ਸ਼ਹਿਰ ਵਿਖੇ ਮਾਸ ਡੈਪੂਟੇਸ਼ਨ ਵਜੋਂ ਪੁੱਜੇ ਸੈਂਕੜੇ ਜ਼ਿਲ੍ਹਾ ਅਤੇ ਸੂਬਾ ਆਗੂਆਂ ਨੇ ਧਰਨੇ ਦੇ ਰੂਪ ਵਿੱਚ ਪੰਜਾਬ ਸਰਕਾਰ ਵਿਰੁੱਧ ਆਪਣਾ ਰੋਸ ਜ਼ਾਹਿਰ ਕੀਤਾ। ਜ਼ਿਮਨੀ ਚੋਣ ਦੌਰਾਨ ਸੱਤਾਧਾਰੀ ਪਾਰਟੀ ਦੇ ਚੋਣ ਦਫ਼ਤਰ ਵੱਲ ਰੋਸ ਮਾਰਚ ਕਰਨ ਦੇ ਐਲਾਨ ਨੂੰ ਵੇਖਦੇ ਹੋਏ ਤਹਿਸੀਲਦਾਰ ਜਲੰਧਰ ਅਤੇ 'ਆਪ' ਦੇ ਉਮੀਦਵਾਰ ਮਹਿੰਦਰ ਭਗਤ ਵੱਲੋਂ ਧਰਨੇ ਵਿੱਚ ਪਹੁੰਚ ਕੇ 'ਵਿਰੋਧ ਪੱਤਰ' ਪ੍ਰਾਪਤ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਅਗਲੇ 2-3 ਦਿਨਾਂ ਵਿੱਚ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਗਿਆ।

ਡੀ।ਟੀ।ਐਫ। ਆਗੂਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਵੱਲੋਂ ਦਿੱਤੇ ਭਰੋਸਿਆਂ ਦੇ ਬਾਵਜੂਦ ਅਧਿਆਪਕ ਸਾਥੀ ਨਰਿੰਦਰ ਭੰਡਾਰੀ ਅਤੇ ਸਾਥੀ ਰਵਿੰਦਰ ਕੰਬੋਜ਼ ਨੂੰ ਜਾਰੀ ਗੈਰਵਾਜ਼ਬ ਟਰਮੀਨੇਸ਼ਨਾਂ ਵਾਪਿਸ ਲੈ ਕੇ ਸੇਵਾਵਾਂ ਕਨਫਰਮ ਅਤੇ ਰੈਗੂਲਰ ਕਰਨ ਦੇ ਆਰਡਰ ਨਹੀਂ ਜਾਰੀ ਕੀਤੇ ਗਏ। ਓਡੀਐੱਲ ਅਧਿਆਪਕਾਂ ਵਿੱਚੋਂ ਰੈਗੂਲਰ ਹੋਣੋਂ ਰਹਿੰਦੇ ਅਧਿਆ-




ਪਕਾਂ ਅਤੇ 7654 ਵਿੱਚੋਂ 14 ਹਿੰਦੀ ਅਧਿਆਪਕਾਂ ਦੇ ਰੋਕੇ ਰੈਗੂਲਰ ਆਰਡਰ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰੀ ਬੀਪੀਈਓ ਜਖਵਾਲੀ ਦੇ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਹੋਈ ਹੈ। ਇਸ ਤੋਂ ਇਲਾਵਾ ਪੁਰਾਣੀ ਪੈਨਸ਼ਨ, ਪੁਰਾਣੇ ਤਨਖ਼ਾਹ ਸਕੇਲਾਂ ਅਤੇ ਏਸੀਪੀ ਸਕੀਮ, ਪੇਂਡੂ ਭੱਤੇ ਅਤੇ ਬਾਰਡਰ ਏਰੀਆ ਭੱਤੇ ਸਮੇਤ ਕੱਟੇ ਗਏ ਭੱਤਿਆਂ ਦੀ ਬਹਾਲੀ, ਅਤੇ ਡੀ।ਏ। ਦੀਆਂ ਪੈਂਡਿੰਗ ਕਿਸ਼ਤਾਂ, ਸਮੂਹ ਕੱਚੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ, ਕੰਪਿਊਟਰ ਅਧਿਆਪਕਾਂ 'ਤੇ ਛੇਵਾਂ ਪੰਜਾਬ ਤਨਖਾਹ ਕਮਿਸ਼ਨ ਲਾਗੂ ਕਰਕੇ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ, ਸੈਸ਼ਨ 2023-24 ਦੌਰਾਨ ਸਰਕਾਰੀ ਸਕੂਲਾਂ ਨੂੰ ਭੇਜੀਆਂ ਗ੍ਰਾਂਟਾਂ ਨੂੰ ਅੱਧ ਵਿਚਾਲੇ ਵਾਪਸ ਲੈਣ, ਸੀਨੀਆਰਤਾ ਸੂਚੀਆਂ ਦੀਆਂ ਤਰੁੱਟੀਆਂ ਦੂਰ ਕਰਕੇ ਸਿੱਖਿਆ ਵਿਭਾਗ ਵੱਲੋਂ ਪਿਛਲੇ ਛੇ ਸਾਲ ਤੋਂ ਜਾਮ ਕਰਕੇ ਰੱਖੀ ਈ।ਟੀ।ਟੀ। ਤੋਂ ਮਾਸਟਰ ਕਾਡਰ ਦੀ ਪੈਂਡਿੰਗ ਤਰੱਕੀ, ਮਾਸਟਰ, ਲੈਕਚਰਾਰ, ਹੈਡਮਾਸਟਰ, ਪ੍ਰਿੰਸੀਪਲਾਂ, ਸੀ.ਐਂਡ.ਵੀ. ਅਤੇ ਨਾਨ ਟੀਚਿੰਗ ਕਾਡਰਾਂ ਦੀਆਂ ਲਟਕੀਆਂ ਤਰੱਕੀਆਂ ਨੇਪਰੇ ਚਾੜਨ, ਕੌਮੀ ਸਿੱਖਿਆ ਨੀਤੀ-2020 ਤਹਿਤ ਗੈਰ ਵਾਜਿਬ ਸਿਲੇਬਸ ਤਬਦੀਲੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਾਗੂ ਕਰਨ ਅਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਤਿਆਰ ਕਰਨ, ਠੇਕਾ ਅਧਾਰਿਤ ਸੇਵਾ ਛੁੱਟੀਆਂ ਲਈ ਗਿਣਨਾ, ਬਦਲੀ ਪ੍ਰਕਿਰਿਆ ਸ਼ੁਰੂ ਕਰਵਾਉਣ, ਪ੍ਰਾਇਮਰੀ ਵਿਭਾਗ ਦੇ ਈ-ਪੰਜਾਬ ਪੋਰਟਲ ਉਤੇ ਘਟਾਈਆਂ ਈਟੀਟੀ ਦੀਆਂ ਆਸਾਮੀਆ ਬਹਾਲ ਕਰਨ ਅਤੇ ਪੈਂਡਿੰਗ 5994, 2364 ਭਰਤੀਆਂ ਨੂੰ ਫੌਰੀ ਮੁਕੰਮਲ ਕਰਕੇ ਬੇਰੁਜ਼ਗਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ, ਸਿੱਧੀ ਭਰਤੀ ਹੈਡਮਾਸਟਰਾਂ, ਪ੍ਰਿੰਸੀਪਲਾਂ, ਬੀਪੀਈਓ, ਲੈਕਚਰਾਰਾਂ ਨੂੰ ਉਚੇਰੀ ਜ਼ਿੰਮੇਵਾਰੀ ਇਨਕਰੀਮੈਂਟ ਦਾ ਲਾਭ ਦੇਣ ਦੀਆਂ ਮੰਗਾਂ ਨੂੰ ਲਟਕਾਏ ਜਾਣ ਪ੍ਰਤੀ ਅਧਿਆਪਕ ਵਰਗ ਵਿੱਚ ਭਾਰੀ ਰੋਸ ਹੈ।

## ਡਿਸਏਬਲਡ ਪਰਸਨਜ਼ ਵੈਲਫੇਅਰ ਸੋਸਾਇਟੀ ਵੱਲੋਂ ਦਿਵਿਆਂਗ ਹੇਲਨ ਕੈਲਰ ਦਾ ਜਨਮ ਦਿਨ ਮਨਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਸਏਬਲਡ ਪਰਸਨਜ਼ ਵੈਲਫੇਅਰ ਸੋਸਾਇਟੀ ਵੱਲੋਂ ਦੇਖਣ ਅਤੇ ਸੁਣਨ ਤੋਂ ਅਸਮਰਥ ਹੋਣ ਦੇ ਬਾਵਜੂਦ ਗਰੈਜੂਏਸ਼ਨ ਕਰਨ ਵਾਲੀ ਸੰਸਾਰ ਦੀ ਪਹਿਲੀ ਔਰਤ ਹੇਲਨ ਕੈਲਰ ਦੇ ਜਨਮ ਦਿਨ ਮੌਕੇ ਇੱਕ ਸਮਾਗਮ ਕਰਾਇਆ ਗਿਆ। ਜਨਰਲ ਸਕੱਤਰ ਜਸਵਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਹੇਲਨ ਕੈਲਰ ਨੇ ਬਹੁਤ ਸਾਰੇ ਸਮਾਨ ਪ੍ਰਾਪਤ ਕੀਤੇ ਅਤੇ ਆਪਣੀ ਸ਼ਾਨਦਾਰ ਜ਼ਿੰਦਗੀ ਦੌਰਾਨ ਕੈਲਰ ਇੱਕ ਸ਼ਕਤੀਸ਼ਾਲੀ ਮਿਸਾਲ ਵਜੋਂ ਖੜੀ ਹੋਈ। ਹੇਲਨ ਕੈਲਰ ਸੰਸਾਰ ਭਰ ਦੇ ਦਿਵਿਆਂਗਾ ਲਈ ਮਸੀਹਾ ਬਣ ਕੇ ਸਾਹਮਣੇ ਆਈ। ਇਸ ਮੌਕੇ ਜ਼ਿਲ੍ਹੇ ਦੇ ਬੋਲੇਪਨ ਦਾ ਸ਼ਿਕਾਰ 31 ਬੱਚਿਆਂ ਦੇ ਆਡੀਓਮੈਟਰੀ ਟੈਸਟ ਕਰਾਉਣ ਲਈ ਦਸ ਹਜ਼ਾਰ ਰੁਪਏ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਰਾਜ ਕੁਮਾਰ ਨੂੰ ਸਰਬ ਸੰਮਤੀ ਨਾਲ ਸੁਸਾਇਟੀ ਦਾ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਮੌਕੇ ਸੰਦੀਪ ਸ਼ਰਮਾ, ਜਨਰਲ ਸਕੱਤਰ ਜਸਵਿੰਦਰ ਸਿੰਘ ਸਹੋਤਾ, ਰਾਜ ਕੁਮਾਰ, ਨੀਲਮ, ਸੁਖਜਿੰਦਰ ਸਿੰਘ, ਜਸਪਾਲ ਸਿੰਘ, ਹਰਪਾਲ ਸਿੰਘ, ਮੱਖਣ ਸਿੰਘ, ਜਤਿੰਦਰ ਸਿੰਘ, ਗੌਰਵ ਜੈਨ, ਸੰਜੀਵ ਅਰੋੜਾ, ਅੰਮ੍ਰਿਤਪਾਲ ਸਿੰਘ, ਹਰਪਾਲ ਸਿੰਘ, ਗੁਰਪ੍ਰੀਤ ਸਿੰਘ, ਦੀਪਕ, ਕੁਲਜੀਤ ਸਿੰਘ ਆਦਿ ਹਾਜ਼ਰ ਸਨ।



## ਭਾਈ ਘਨੱ੍ਹਈਆ ਜੀ ਚੈਰੀਟੇਬਲ ਬਲੱਡ ਸੈਂਟਰ ਮਿੱਠਾ ਟਿਵਾਣਾ ਵਿਖੇ ਨਵਾਂ ਬਲੱਡ ਕੰਪੋਨੈਂਟ ਵਿੰਗ ਸਥਾਪਿਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਈ ਘਨੱ੍ਹਈਆ ਜੀ ਚੈਰੀ-ਟੇਬਲ ਬਲੱਡ ਸੈਂਟਰ ਗੁਰੂਦਵਾਰਾ ਮਿੱਠਾ ਟਿਵਾਣਾ ਹੁਸ਼ਿਆਰਪੁਰ ਜੋ ਕਿ ਪਿਛਲੇ ਦੋ ਦਹਾਕਿਆਂ ਤੋਂ ਮਨੁੱਖਤਾ ਦੀ ਸੇਵਾ ਅਤੇ ਭਲਾਈ ਲਈ ਲਗਾਤਾਰ ਤਤਪਰ ਰਹਿੰਦਾ ਹੈ। ਜਿਸਨੇ ਸਵੈ ਇੱਛੁਕ ਖੂਨਦਾਨ ਨੂੰ ਹੁਸ਼ਿਆਰਪੁਰ ਅਤੇ ਨੇੜਲੇ ਇਲਾਕਿਆਂ ਵਿੱਚ ਮੁਹਿੰਮ ਦੇ ਰੂਪ ਵਿੱਚ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ ਅਤੇ ਲੱਗਭਗ 25 ਸਾਲ ਪਹਿਲਾਂ ਮਹੰਤ ਬਾਬਾ ਤਾਰਾ ਸਿੰਘ ਜੀ ਸੇਵਾਪੰਥੀ ਦੇ ਅਸ਼ੀਰਵਾਦ ਅਤੇ ਸਰਦਾਰ ਭੁਪਿੰਦਰ ਸਿੰਘ ਜੀ ਪਾਹਵਾ ਦੀ ਯੋਗ ਅਗਵਾਈ ਵਿੱਚ ਸੁਰੂ ਕੀਤੀ ਇਸ ਮੁਹਿੰਮ ਨੇ ਲੱਖਾਂ ਮਰੀਜਾਂ ਨੂੰ ਖ਼ੂਨ ਅਤੇ ਪਲੇਟਲੈਟ ਸੈਲਾਂ ਦੇ ਰੂਪ ਵਿੱਚ ਨਵੀਂ ਜਿੰਦਗੀ ਦਿੱਤੀ। ਉਸੇ ਕੜੀ ਵਜੋਂ ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਸੈਂਟਰ ਵਿਖੇ ਅੱਜ ਨਵਾਂ ਬਲੱਡ ਕੰਪੋਨੇਂਟ ਵਿੰਗ ਮਹੰਤ ਪ੍ਰਿਤਪਾਲ ਸਿੰਘ ਜੀ ਸੇਵਾਪੰਥੀ ਅਤੇ ਸੰਤ ਅਜੀਤ ਸਿੰਘ ਜੀ ਸੇਵਾਪੰਥੀ ਵਲੋਂ ਅਰਦਾਸ ਬੇਨਤੀ ਕਰ ਕੇ ਸ਼ੁਰੂ ਕੀਤਾ ਗਿਆ ਅਤੇ ਇਸ ਦੀ ਅਗਵਾਈ ਸਰਦਾਰ ਜਸਦੀਪ ਸਿੰਘ ਪਾਹਵਾ ਅਤੇ ਓਹਨਾਂ ਦੀ ਟੀਮ ਨੂੰ ਸੌਂਪਦਿਆਂ ਹੋਇਆਂ ਯੋਗ ਅਤੇ ਸੁਚੱਜੇ ਢੰਗ ਨਾਲ ਸੇਵਾ ਕਰਨ ਦਾ ਅਸ਼ੀਰਵਾਦ ਵੀ ਦਿੱਤਾ। ਇਸ ਮੌਕੇ ਬਲੱਡ ਸੈਂਟਰ ਦੇ ਬੀ. ਟੀ.ਓ. ਡਾ. ਨੀਗਬ ਗੁਲਾਟੀ ਅਤੇ ਬਲੱਡ ਸੈਂਟਰ ਦੇ ਟੈਕਨੀਕਲ ਇੰਚਾਰਜ ਸਰਦਾਰ ਦਿਲਬਾਗ ਸਿੰਘ ਨੇ ਦੱਸਿਆ ਕਿ ਇਸ ਬਲੱਡ ਸੈਂਟਰ ਵਿੱਚ ਹੁਣ ਇੱਕੋ ਖ਼ੂਨਦਾਨੀ ਤੋਂ ਖ਼ੂਨ ਲੈ ਕੇ ਤਿੰਨ ਚਾਰ ਮਰੀਜ਼ਾਂ ਦੀ ਜਾਨ ਬਚਾਈ ਜਾ ਸਕਦੀ ਹੈ। ਜਿਸ ਵਿੱਚ ਮੁੱਖ ਤੌਰ ਤੇ ਪੈਕ ਰੈੱਡ ਬਲੱਡ ਸੈਲ ਦੇ ਨਾਲ ਨਾਲ ਪਲਾਜ਼ਮਾ ਅਤੇ ਪਲੇਟਲੈਟ ਸੈਲ ਮੁੱਖ ਤੌਰ ਤੇ ਸ਼ਾਮਿਲ ਕੀਤੇ ਗਏ ਹਨ ਅਤੇ ਇਹਨਾਂ ਲਈ ਬਹੁਤ ਹੀ ਆਧੁਨਿਕ ਤਕਨੀਕ ਨਾਲ ਲੈਸ ਕੀਮਤੀ ਵਿਦੇਸ਼ੀ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਜਸਦੀਪ ਸਿੰਘ ਪਾਹਵਾ ਨੇ ਦੱਸਿਆ ਕਿ ਖ਼ੂਨ, ਸੈਲਾਂ ਅਤੇ ਬਾਕੀ ਖ਼ੂਨ ਦੇ ਉਤਪਾਦਾਂ ਦੀ ਫੀਸ/ਚਾਰਜ ਬਹੁਤ ਹੀ ਘੱਟ ਅਤੇ ਵਾਜਿਬ ਰੱਖੇ ਗਏ ਹਨ ਅਤੇ ਥ਼ਾਲਾਸੀਮਿਆ ਦੇ ਮਰੀਜ਼ ਬੱਚਿਆਂ ਲਈ ਇਹ ਬਿਲਕੁਲ ਫਰੀ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਸਚਦੇਵਾ, ਗੁਰਦੀਪ ਸਿੰਘ ਸਚਦੇਵਾ, ਜਗਮੋਹਨ ਸਿੰਘ ਪਾਹਵਾ, ਰਵਿੰਦਰ ਸਿੰਘ ਸੇਠੀ, ਤਰਨਜੀਤ ਸਿੰਘ, ਮਨਜੀਤ ਸਿੰਘ, ਰਤਨਦੀਪ ਸਿੰਘ, ਕਮਲਜੀਤ ਸਿੰਘ, ਆਰ।ਕੇ। ਕਪੂਰ, ਰਾਕੇਸ਼ ਸਹਾਰਨ, ਵਿਸ਼ਾਲ ਵਾਲਿਆ, ਸੁਮੀਤ ਗੁਪਤਾ ਅਤੇ ਬਲੱਡ ਸੈਂਟਰ ਦੇ ਸਾਰੇ ਸਟਾਫ ਮੈਂਬਰ ਹਾਜਿਰ ਸਨ।



## ਪੰਜਾਬ ਸਰਕਾਰ ਤਹਿਸੀਲ ਕੰਪਲੈਕਸ ਦੇ ਨਿਰਮਾਣ ਕਾਰਜ ਵਿੱਚ ਤੇਜ਼ੀ ਲਿਆਵੇ ਅਤੇ ਸੜਕਾਂ ਦੀ ਹਾਲਤ ਵੀ ਸੁਧਾਰੇ- ਭਾਟੀਆ, ਗੈਂਦ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਥਾਨਕ ਤਹਿਸੀਲ ਕੰਪਲੈਕਸ ਵਿੱਚ ਥੋੜੀ ਜਿਹੀ ਬਰਸਾਤ ਕਾਰਨ ਕੰਪਲੈਕਸ ਵਿੱਚ ਥਾਂ-ਥਾਂ ਪਾਣੀ ਖੜ੍ਹਾ ਹੋਣ ਕਾਰਨ ਆਉਣ-ਜਾਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਸਾਬਕਾ ਕੌਂਸਲਰ ਸੁਰੇਸ਼ ਭਾਟੀਆ ਬਿੱਟੂ ਅਤੇ ਜ਼ਿਲ੍ਹਾ ਸਕੱਤਰ ਅਸ਼ਵਨੀ ਗੈਂਦ ਨੇ ਕਿਹਾ ਕਿ ਹੁਸ਼ਿਆਰਪੁਰ ਤਹਿਸੀਲ ਕੰਪਲੈਕਸ ਨੂੰ ਜਾਂਦੀ ਸੜਕ ਦੀ ਹਾਲਤ ਇੰਨੀ ਮਾੜੀ ਹੈ ਕਿ ਲੋਕਾਂ ਦਾ ਇੱਥੋਂ ਪੈਦਲ ਲੰਘਣਾ ਵੀ ਮੁਸ਼ਕਲ ਹੈ। ਭਾਟੀਆ ਅਤੇ ਗੈਂਦ ਨੇ ਦੱਸਿਆ ਕਿ ਇੱਥੇ ਸਾਈਕਲ ਸਟੈਂਡ ਵਿੱਚ ਆਪਣੇ ਵਾਹਨ ਪਾਰਕ ਕਰਨ ਦੀ ਬਜਾਏ ਲੋਕ ਤਹਿਸੀਲ ਦੀ ਹਦੂਦ ਤੋਂ ਬਾਹਰ ਆਪਣੇ ਵਾਹਨ ਪਾਰਕ ਕਰਨ ਲਈ ਮਜਬੂਰ ਹਨ। ਜਿਸ ਕਾਰਨ ਆਵਾਜਾਈ ਵਿੱਚ ਵੀ ਵਿਘਨ ਪੈ ਰਿਹਾ ਹੈ। ਸਾਇਕਲ ਸਟੈਂਡ ਮਾਲਕ ਨੇ ਆਪਣਾ ਦੁੱਖ ਬਿਆਨ ਕਰਦਿਆਂ ਦੱਸਿਆ ਕਿ ਥੋੜੀ ਜਿਹੀ ਬਰਸਾਤ ਕਾਰਨ ਹੀ ਇੰਨਾ ਚਿੱਕੜ ਹੋ ਜਾਂਦਾ ਹੈ, ਕਿ ਕੋਈ ਵੀ ਆਪਣਾ ਦੋਪਹੀਆ ਵਾਹਨ ਤਹਿਸੀਲ ਕੰਪਲੈਕਸ ਦੀ ਪਾਰਕਿੰਗ ਵਿੱਚ ਨਹੀਂ ਖੜਾ ਕਰਦਾ। ਜਿਸ ਦਾ ਖਮਿਆਜ਼ਾ ਉਸ ਨੂੰ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਤਹਿਸੀਲ ਕੰਪਲੈਕਸ ਵਿੱਚ ਆਉਣ-ਜਾਣ ਵਾਲੇ ਲੋਕ ਇਸ ਚਿੱਕੜ ਵਿੱਚ ਡਿੱਗ ਜਾਂਦੇ ਹਨ ਅਤੇ ਆਪਣੇ ਮਾਪਿਆਂ ਨਾਲ ਆਉਣ ਵਾਲੇ ਬੱਚੇ ਤੇ ਕਈ ਬਜ਼ੁਰਗ ਵੀ ਡਿੱਗ ਚੁੱਕੇ ਹਨ।

ਭਾਟੀਆ ਅਤੇ ਗੈਂਦ ਨੇ ਦੱਸਿਆ ਕਿ ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਲੋਕਾਂ ਨੂੰ



ਸਹੂਲਤਾਂ ਦੇਣ ਦੇ ਵੱਡੇ-ਵੱਡੇ ਵਾਅਦੇ ਕਰਦੀ ਹੈ ਪਰ ਜੇਕਰ ਤਹਿਸੀਲ ਦੀ ਇਹ ਹਾਲਤ ਹੈ ਜਿਸ ਤੋਂ ਪੰਜਾਬ ਸਰਕਾਰ ਨੂੰ ਸਭ ਤੋਂ ਵੱਧ ਆਮਦਨ ਹੁੰਦੀ ਹੈ ਤਾਂ ਬਾਕੀ ਵਾਅਦੇ ਆਪਣੇ-ਆਪ ਖੋਖਲੇ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਤਹਿਸੀਲ ਕੰਪਲੈਕਸ ਨਾਲ ਕਈ ਲੋਕਾਂ ਦਾ ਰੁਜ਼ਗਾਰ ਜੁੜਿਆ ਹੋਇਆ ਹੈ, ਜਿਨ੍ਹਾਂ ਦਾ ਸੜਕ ਦੀ ਇਸ ਮਾੜੀ ਹਾਲਤ ਕਾਰਨ ਭਾਰੀ ਨੁਕਸਾਨ ਹੋ ਰਿਹਾ ਹੈ, ਇਸ ਲਈ ਉਨ੍ਹਾਂ ਪੰਜਾਬ ਸਰਕਾਰ ਅਤੇ ਹੁਸ਼ਿਆਰਪੁਰ ਤੋਂ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੂੰ ਅਪੀਲ ਕੀਤੀ ਹੈ ਕਿ ਇਸ ਨਵੇਂ ਬਣੇ ਤਹਿਸੀਲ ਕੰਪਲੈਕਸ ਨੂੰ ਜਲਦੀ ਤੋਂ ਜਲਦੀ ਤਿਆਰ ਕੀਤਾ ਜਾਵੇ ਅਤੇ ਸੜਕ ਦੀ ਹਾਲਤ ਵੀ ਸੁਧਾਰੀ ਜਾਵੇ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਮਸਲਾ ਮੁੱਖ ਮੰਤਰੀ ਪੰਜਾਬ ਦਲਿਤ ਮੁਲਾਜ਼ਮ ਅਤੇ ਸਮਾਜ ਦੀਆਂ ਮੰਗਾਂ ਨੂੰ ਨਜ਼ਰ ਅੰਦਾਜ ਕਰਨ ਦਾ

# 5 ਜੁਲਾਈ ਤੱਕ ਮੁੱਖ ਮੰਤਰੀ ਨਾਲ ਮੀਟਿੰਗ ਨਾ ਹੋਈ ਤਾਂ 7 ਜੁਲਾਈ ਨੂੰ ਕਰਾਂਗੇ ਰੋਸ ਪ੍ਰਦਰਸ਼ਨ - ਪਾਲ/ਟੂਰਾ

**ਫਗਵਾੜਾ (ਬੀ.ਕੇ. ਰੱਤੂ)-** ਜੁਆਇੰਟ ਐਕਸ਼ਨ ਕਮੇਟੀ ਆਫ ਐਸ.ਸੀ.ਬੀ.ਸੀ. ਇੰਪਲਾਇਜ਼ ਐਂਡ ਸੋਸ਼ਲ ਆਰਗੇਨਾਈਜੇਸ਼ਨ ਪੰਜਾਬ ਦੀਆਂ ਜਥੇਬੰਦੀਆਂ ਅਤੇ ਗਜ਼ਟਿਡ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਪੰਜਾਬ ਦੀ ਵਰਚੁਅਲ ਮੀਟਿੰਗ ਸੂਬਾ ਚੇਅਰਮੈਨ ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ, ਸ੍ਰੀ ਬਲਰਾਜ ਕੁਮਾਰ ਵਧੀਕ ਪ੍ਰਧਾਨ, ਅਮਰਜੀਤ ਖੱਟਕੜ੍ਹ ,ਸਤਵੰਤ ਟੂਰਾ, ਮਨੋਹਰ ਲਾਲ ,ਮੁੱਖ ਪ੍ਰੈਸ ਸਕੱਤਰ ਸਲਵਿੰਦਰ ਜੱਸੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਮੂਹ ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਦਲਿਤ ਸਮਾਜ ਅਤੇ ਮੁਲਾਜ਼ਮ ਵਿਰੋਧੀ ਵਤੀਰੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਮਾਰਚ 2022 ਤੋਂ ਬਾਅਦ ਅਜੇ ਤੱਕ ਕੋਈ ਵੀ ਮੀਟਿੰਗ ਦਾ ਸਮਾਂ ਫੈਡਰੇਸ਼ਨ ਨੂੰ ਨਾ ਦੇਣ ਨਾਲ ਜਿੱਥੇ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ ਉਥੇ ਨਾਲ ਹੀ ਫੈਡਰੇਸ਼ਨ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਅਲਟੀਮੇਟਮ ਵੀ ਦਿੱਤਾ ਹੈ ਕਿ ਜੇਕਰ 05 ਜੁਲਾਈ 2024 ਤੱਕ ਮੁੱਖ ਮੰਤਰੀ ਪੰਜਾਬ ਵੱਲੋਂ ਸਮਾਜ ਦੇ 31 ਸੂਤਰੀ ਮੰਗ ਪੱਤਰ ਦੇ ਸਮੂਹ ਵਿਭਾਗਾਂ ਦੇ ਮੁਖੀਆਂ ਵੱਲੋਂ ਕੈਬਿਨਟ ਸਬ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਨੂੰ 16 ਅਗਸਤ 2023 ਨੂੰ ਪੇਸ਼ ਕੀਤੀ ਵਿਸਤਰਿਤ





ਰਿਪੋਰਟ ਤੇ ਐਕਸ਼ਨ ਕਮੇਟੀ ਦੀ ਲੀਡਰਸ਼ਿਪ ਨਾਲ ਮੀਟਿੰਗ ਸੱਦ ਕੇ ਗੱਲਬਾਤ ਨਾ ਕੀਤੀ ਤਾਂ 10 ਜੁਲਾਈ ਨੂੰ ਜਲੰਧਰ ਵਿਖੇ ਹੋ ਰਹੀ ਉਪ ਚੋਣ ਵਿੱਚ ਫੈਡਰੇਸ਼ਨ ਵੱਲੋਂ 7 ਜੁਲਾਈ ਐਤਵਾਰ ਨੂੰ ਬਰਲਟਨ ਪਾਰਕ ਜਲੰਧਰ ਵਿਖੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਜਲੰਧਰ ਪੱਛਮੀ ਹਲਕੇ ਵਿੱਚ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਦੇ ਦਲਿਤ ਅਤੇ ਮੁਲਾਜ਼ਮ ਵਰਗ ਵਿਰੋਧੀ ਵਤੀਰੇ ਦਾ ਪਰਦਾਫਾਸ਼ ਕੀਤਾ ਜਾਵੇਗਾ। ਹਾਜ਼ਰ ਮੈਂਬਰਾਂ ਵੱਲੋਂ ਕਿਹਾ ਗਿਆ ਕਿ ਫਰਵਰੀ 2022 ਵਿੱਚ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੋਚ ਅਤੇ ਸ਼ਹੀਦ ਭਗਤ ਸਿੰਘ ਜੀ ਦੀ ਨੀਤੀ ਤੇ ਚੱਲਣ ਦਾ ਢੋਂਗ ਰੱਚ ਕੇ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਤਾਂ ਹੋ ਗਏ ਪਰ ਅਜੇ ਤੱਕ ਇਹ ਫੋਟੋਆਂ ਤੱਕ ਹੀ ਸੀਮਤ ਰਹਿ ਗਿਆ ਜਾਪਦਾ ਹੈ ਕਿਉਂਕਿ ਨਾ ਤਾਂ ਸਮਾਜ ਦੇ ਮੁਲਾਜ਼ਮ ਵਰਗ ਦੀਆਂ ਸਵਿਧਾਨਿਕ ਮੰਗਾਂ ਨੂੰ ਅਤੇ ਨਾ ਹੀ ਸਮਾਜ ਦੀਆਂ ਦੂਜੀਆਂ ਮੰਗਾਂ ਨੂੰ ਹੱਲ ਕੀਤਾ ਗਿਆ ਹੈ।

ਸਰਕਾਰ ਵੱਲੋਂ ਐਸ ਸੀ ਬੀ ਸੀ ਫੈਡਰੇਸ਼ਨ ਨੂੰ ਮੀਟਿੰਗ ਦਾ ਸਮਾਂ ਵੀ ਨਹੀਂ ਦਿੱਤਾ, ਸੋ ਦਲਿਤ ਸਮਾਜ ਦੇ ਮੁਲਾਜ਼ਮਾਂ ਅਤੇ ਸਮਾਜ ਵਿੱਚ ਸਰਕਾਰ ਪ੍ਰਤੀ ਲਗਾਤਾਰ ਰੋਸ ਪਾਇਆ ਜਾ ਰਿਹਾ ਹੈ, ਜਿਸ ਦਾ ਨਤੀਜਾ ਲੋਕ ਸਭਾ ਚੋਣਾਂ ਵਿੱਚ ਸਭ ਦੇ ਸਾਹਮਣੇ ਹੀ ਹੈ। ਮੀਟਿੰਗ ਵਿੱਚ ਮੁੱਖ ਤੌਰ ਤੇ ਪ੍ਰਧਾਨਗੀ ਮੰਡਲ ਮੈਂਬਰਜ, ਮੱਖਣ ਰੱਤੂ, ਮਨਜੀਤ ਗਾਟ ,ਗਿਆਨ ਚੰਦ ਵਾਹਦ, ਲਖਵੀਰ ਚੰਦ, ਸਤਨਾਮ ਗਿੱਲ,ਬਲਦੇਵ ਧੁੱਗਾ, ਪ੍ਰਿੰਸੀਪਲ ਕਿਸ਼ਨ ਲਾਲ, ਬਲਵਿੰਦਰ ਨਿਧੜਕ, ਬਲਦੇਵ ਭਾਰਤੀ, ਪਰਮਜੀਤ ਜੌੜਾ ,ਹਰਵਿੰਦਰ ਸਿੰਘ ਭੱਠਲ, ਬੂਟਾ ਮਾਹਲ, ਜੱਗਾ ਸਿੰਘ, ਦਵਿੰਦਰ ਸਿੰਘ ਹਾਜਰ ਸਨ।

# ਬਾਹਰੀ ਰਾਜਾਂ ਵਿੱਚੋਂ ਲਿਆ ਕੇ ਸ਼ਰਾਬ ਦੀ ਆੜ ਵਿੱਚ ਜ਼ਹਿਰ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ: ਅਮਨ ਅਰੋੜਾ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)** ਬਾਹਰੀ ਰਾਜਾਂ ਵਿੱਚੋਂ ਲਿਆ ਕੇ ਸ਼ਰਾਬ ਦੀ ਆੜ ਵਿੱਚ ਜ਼ਹਿਰ ਵੇਚਣ ਵਾਲਿਆਂ ਦੀ ਮਾੜੀ ਸੋਚ ਕਾਰਨ ਕਰੀਬ ਤਿੰਨ-ਚਾਰ ਮਹੀਨੇ ਪਹਿਲਾਂ ਟਿੱਬੀ ਰਵਿਦਾਸਪੁਰਾ ਦੇ ਜਾਨਾਂ ਗੁਆਉਣ ਵਾਲੇ 9 ਮ੍ਰਿਤਕਾਂ ਦੇ ਪੀੜਿਤ ਪਰਿਵਾਰਾਂ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪੰਜਾਬ ਸਰਕਾਰ ਦੀ ਤਰਫੋਂ ਵਿੱਤੀ ਸਹਾਇਤਾ ਦੇ ਚੈਕ ਪ੍ਰਦਾਨ ਕੀਤੇ।



ਟਿੱਬੀ ਰਵਿਦਾਸਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਪੀੜਿਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਮਹੀਨਿਆਂ ਦੌਰਾਨ ਸੁਨਾਮ ਅਤੇ ਦਿੜ੍ਹਬਾ ਹਲਕੇ ਦੇ ਖੇਤਰਾਂ ਵਿੱਚ ਵਾਪਰੀ ਇਸ ਬੇਹਦ ਦੁਖਾਂਤਕ ਘਟਨਾ ਵਿੱਚ ਕੀਮਤੀ ਜਾਨਾਂ ਗੁਆਉਣ ਵਾਲਿਆਂ ਦੀ ਕਮੀ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪੀੜਿਤ ਪਰਿਵਾਰਾਂ ਦੇ ਦੁੱਖ ਨੂੰ ਥੋੜਾ ਘਟਾਉਣ ਦੇ ਯਤਨ ਵਜੋਂ ਪੰਜ-ਪੰਜ ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਉਨਾਂ ਨੇ ਟਿੱਬੀ ਰਵਿਦਾਸਪੁਰਾ ਦੇ 9 ਪੀੜਿਤ ਪਰਿਵਾਰਾਂ ਨੂੰ 45 ਲੱਖ ਰੁਪਏ ਦੇ ਚੈਕ ਵਿੱਤੀ ਸਹਾਇਤਾ ਵਜੋਂ ਸੌਂਪੇ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਇਹ ਸਹਾਇਤਾ ਰਾਸ਼ੀ ਇਹਨਾਂ ਲੋੜਵੰਦ ਗਰੀਬ ਪਰਿਵਾਰਾਂ ਦੀਆਂ ਘਰੇਲੂ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਿਯੋਗ ਕਰੇਗੀ। ਉਹਨਾਂ ਕਿਹਾ ਕਿ ਸ਼ਰਾਬ ਦੀ ਆੜ ਵਿੱਚ ਜ਼ਹਿਰ ਵੇਚਣ ਵਾਲੇ ਮੌਤ ਦੇ ਵਪਾਰੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਲਈ ਪੰਜਾਬ ਸਰਕਾਰ ਵਚਨਬੱਧ ਹੈ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਮਾਜ ਵਿੱਚੋਂ ਨਸ਼ਾ ਤਸਕਰਾਂ ਦਾ ਸਫਾਇਆ ਕਰਨ ਲਈ ਪੰਜਾਬ ਸਰਕਾਰ ਨੂੰ ਵਧ ਚੜ ਕੇ ਸਹਿਯੋਗ ਦੇਣ ਤਾਂ ਜੋ ਸੂਬੇ ਅੰਦਰ ਮੁੜ ਅਜਿਹੀਆਂ ਦੁਖਾਂਤਕ ਘਟਨਾਵਾਂ ਨਾ ਵਾਪਰ ਸਕਣ ਅਤੇ ਸਭ ਨਾਗਰਿਕਾਂ ਦੇ ਮਿਲਵਰਤਨ ਨਾਲ ਇਸ ਵੱਡੀ ਸਮਾਜਿਕ ਬੁਰ-ਾਈ ਦਾ ਮੁਕੰਮਲ ਤੌਰ ਤੇ ਖਾਤਮਾ ਕੀਤਾ ਜਾ ਸਕੇ। ਉਹਨਾਂ ਇਹ ਵੀ ਦ੍ਰਿੜਤਾ ਨਾਲ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਕਾਲੇ ਕਾਰੋਬਾਰ ਨਾਲ ਜੁੜੇ ਗੈਰ ਸਮਾਜਿਕ ਅਨਸਰਾਂ ਖਿਲਾਫ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਹੋਈ ਹੈ ਅਤੇ ਭੋਲੇ ਭਾਲੇ ਲੋਕਾਂ ਨੂੰ ਨਸ਼ਿਆਂ ਦੀ ਭੇਟ ਚੜਾਉਣ ਵਾਲੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾ ਰਿਹਾ।

ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਪ੍ਰਧਾਨ ਨਗਰ ਕੌਂਸਲ ਨਿਸ਼ਾਨ ਸਿੰਘ ਟੋਨੀ, ਅਮਰੀਕ ਸਿੰਘ ਧਾਲੀਵਾਲ, ਗੁਰਤੇਗ ਸਿੰਘ ਨਿੱਕਾ, ਬਲਾਕ ਪ੍ਰਧਾਨ ਸਾਹਿਬ ਸਿੰਘ, ਭਾਨੂੰ ਪ੍ਰਤਾਪ, ਗੁਰਪ੍ਰਤਾਪ ਸਿੰਘ, ਤਰਸੇਮ ਸਿੰਘ ਕਾਲਾ ਟਿੱਬੀ, ਸੋਹਨ ਸਿੰਘ, ਜੋਗਿੰਦਰ ਸਿੰਘ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਬੀਓ ਬਰੇਸ਼ੀਆ ਦੀ ਚੌਥੀ ਵਰੇ ਗੰਢ ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ 7 ਨੂੰ- ਦੌਲੀਕੇ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਵੀਓ (ਬਰੇਸ਼ੀਆ) ਦੀ ਚੌਥੀ ਵਰੇ ਗੰਢ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਵਿਸ਼ੇਸ਼ ਸਮਾਗਮ ਦਾ ਆਯੋਜਨ 7 ਜੁਲਾਈ ਦਿਨ ਐਤਵਾਰ ਨੂੰ ਕੀਤਾ ਜਾ ਰਿਹਾ ਹੈ ਜਿਸ ਵਿੱਚ ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਅਖੰਡ ਜਾਪ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਹੋਵੇਗਾ ।ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਅਮਰੀਕ ਦੌਲੀਕੇ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਹਨਾਂ ਅੱਗੇ ਕਿਹਾ ਕਿ ਇਸ ਸਮਾਗਮ ਵਿੱਚ ਅਮਨ ਚੌਹਾਨ ਆਪਣੇ ਕੀਰਤਨੀ ਜਥੇ ਸਮੇਤ ਆਈਆਂ ਸੰਗਤਾਂ ਨੂੰ ਗੁਰਬਾਣੀ ਦਾ ਜਸ ਗਾਇਨ ਕਰਕੇ ਨਿਹਾਲ ਕਰਨਗੇ। ਉਹਨਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਸਮਾਗਮ ਵਿੱਚ ਵੱਧ ਚੜ ਕੇ ਸ਼ਿਰਕਤ ਕਰਨ।



# ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਲੋਕਤੰਤਰ ਵਿਰੋਧੀ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਰਾਸ਼ਟਰਪਤੀ ਦੇ ਨਾਂ 'ਤੇ ਭੇਜਿਆ ਮੰਗ ਪੱਤਰ

**ਫਗਵਾੜਾ (ਬੀ.ਕੇ. ਰੱਤੂ)-** ਤੀਜੀ ਵਾਰ ਸਤ੍ਹਾ ਵਿੱਚ ਆਈ ਕੇਂਦਰ ਦੀ ਮੋਦੀ ਸਰਕਾਰ ਨੇ ਆਉਂਦੇ ਹੀ ਲੋਕਾਂ ਅਤੇ ਲੋਕਤੰਤਰ ਵਿਰੋਧੀ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ,ਭਾਰਤੀ ਨਿਆਏ ਸੰ-ਹਤਾ-2023,ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ -2023 ਅਤੇ ਭਾਰਤੀ ਸਾਕਸ਼ਯਾ ਅਧਿਨਿਯਮ -2023 ਨੂੰ ਪਹਿਲੀ ਜੁਲਾਈ ਤੋਂ ਲਾਗੂ ਕਰਨ ਦੇ ਕੀਤੇ ਐਲਾਨ ਅਤੇ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ ਤੇ ਹੀ ਦਿੱਲੀ ਦੇ ਗਵਰਨਰ ਵਲੋਂ ਯੂ ਏ ਪੀ ਏ ਅਧੀਨ ਸਮਾਜਿਕ ਕਾਰਕੁੰਨਾਂ ਅਰੁੰਧਤੀ ਰਾਏ ਅਤੇ ਪ੍ਰੋ ਸ਼ੇਖ ਹੁਸੈਨ ਖ਼ਿਲਾਫ਼ ਕੇਸ ਦਰਜ ਕਰਨ ਦੀ ਦਿੱਤੀ ਮਨਜ਼ੂਰੀ ਦਾ ਵਿਰੋਧ ਕਰਨ ਲਈ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੇ ਰੈਸਟ ਹਾਊਸ ਫ਼ਗਵਾੜਾ ਦੇ ਪਾਰਕ ਵਿੱਚ ਇੱਕਠੇ ਹੋ ਕੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਨਵੇਂ ਤਿੰਨ ਫੌਜਦਾਰੀ ਕਾਨੂੰਨਾਂ ਨੂੰ ਤੁਰੰਤ ਰੱਦ ਕਰਨ ਅਤੇ ਸਮਾਜਿਕ ਕਾਰਕੁੰਨਾਂ ਤੇ ਕੇਸ ਦਰਜ ਕਰਨ ਦੀ ਦਿੱਤੀ ਮਨਜ਼ੂਰੀ ਤੁਰੰਤ ਰੱਦ ਕਰਨ ਦੀ ਮੰਗ ਕਰਦੇ ਹੋਏ,ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਰਾਸ਼ਟਰਪਤੀ ਭਾਰਤ ਦੇ ਨਾਂ 'ਤੇ ਮੰਗ ਪੱਤਰ ਭੇਜਿਆ। ਵਿਰੋਧ ਪ੍ਰਦਰਸ਼ਨ ਕਰਨ ਸਮੇਂ ਤਰਕਸ਼ੀਲ ਸੁਸਾਇਟੀ ਦੇ ਜਸਵਿੰਦਰ ਫਗਵਾੜਾ, ਸੁਖਦੇਵ ਮਾਹੀ, ਸੁਰਿੰਦਰ ਪਾਲ ਪੱਦੀ ਜਗੀਰ, ਪ੍ਰੀਤ ਸਹਿਤ ਸਭਾ ਦੇ ਮਨਦੀਪ ਜੱਸਲ,ਪੀ ਐਸ ਪੀ ਸੀ ਐੱਲ ਪੈਂਨਸ਼ਨਰ ਯੂਨੀਅਨ ਦੇ ਗੋਪਾਲ ਕ੍ਰਿਸ਼ਨ, ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਦੇ ਹੰਸ ਰਾਜ ਬੰਗੜ, ਪੰਜਾਬ ਪੈਂਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਮੋਹਣ ਸਿੰਘ ਭੱਟੀ,ਕੁਲਦੀਪ ਸਿੰਘ ਕੌੜਾ , ਮਿਉਂਸਪਲ ਪੈਨਸ਼ਨਰ ਯੂਨੀਅਨ ਦੇ ਤਾਰਾ ਸਿੰਘ ਬੀਕਾ,ਡੀ ਕੀ ਐੱਫ ਦੇ ਗੁਰਮੁਖ ਲੋਕ ਪ੍ਰੇਮੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਪਰਮਿੰਦਰ ਪਾਲ ਸਿੰਘ, ਵਿਦਿਆਰਥੀਆਂ ਦੀ ਆਗੂ ਮਨਪ੍ਰੀਤ ਕੌਰ,ਪ੍ਰੋਫੈਸਰ ਜਸਕਰਨ ਸਿੰਘ ਨੇ ਕਿਹਾ ਕਿ ਤੀਜੀ ਵਾਰ ਸਤ੍ਹਾ ਤੇ ਕਾਬਜ਼ ਹੋਈ ਕੇਂਦਰ ਦੀ ਮੋਦੀ ਦੀ ਭਾਜਪਾ ਸਰਕਾਰ ਨੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੂੰ ਇੱਕ ਵਾਰ ਫਿਰ ਆਪਣਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਪਹਿਲੇ 10 ਸਾਲਾਂ ਦੇ ਕਾਰਜਕਾਲ 'ਚ ਅਨੇਕਾਂ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਯੂ ਏ ਪੀ ਏ ਦੇ



ਤਹਿਤ ਜੇਲ੍ਹਾਂ ਅੰਦਰ ਬੰਦ ਕੀਤਾ ਹੋਇਆ ਹੈ। ਆਪਣੇ ਪਹਿਲੇ ਲੋਕ ਵਿਰੋਧੀ ਅਤੇ ਲੋਕਤੰਤਰ ਵਿਰੋਧੀ ਕਦਮਾਂ ਨੂੰ ਜਾਰੀ ਰੱਖਦਿਆਂ ਮੋਦੀ ਸਰਕਾਰ ਨੇ ਹੁਣ ਸਮਾਜਿਕ ਕਾਰਕੁੰਨਾਂ ਅਰੁੰਧਤੀ ਰਾਏ ਅਤੇ ਪ੍ਰੋ ਸ਼ੇਖ ਹੁਸੈਨ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਤਿੰਨ ਨਵੇਂ ਲੋਕ ਵਿਰੋਧੀ ਫੌਜਦਾਰੀ ਕਾਨੂੰਨ, ਭਾਰਤੀ ਸੰਵਿਧਾਨ ਦੀ ਭਾਵਨਾ ਦੇ ਉਲਟ ਭਾਜਪਾ ਸਰਕਾਰ ਨੇ ਬਣਾ ਕੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਕੀਤਾ ਹੈ ਅਤੇ ਹੁਣ ਇਹ ਲੋਕਾਂ ਦਾ ਨੁਕਸਾਨ ਕਰਨ ਵਾਲੇ ਕਾਨੂੰਨ ਪਹਿਲੀ ਜੁਲਾਈ ਤੋਂ ਲਾਗੂ ਕਰਨ ਦਾ ਐਲਾਨ ਭਾਜਪਾ ਸਰਕਾਰ ਨੇ ਕੀਤਾ ਹੈ। ਇਹ ਤਿੰਨ ਨਵੇਂ ਕਾਨੂੰਨ ਕਿਰਤੀ ਜਮਾਤ ਦੇ ਸੰਘਰਸ਼ਾਂ ਨੂੰ ਦਰਿੰਦਗੀ ਨਾਲ ਕੁਚਲਣ ਅਤੇ ਸੰਘਰਸ਼ ਕਰਨ ਤੋਂ ਰੋਕਣ ਅਤੇ ਆਪਣੇ ਹੱਕਾਂ ਲਈ ਲਿਖਣ ਅਤੇ ਬੋਲਣ ਤੋਂ ਰੋਕਣ ਲਈ ਕੇਂਦਰ ਸਰਕਾਰ ਦਾ ਵਹਿਸ਼ੀ ਕਾਰਾ ਹੈ ਅਤੇ ਇਹਨਾਂ ਕਾਨੂੰਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਵਰਤਦੇ ਹੋਏ ਹਰ ਸੰਘਰਸ਼ਸ਼ੀਲ ਆਵਾਜ਼ ਦਹਿਸ਼ਤਗਰਦੀ ਨਾਲ ਦਬਾਅ ਕੇ ਕਾਰਪੋਰੇਟ ਘਰਾਣਿਆਂ ਨੂੰ ਬੇਸ਼ਕੀਮਤੀ ਲਾਭ ਪਹੁੰਚਾਉਣਾ ਹੀ ਕੇਂਦਰ ਦੀ ਮੋਦੀ ਸਰਕਾਰ ਦਾ ਮੁੱਖ ਮਕਸਦ ਹੈ।ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਇਸ ਧੱਕੇ ਸ਼ਾਹੀ ਦੇ ਵਿਰੁੱਧ ਹਰ ਵਰਗ ਦੇ ਇਨਸਾਫ਼ ਪਸੰਦ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਸੰਘਰਸ਼ ਲਗਾਤਾਰ ਜਾਰੀ ਰਹੇਗਾ। ਆਗੂਆਂ ਨੇ ਕਿਹਾ ਕਿ ਸਮੂਹ ਇਨਸਾਫ਼ ਪਸੰਦ ਲੋਕਾਂ ਵਲੋਂ ਅੱਜ ਨਵੇਂ ਫੌਜਦਾਰੀ ਕਾਨੂੰਨਾਂ ਨੂੰ ਲਾਗੂ ਕਰਨ ਦੇ ਪਹਿਲੇ ਦਿਨ ਤੋਂ ਹੀ ਪੂਰੇ ਪੰਜਾਬ/ਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਕਰਕੇ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਮੌਕੇ 'ਤੇ ਮੌਜੂਦ ਜ਼ਿੰਮੇਵਾਰ ਪ੍ਰਸ਼ਾਸਨਿਕ ਅਧਿਕਾਰੀ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਤੇ ਮੰਗ ਪੱਤਰ ਭੇਜੇ ਜਾ ਰਹੇ ਹਨ। ਆਗੂਆਂ ਨੇ ਮੰਗ ਕੀਤੀ ਕਿ ਸਮਾਜਿਕ ਕਾਰਕੁੰਨਾਂ ਅਰੁੰਧਤੀ ਰਾਏ ਅਤੇ ਪ੍ਰੋ ਸ਼ੇਖ ਹੁਸੈਨ ਤੇ ਯੂ ਏ ਪੀ ਏ ਅਧੀਨ ਕੇਸ ਦਰਜ ਕਰਨ ਦੀ ਦਿੱਤੀ ਮਨਜ਼ੂਰੀ ਤੁਰੰਤ ਰੱਦ ਕੀਤੀ ਜਾਵੇ ਅਤੇ ਤਿੰਨ ਨਵੇਂ ਫੌਜਦਾਰੀ ਕਾਨੂੰਨ ਨੂੰ ਵੀ ਭਾਰਤ ਸਰਕਾਰ ਤੁਰੰਤ ਰੱਦ ਕਰੇ।ਭਵਿੱਖ ਵਿੱਚ ਯੂ ਏ ਪੀ ਏ ਕਾਨੂੰਨ ਦੀ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁੰਨਾਂ ਤੇ ਵਰਤੋਂ ਕਰਨੀ ਵੀ ਤੁਰੰਤ ਬੰਦ ਕੀਤੀ ਜਾਵੇ। ਆਗੂਆਂ ਨੇ ਲੋਕ ਸਭਾ ਵਿੱਚ ਮੌਜੂਦ ਵਿਰੋਧੀ ਧਿਰ ਦੇ ਸਮੂਹ ਸੰਸਦ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਾਂ ਅਤੇ ਲੋਕਤੰਤਰ ਵਿਰੋਧੀ ਯੂ ਏ ਪੀ ਏ ਕਾਨੂੰਨ ਦੇ ਵਿਰੁੱਧ ਲੋਕ ਸਭਾ ਵਿੱਚ ਜ਼ੋਰਦਾਰ ਆਵਾਜ਼ ਉਠਾਉਣ ਅਤੇ ਇਸ ਕਾਨੂੰਨ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਨ।

ਆਖਿਰ ਵਿੱਚ ਨਵੇਂ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜਨ ਉਪਰੰਤ ਐਸ ਡੀ ਐਮ ਦਫ਼ਤਰ ਫ਼ਗਵਾੜਾ ਦੇ ਰਾਹੀਂ ਭਾਰਤ ਦੀ ਰਾਸ਼ਟਰਪਤੀ ਦੇ ਨਾਂ ਤੇ ਮੰਗ ਪੱਤਰ ਭੇਜਿਆ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ, ਹਰਭਜਨ ਲਾਲ ਕੌਲ, ਸਤਪਾਲ ਸਿੰਘ ਖੱਟਕੜ, ਕਾਮਰੇਡ ਜਗੀਰ ਸਿੰਘ, ਸਤਪਾਲ ਮਹਿਮੀ,ਸ਼ਿਵ ਦਾਸ, ਬਲਵੀਰ ਸਿੰਘ ਦੋਸਾਂਝ, ਪ੍ਰੀਤਮ ਸਿੰਘ ਲੱਲੀ, ਮਹਿੰਦਰ ਪਾਲ ਇੰਦਣਾ ਕਲਾਸਕੇ, ਰੁਪਿੰਦਰ ਸਿੰਘ, ਭੁਪਿੰਦਰ ਸਿੰਘ ਮਾਹੀ, ਅਜੀਤ ਰਾਮ, ਸਤਪਾਲ ਸਿੰਘ, ਅਮਰਜੀਤ ਮੇਹਲੀ, ਅਵਿਨਾਸ਼ ਹਰਦਾਸਪੁਰ, ਮਨਦੀਪ ਮਹਿਰਮ, ਤਰਸੇਮ ਲਾਲ, ਮਹਿੰਦਰ ਸਿੰਘ, ਰੋਸ਼ਨ ਲਾਲ,ਆਦਿ ਜੁਝਾਰੂ ਸਾਥੀ ਹਾਜ਼ਰ ਹੋਏ।

# ਬਾਗਬਾਨੀ ਵਿਭਾਗ ਵਲੋਂ ਪੰਜਾਬ ਸਰਕਾਰ ਅਤੇ APEDA ਦੇ ਸਹਿਯੋਗ ਨਾਲ ਪਹਿਲੀ ਵਾਰ ਪੰਜਾਬ ਦੀ ਲੀਚੀ ਵਿਦੇਸ਼ ਭੇਜੀ ਗਈ

**ਪਠਾਨਕੋਟ (ਜਸਪਾਲ ਕੁਮਾਰ ਅਜ਼ਾਦ)** ਅੱਜ ਮਿਤੀ 28-6-2024 ਨੂੰ ਸ੍ਰੀਮਤੀ ਸੈਲਿੰਦਰ ਕੌਰ ਡਾਇਰੈਕਟਰ ਬਾਗਬਾਨੀ ਪੰਜਾਬ ਜੀ ਵਲੋ APEDA ਦੇ ਸਹਿਯੋਗ ਨਾਲ ਪਹਿਲੀ ਵਾਰ ਪੰਜਾਬ ਦੀ ਲੀਚੀ ਵਿਦੇਸ਼ ਭੇਜੀ ਗਈ, ਇਸ ਮੌਕੇ ਤੇ ਸ੍ਰੀ ਜਸਪਾਲ ਸਿੰਘ ਸਹਾਇਕ ਡਾਇਰੈਕਟਰ ਬਾਗਬਾਨੀ ਅਤੇ ਸ੍ਰੀ ਜਤਿੰਦਰ ਕੁਮਾਰ ਬਾਗਬਾਨੀ ਵਿਕਾਸ ਅਫਸਰ-ਕਮ- ਨੋਡਲ ਅਫਸਰ (ਲੀਚੀ) ਪਠਾਨਕੋਟ ਵੀ ਸ਼ਾਮਿਲ ਸਨ।



ਇਸ ਦਾ ਅਗਾਜ ਕੈਬਨਿਟ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਵਲੋ ਕੀਤਾ ਗਿਆ , ਉਨਾਂ ਵਲੋ ਮਿਤੀ 20-6-2024 ਨੂੰ ਲੀਚੀ ਅਸਟੇਟ ਸੁਜਾਨਪੁਰ ਵਿਖੇ ਕਰਵਾਏ ਗਏ ਲੀਚੀ ਸੋਅ ਦੌਰਾਨ ਲੀਚੀ ਬਾਗਬਾਨਾਂ ਦੀ ਐਕਸੋਪੋਟਰਜ ਨਾਲ ਮੀਟਿੰਗ ਕਰਵਾਈ ਗਈ। ਉਨਾਂ ਵਲੋ ਬਾਗਬਾਨਾਂ ਨੂੰ ਵਿਦੇਸ਼ ਲੀਚੀ ਭੇਜਣ ਲਈ ਉਤਸ਼ਾਹਿਤ ਕੀਤਾ ਗਿਆ। ਕੈਬਨਿਟ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਦੀ ਰਹਨੁਮਾਈ ਹੇਠ ਪਹਿਲੀ ਵਾਰ ਅਗਾਂਹਵਧੂ ਬਾਗਬਾਨ ਸ੍ਰੀ ਰਕੇਸ ਡਡਵਾਲ ਵਾਸੀ ਮੁਰਾਦਪੁਰ ਜਿਲਾ ਪਠਾਨਕੋਟ ਦੇ ਫਾਰਮ ਦੀ ਲੀਚੀ UK (ਲੰਦਨ) ਭੇਜੀ ਗਈ।

ਲੀਚੀ ਦੀ ਪੈਕਿੰਗ ਟੋਕਰੀ ਵਿੱਚ ਡੇਡ ਕਿਲੋ ਪਾ ਕੇ ਭੇਜੀ ਗਈ ਤਾਂ ਜੋ ਇਸ ਦੀ Shelf ilfe ਠੀਕ ਰਹੇ। ਲੀਚੀ ਵਿਦੇਸ਼ ਭੇਜਣ ਉਪਰੰਤ ਸ੍ਰੀਮਤੀ ਸੈਲਿੰਦਰ ਕੌਰ ਡਾਇਰੈਕਟਰ ਬਾਗਬਾਨੀ ਪੰਜਾਬ ਜੀ ਵਲੋ APEDA ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਉਣ ਵਾਲੇ ਸਮੇ ਵਿੱਚ ਵੱਧ ਤੋ ਵੱਧ ਲੀਚੀ ਦਾ ਮੰਡੀਕਰਨ ਵਿਦੇਸ਼ ਵਿੱਚ ਕੀਤਾ ਜਾਵੇਗਾ ਤਾਂ ਜੋ ਬਾਗਬਾਨ ਵੱਧ ਤੋ ਵੱਧ ਮੁਨਾਫਾ ਕਮਾ ਸਕਣ।

# ਡਾਕਟਰ ਦੀ ਪ੍ਰਵਾਨਗੀ ਤੋਂ ਬਿਨਾਂ ਫਾਰਮੇਸੀ ਵਲੋਂ ਨਾ ਦਿੱਤੀ ਜਾਵੇ ਪ੍ਰੀਗਾਬਾਲਿਨ ਦਵਾਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਪ੍ਰੀਗਾਬਾਲਿਨ ਦਵਾਈ ਨੂੰ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ 'ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵਲੋਂ ਦਿੱਤਾ ਜਾਵੇ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਫਾਰਮੇਸੀ ਵਲੋਂ ਇਸ ਦਵਾਈ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇ।

ਉਨ੍ਹਾਂ ਕਿਹਾ ਕਿ ਸਿਵਲ ਸਰਜਨ ਨੇ ਆਪਣੇ ਦਫ਼ਤਰ ਦੇ ਪੱਤਰ ਨੰਬਰ ਡਰੱਗਜ਼/2023/452 ਮਿਤੀ 24।8।2023 ਰਾਹੀਂ ਦੱਸਿਆ ਹੈ ਕਿ ਪ੍ਰੀਗਾਬਾਲਿਨ ਦੀ ਵਰਤੋਂ ਫਾਈਬਰੋ ਮਾਇਲਜੀਆ/ਨਿਊਰਲਜੀਆ ਆਦਿ ਬਿਮਾਰੀਆਂ ਨਾਲ ਸਬੰਧਤ ਮਰੀਜ਼ਾਂ ਦੇ ਇਲਾਜ ਲਈ ਆਮ ਤੌਰ 'ਤੇ ਮੈਡੀਕਲ ਸਪੈਸ਼ਲਿਸਟ/ ਸਾਈਕੈਟਰਿਸਟ/ ਜੀ.ਡੀ.ਐਮ.ਓ ਵਲੋਂ ਕੀਤੀ ਜਾਂਦੀ ਹੈ, ਪਰ ਜ਼ਿਆਦਾ ਮਾਤਰਾ ਵਿਚ ਪ੍ਰੀਗਾਬਾਲਿਨ ਦੀ ਦੁਰਵਰਤੋਂ ਨਸ਼ੇ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਇਸ ਲਈ ਪ੍ਰੀਗਾਬਾਲਿਨ ਦਵਾਈ ਨੂੰ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ 'ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵਲੋਂ ਦਿੱਤੀ ਜਾਣੀ ਚਾਹੀਦੀ ਹੈ। ਇਹ ਹੁਕਮ 25 ਅਗਸਤ, 2024 ਤੱਕ ਲਾਗੂ ਰਹੇਗਾ।

# ਜ਼ਿਲ੍ਹੇ 'ਚ ਮੂੰਹ ਢੱਕ ਕੇ ਡਰਾਈਵਿੰਗ ਕਰਨ 'ਤੇ ਲਗਾਈ ਪਾਬੰਦੀ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜ਼ਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋ-ਪਹੀਆਂ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ ਕੇ ਡਰਾਈਵਿੰਗ ਕਰਨ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ 'ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲੱਜੀ ਦੀ ਵਜਾਹ ਕਾਰਨ ਮੈਡੀਕਲ ਸੁਪਰਵਿਜਨ ਦੇ ਹੇਠਾਂ ਮਾਸਕ ਜਾਂ ਕੋਈ ਹੋਰ ਚੀਜ ਪਹਿਨੀ ਹੋਵੇ।

ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਦੱਸਿਆ ਹੈ ਕਿ ਬਜਾਰਾਂ ਵਿੱਚ ਆਮ ਤੌਰ ਤੇ ਮੂੰਹ ਢੱਕ ਕੇ ਵਹੀਕਲ ਚਾਲਕਾਂ (ਖਾਸ ਤੌਰ 'ਤੇ ਦੋ-ਪਹੀਆਂ ਵਹੀਕਲ ਚਾਲਕਾਂ) ਵੱਲੋਂ ਲੁਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਕ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 25 ਅਗਸਤ, 2024 ਤੱਕ ਲਾਗੂ ਰਹਿਣਗੇ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਡੈਂਟਿਸਟ ਜਗਜੀਤ ਸਿੰਘ ਨੇ ਅਹੁਦਾ ਸੰਭਾਲਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਦੰਦਾਂ ਦੀਆਂ ਬਿਮਾਰੀਆਂ ਤੇ ਆਪ੍ਰੇਸ਼ਨਾਂ ਦੇ ਮਾਹਿਰ ਡਾਕਟਰ ਜਗਜੀਤ ਸਿੰਘ ਐਮ ਡੀ ਐਸ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿੱਚ ਦੰਦਾਂ ਦੇ ਵਿਭਾਗ ਦਾ ਚਾਰਜ ਸੰਭਾਲ ਕੇ ਮਰੀਜਾਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਜਾਣਕਾਰੀ ਹਸਪਤਾਲ ਪ੍ਰਬੰਧਕੀ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਡਾਕਟਰ ਜਗਜੀਤ ਸਿੰਘ ਨੇ ਦੰਦਾਂ ਦੀਆਂ ਬਿਮਾਰੀਆਂ ਤੇ ਆਪ੍ਰੇਸ਼ਨਾਂ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੋਈ ਹੈ। ਉਹ ਨਵੇਂ ਦੰਦ ਲਗਾਉਣ, ਤਾਰ ਪਾ ਕੇ ਦੰਦ ਸਿੱਧੇ ਕਰਨ ਸਮੇਤ ਹਰ ਤਰ੍ਹਾਂ ਦੇ ਦੰਦਾਂ ਦੀਆਂ ਬਿਮਾਰੀਆਂ ਤੋਂ ਇਲਾਵਾ ਮੈਕ-ਸੀਲੋਫੇਸ਼ੀਅਲ ਸਰਜਰੀ (ਐਕਸੀਡੈਂਟ ਵਿੱਚ ਟੁੱਟੇ ਹੋਏ ਦੰਦਾਂ ਅਤੇ ਟੁੱਟੇ ਹੋਏ ਜਬਾੜੇ ਦਾ ਇਲਾਜ) ਅਤੇ ਦੰਦਾਂ ਦੇ ਇੰਪਲਾਂਟ ਦੇ ਮਾਹਿਰ ਡਾਕਟਰ ਹਨ। ਇਸ ਤੋਂ ਪਹਿਲਾਂ ਉਹ ਵੱਡੇ-ਵੱਡੇ ਹਸਪਤਾਲਾਂ ਵਿੱਚ ਵੀ ਆਪਣੀਆ ਸੇਵਾਵਾਂ ਦੇ ਚੁੱਕੇ ਹਨ। ਉਹਨਾਂ ਹੋਰ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਥਾਪਿਤ ਦੰਦਾਂ ਦੇ ਵਿਭਾਗ ਵਿੱਚ ਆਧੁਨਿਕ ਡਿਜੀਟਲ ਕੰਪਿਊਟਰਾਈਜ਼ਡ ਐਕਸ-ਰੇਅ ਨਾਲ ਲੈਸ ਚੇਅਰਾਂ ਹਨ। ਜਿਥੇ ਦੰਦਾਂ ਦੀਆਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਮਰੀਜਾਂ ਦਾ ਵਧੀਆ ਇਲਾਜ ਕੀਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਲੋੜਵੰਦ ਮਰੀਜ ਸਵੇਰੇ 9 ਵਜੇ ਤੋਂ 3 ਵਜੇ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪਹੁੰਚ ਕੇ ਆਪਣੇ ਦੰਦਾਂ ਦਾ ਇਲਾਜ ਕਰਵਾ ਸਕਦੇ ਹਨ।

# ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ, ਆਈ.ਏ.ਐਸ. ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸਕਤੀਆਂ ਦੀ ਵਰਤੋਂ ਕਰਦੇ ਹੋਏ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਦੇ ਮਿਉਂਸਪਲ ਕੌਂਸਲ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਜੇਕਰ ਆਪਣੇ ਘਰ/ਹੋਟਲ/ਰੈਸਟੋਰੈਂਟ ਵਿੱਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ/ਨੇਪਾਲੀ ਲਾਗਰੀ ਰੱਖੇਗਾ ਤਾਂ ਉਹ ਉਸ ਦੀ ਸੂਚਨਾ dc_nawanshahr@rei-dffmial.com ਅਤੇ dpo.nsr.poilce @punjab.govi.n ਤੇ ਇੱਕ ਹਫਤੇ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਹੋਵੇਗਾ। ਉਨ੍ਹਾਂ ਕਿਹਾ ਕਿ ਜਿਹਾ ਮਕਾਨ ਮਾਲਕਾਂ ਨੇ ਅਜ ਤੱਕ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਨੂੰ ਨਹੀਂ ਦਿੱਤੀ ਹੈ, ਉਹ ਉਕਤ ਈ-ਮੇਲ ਤੇ ਕਿਰਾਏਦਾਰ (ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਰਡ) ਦੀ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੇ ਇੱਕ ਹਫਤੇ ਦੇ ਅੰਦਰ-ਅੰਦਰ ਦੇਣ। ਉਨ੍ਹਾਂ ਨੇ ਕਿਹਾ ਕਿ ਮਕਾਨ ਮਾਲਕਾ ਵੱਲੋਂ ਰੱਖੇ ਗਏ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਆਦਿ ਕਈ ਵਾਰ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੇ ਮਕਾਨਾਂ ਅਤੇ ਪਬਲਿਕ ਸਥਾਨਾਂ ਤੇ ਹੁੜਦੰਗ ਕਰਦੇ ਰਹਿੰਦੇ ਹਨ, ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿੱਤੀ ਵਿਗੜਨ ਦਾ ਡਰ ਹੈ, ਪਰ ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਪਾਸ ਸਮੇਂ ਸਿਰ ਦਰਜ ਨਹੀਂ ਕਰਵਾਈ ਜਾਂਦੀ ਹੈ। ਇਸ ਤਰਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 24 ਅਗਸਤ 2024 ਤੱਕ ਲਾਗੂ ਰਹੇਗਾ।

# 'ਦੇਸ਼ ਭਗਤਾਂ ਦੀ ਦੇਣ ਦਾ ਸਾਡੇ ਸਮਿਆਂ 'ਚ ਮਹੱਤਵ' ਵਿਸ਼ੇ ਤੇ ਵਿਚਾਰ ਚਰਚਾ 'ਚ ਸ਼ਾਮਲ ਹੋਣ ਦੀ ਅਪੀਲ

**ਜਲੰਧਰ (ਜਸਪਾਲ ਕੁਮਾਰ ਆਜ਼ਾਦ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾ.ਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾ.ਲ ਜੁੜੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਸਮਰਪਿਤ ਗੰਭੀਰ ਵਿਚਾਰ ਚਰਚਾ 29 ਜੂਨ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕੀਤੀ ਜਾਵੇਗੀ, ਜਿਸਦੀਆਂ ਤਿਆਰੀਆਂ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ ਗਈਆਂ। ਉਹਨਾਂ ਦੱਸਿਆ ਕਿ ਦੂਜਾ ਲਾਹੌਰ ਸਾਜ਼ਿਸ਼ ਕੇਸ 18 ਜੂਨ 1916 ਜਿਸ ਵਿਚ ਰੂੜ ਸਿੰਘ ਤਲਵੰਡੀ ਦੁਸਾਂਝ (ਉਸ ਮੌਕੇ ਫਿਰੋਜ਼ਪੁਰ), ਈਸ਼ਰ ਸਿੰਘ ਢੁੱਡੀਕੇ (ਉਸ ਮੌਕੇ ਫਿਰੋਜ਼ਪੁਰ), ਬੀਰ ਸਿੰਘ ਬਾਹੋਵਾਲ (ਹੁਸ਼ਿਆਰਪੁਰ), ਰੰਗਾ ਸਿੰਘ ਖੁਰਦਪੁਰ (ਜਲੰਧਰ), ਉੱਤਮ ਸਿੰਘ ਹਾਂਸ ਕਲਾਂ (ਲੁਧਿਆਣਾ) ਮੁਲਕ ਦੀ ਆਜ਼ਾਦੀ ਲਈ ਜੱਦੋ ਜਹਿਦ ਕਰਨ ਦੇ 'ਦੋਸ਼' ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਵਿਸ਼ੇਸ਼ ਤੌਰ ਤੇ ਉਹਨਾਂ ਦੀ ਘਾਲਣਾ ਨੂੰ ਯਾਦ ਕਰਨ, ਉਹਨਾਂ ਦੇ ਸੰਗਰਾਮੀ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਉਹਨਾਂ ਦੇ ਸੁਪਨਿਆਂ ਦੀ ਪੂਰਤੀ ਲਈ ਵਿਚਾਰ ਚਰਚਾ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਮੁੱਖ ਵਕਤਾ ਹੋਣਗੇ।



ਇਸ ਮੌਕੇ ਸ਼ਹੀਦ ਆਤਮਾ ਰਾਮ (ਸ਼ੰਘਾਈ), ਬੱਬਰ ਅਕਾਲੀ ਚਿੰਤਾ ਸਿੰਘ ਢੰਡੋਲੀ (ਜਲੰਧਰ ਜੇਲ੍ਹ 'ਚ 8 ਜੂਨ 1941 ਫਾਂਸੀ), ਜਨਮ ਦਿਨ ਕਿਸ਼ੋਰੀ ਲਾਲ (9 ਜੂਨ 1909), ਸ਼ਹੀਦ ਹਰੀ ਕਿਸ਼ਨ ਸਰਹੱਦੀ ਨੂੰ ਮੀਆਂਵਾਲੀ ਜੇਲ੍ਹ ਵਿੱਚ ਫਾਂਸੀ, ਜਨਮ ਦਿਨ ਕ੍ਰਾਂਤੀਕਾਰੀ ਰਾਮ ਪ੍ਰਸਾਦ ਬਿਸਮਿਲ (12 ਜੂਨ 1897), ਸਾਕਾ ਵੱਲਾ ਪੁਲ (ਅੰਮ੍ਰਿਤਸਰ) (12 ਜੂਨ 1915), ਕ੍ਰਾਂਤੀਕਾਰੀ ਸਚਿੰਦਰ ਨਾਥ ਪਾਂਡੇ ਦਾ ਸਦੀਵੀ ਵਿਛੋੜਾ (13 ਜੂਨ 1992), ਸ਼ਹੀਦੀ ਬਾਬੂ ਨਲਨੀ ਬਾਗ਼ਚੀ (16 ਜੂਨ 1918), ਸ਼ਹੀਦੀ ਮਨਿੰਦਰ ਬੈਨਰਜੀ (ਭੁੱਖ ਹੜਤਾਲ ਦੌਰਾਨ ਫਤਿਹਗੜ੍ਹ ਜੇਲ੍ਹ 'ਚ ਸ਼ਹੀਦ) (20 ਜੂਨ 1935), ਕ੍ਰਾਂਤੀਕਾਰੀ ਡਾ। ਗਯਾ ਪ੍ਰਸਾਦ ਦਾ ਜਨਮ ਦਿਨ (20 ਜੂਨ 1900), ਜਨਮ ਦਿਨ ਕ੍ਰਾਂਤੀਕਾਰੀ ਰਜਿੰਦਰਨਾਥ ਲਹਿਰੀ (ਕਾਕੋਰੀ ਕੇਸ) (23 ਜੂਨ 1901) ਆਦਿ ਦੀਆਂ ਕੁਰਬਾਨੀਆਂ ਭਰੇ ਇਤਿਹਾਸਕ ਸਫ਼ਿਆਂ ਉਪਰ ਗੰਭੀਰ ਵਿਚਾਰਾਂ ਵੀ ਕੀਤੀਆਂ ਜਾਣਗੀਆਂ।

ਭਖ਼ਦੇ ਮੁੱਦਿਆਂ ਤੇ ਆਵਾਜ਼ ਬੁਲੰਦ ਕਰਨ ਲਈ ਮਤੇ ਪੇਸ਼ ਕੀਤੇ ਜਾਣਗੇ। ਕਮੇਟੀ ਨੇ ਦੇਸ਼ ਭਗਤਾਂ ਦੀਆਂ ਵਾਰਸ ਸਮੂਹ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਪਿੰਡ ਸਾਹਲੋਂ ਦੀ ਵੈਸਟਰਨ ਯੂਨੀਅਨ ਤੇ ਲੁੱਟ ਦੀ ਅਸਫਲ ਕੋਸ਼ਿਸ਼ ਕਰਨ ਵਾਲੇ ਗਿਰੋਹ ਦੇ ਤਿੰਨ ਜਣੇ ਕਾਬੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਵੈਸਟਰਨ ਯੂਨੀਅਨ ਪਿੰਡ ਸਾਹਲੋਂ ਥਾਣਾ ਔੜ ਵਿਖੇ ਪਿਸਤੌਲ ਨਾਲ ਲੁੱਟ ਖੋਹ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਸ਼ਹੀਦ ਭਗਤ ਸਿੰਘ ਨਗਰ ਦੀ ਪੁਲਸ ਨੇ ਫੜਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਪ੍ਰੈਸ ਕਾਨਫਰੰਸ ਦੌਰਾਨ ਸ਼ਹੀਦ ਭਗਤ ਸਿੰਘ ਨਗਰ ਦੇ ਜਿਲ੍ਹਾ ਪੁਲਿਸ ਮੁਖੀ ਡਾਕਟਰ ਮਹਿਤਾਬ ਸਿੰਘ ਨੇ ਦੱਸਿਆ ਕਿ ਸੀ ਆਈ ਏ ਸਟਾਫ ਅਤੇ ਥਾਣਾ ਔੜ ਦੀ ਪੁਲਸ ਪਾਰਟੀ ਵਲੋਂ ਡਾਕਟਰ ਮੁਕੇਸ਼ ਕੁਮਾਰ ਐਸ ਪੀ (ਡੀ), ਡੀ ਐਸ ਪੀ ਮਾਧਵੀ ਸ਼ਰਮਾ, ਡੀ ਐਸ ਪੀ (ਡੀ) ਪ੍ਰੇਮ ਕੁਮਾਰ ਦੀ ਸੁਪਰਵੀਜ਼ਨ ਹੇਠ ਵੈਸਟਰਨ ਯੂਨੀਅਨ ਅੱਡਾ ਪਿੰਡ ਸਾਹਲੋਂ ਥਾਣਾ ਔੜ ਵਿਖੇ ਪਿਸਤੌਲ ਦੇ ਨਾਲ ਲੁੱਟ ਖੋਹ ਕਰਨ ਦੀ ਕੋਸਿਸ਼ ਕਰਨ ਅਤੇ ਫਾਇਰਿੰਗ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਮਿਲੀ ਹੈ। ਉਹਨਾਂ ਹੋਰ ਦੱਸਿਆ ਕਿ 25 ਜੂਨ ਨੂੰ ਅੱਡਾ ਪਿੰਡ ਸਾਹਲੋਂ ਵਿਖੇ ਕੇ ਕੇ ਇੰਟਰਪ੍ਰਾਈਜ਼ਜ਼ ਵੈਸਟਰਨ ਯੂਨੀਅਨ ਦੀ ਦੁਕਾਨ ਤੇ ਤਿੰਨ ਨੋ-ਜਵਾਨਾਂ ਵਲੋਂ ਲੁੱਟ ਖੋਹ ਕਰਨ ਦੀ ਨੀਅਤ ਨਾਲ ਦੁਕਾਨ ਅੰਦਰ ਦਾਖਲ ਹੋ ਕੇ ਲੁੱਟ ਨੂੰ ਅੰਜਾਮ ਦੇਣ ਵਾਸਤੇ ਫਾਇਰਿੰਗ ਕੀਤੀ ਸੀ। ਜਿਸ ਤੇ ਦੁਕਾਨਦਾਰ ਪ੍ਰਦੀਪ ਕੁਮਾਰ ਉਰਫ ਰਾਜੂ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਮੂਸਾਪੁਰ ਥਾਣਾ ਸਦਰ ਬੰਗਾ ਦੇ ਬਿਆਨ ਦੇ ਆਧਾਰ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। ਉਕਤ ਦੋਸ਼ੀਆਂ ਨੂੰ ਟ੍ਰੇਸ ਕਰਨ ਲਈ ਤੁਰੰਤ ਕਾਰਵਾਈ ਕਰਦੇ ਹੋਏ ਡਾਕਟਰ ਮੁਕੇਸ਼ ਕੁਮਾਰ ਐਸ ਪੀ (ਡੀ), ਮਾਧਵੀ ਸ਼ਰਮਾ ਡੀ ਐਸ ਪੀ, ਪ੍ਰੇਮ ਕੁਮਾਰ ਡੀ ਐਸ ਪੀ (ਡੀ) ਦੀ ਨਿਗਰਾਨੀ ਹੇਠ ਇੰਸਪੈਕਟਰ ਅਵਤਾਰ ਸਿੰਘ ਇੰਚਾਰਜ ਸੀ ਆਈ ਏ ਸਟਾਫ ਨਵਾਂਸ਼ਹਿਰ ਅਤੇ ਇੰਸਪੈਕਟਰ ਨਰੇਸ਼ ਕੁਮਾਰੀ ਇੰਚਾਰਜ ਥਾਣਾ ਔੜ ਦੀ ਅਗਵਾਈ ਵਿੱਚ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ। ਜਿਸ ਦੇ ਨਤੀਜੇ ਵਜੋਂ ਵਾਰਦਾਤ ਵਿਚ ਸ਼ਾਮਲ ਤਿੰਨ ਅਣਪਛਾਤੇ ਨੋਜਵਾਨਾਂ 'ਚੋਂ ਇਕ ਨੋਜਵਾਨ ਗਗਨਪ੍ਰੀਤ ਸਿੰਘ ਉਰਫ ਗੱਗੂ ਪੁੱਤਰ ਬਲਵੀਰ ਸਿੰਘ ਵਾਸੀ ਮੱਲਪੁਰ ਥਾਣਾ ਔੜ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਵਾਰਦਾਤ ਵਿਚ ਵਰਤਿਆ ਪਿਸਤੌਲ 32 ਬੋਰ ਸਮੇਤ ਮੈਗਜ਼ੀਨ ਅਤੇ ਰੇਕੀ ਲਈ ਵਰਤਿਆ ਸਪਲੈਂਡਰ ਮੋਟਰਸਾਈਕਲ (ਪੀ ਬੀ 32-ਐਸ-2042) ਬਰਾਮਦ ਕੀਤਾ ਗਿਆ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਗਿਰੋਹ ਦੇ ਮੈਂਬਰ ਨਵਜੋਤ ਸਿੰਘ ਉਰਫ ਮੋਨੂੰ ਪੁੱਤਰ ਅਮਰੀਕ ਸਿੰਘ ਵਾਸੀ ਖੈਰੜ ਅੱਛਰਵਾਲ ਥਾਣਾ ਮਾਹਿਲਪੁਰ (ਹੁਸ਼ਿਆਰਪੁਰ) ਅਤੇ ਧੀਰਜ ਕੁਮਾਰ ਉਰਫ ਚੇਤਨ ਪੁੱਤਰ ਸੋਮਾ ਵਾਥ ਵਾਸੀ ਪੂੰਨੀਆਂ ਥਾਣਾ ਸਿਟੀ ਬੰਗਾ ਵਲੋਂ ਵਾਰਦਾਤ ਵਾਲੇ ਸਥਾਨ ਦੀ ਰੇਕੀ ਕੀਤੀ ਗਈ ਸੀ।



ਜਿਸ ਤੇ ਉਕਤ ਦੋਵੇਂ ਕਥਿਤ ਦੋਸ਼ੀਆਂ ਨੂੰ ਵੀ ਉਕਤ ਮੁਕੱਦਮੇ ਵਿਚ ਗ੍ਰਿਫਤਾਰ ਕਰ ਲਿਆ ਗਿਆ। ਕਥਿਤ ਦੋਸ਼ੀ ਧੀਰਜ ਕੁਮਾਰ ਉਰਫ ਚੇਤਨ ਪਾਸੋਂ ਇਕ ਏਅਰ ਪਿਸਟਲ ਅਤੇ ਕਥਿਤ ਦੋਸ਼ੀ ਨਵਜੋਤ ਸਿੰਘ ਉਰਫ ਮੋਨੂੰ ਪਾਸੋਂ ਇਕ ਕਿਰਚ ਬਰਾਮਦ ਕੀਤੀ ਗਈ ਅਤੇ ਇਹਨਾਂ ਦੋਸ਼ੀਆਂ ਕੋਲੋਂ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਬਿਨ੍ਹਾ ਨੰਬਰ ਤੋਂ ਵੀ ਬਰਾਮਦ ਕੀਤਾ ਗਿਆ। ਵਾਰਦਾਤ ਵਿਚ ਸ਼ਾਮਲ ਹੋਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਰੇਡ ਕੀਤੀ ਜਾ ਰਹੀ ਹੈ। ਦੋਸ਼ੀਆਂ ਦੀ ਮੁੱਢਲੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਦੋਸ਼ੀਆਂ ਦਾ ਜੇਲ੍ਹ 'ਚ ਬੰਦ ਗੈਂਗਸਟਰ ਸੰਦੀਪ ਕੁਮਾਰ ਉਰਫ ਰਵੀ ਬਲਾਚੌਰੀਆ ਨਾਲ ਵੀ ਸੰਬੰਧ ਹੈ।

# ਪੰਜਾਬੀ ਜ਼ੁਬਾਨ ਦਾ ਸਿਰਮੌਰ ਸ਼ਾਇਰ ਸ਼ੌਕਤ ਢੰਡਵਾੜਵੀ




ਸ਼ੌਕਤ ਢੰਡਵਾੜਵੀ ਪੰਜਾਬੀ ਜ਼ੁਬਾਨ ਦਾ ਸਿਰਮੌਰ ਸ਼ਾਇਰ ਰਿਹਾ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਕਪਾਹ ਦੀਆਂ ਫੁੱਟੀਆਂ ਵਰਗੀ ਸਾਫ਼ਗੋਈ ਹੈ।ਸ਼ਿਅਰ ਵਿੱਚ ਕਿਹੜੀ ਗੱਲ ਨੂੰ ਕਿਵੇਂ ਕਹਿਣਾ ਹੈ ਉਸ ਨੂੰ ਬਾਖ਼ੂਬੀ ਇਲਮ ਸੀ। ਸ਼ਿਅਰਕਾਰੀ ਵਿੱਚ ਸਾਦਗੀ ਹੈ ਸਪੱਸ਼ਟਤਾ ਹੈ, ਖ਼ਿਆਲਾਂ ਵਿੱਚ ਨਵਾਂਪਣ ਹੈ ਤੇ ਗੱਲ ਕਹਿਣ ਦਾ ਅਪਣਾ ਹੀ ਅੰਦਾਜ਼ ਹੈ।

ਉਸ ਦੇ ਖ਼ਿਆਲਾਂ ਵਿੱਚ ਬਾਜ ਦਿਆਂ ਪਰਾਂ ਵਰਗੀ ਮਜ਼ਬੂਤੀ ਸੀ,ਐਸੀ ਮਜ਼ਬੂਤੀ ਕਿ ਉਹ ਸ਼ਬਦ ਰੂਪੀ ਪਰਾਂ ਨਾ਼ਲ ਸਾਹਿਤ ਦੇ ਅਕਾਸ਼ 'ਤੇ ਬਹੁਤ ਉੱਚੀਆਂ ਉਡਾਰੀਆਂ ਮਾਰਦਾ ਰਿਹਾ। ਉਸ ਨੇ ਜੋ ਹੰਢਾਇਆ, ਜੋ ਆਪਣੇ ਆ਼ਲੇ ਦੁਆ਼ਲੇ ਘਟਦਾ ਵੇਖਿਆ, ਮਹਿਸੂਸ ਕੀਤਾ ਉਹ ਉਸ ਦੀ ਸ਼ਾਇਰੀ ਹੁੰਦਾ ਗਿਆ। ਉਸ ਦੀਆਂ ਵਧੇਰੇ ਗ਼ਜ਼ਲਾਂ ਵਿੱਚ ਆਮ ਮਨੁੱਖ ਦਾ ਨਿੱਤ ਦੀਆਂ ਲੋੜਾਂ ਥੁੜ੍ਹਾਂ, ਜ਼ਰੂਰਤਾਂ ਦੀ ਪੂਰਤੀ ਲਈ ਮਨੁੱਖ ਦੁਆਰਾ ਲੜਿਆ ਜਾ ਰਿਹਾ ਅਣਐਲਾਨੇ,ਅਦ੍ਰਿਸ਼ ਯੁੱਧ ਦਾ ਬਿਰਤਾਂਤ ਹੈ।

ਉਹ ਆਪਣੀ ਸਮੁੱਚੀ ਸ਼ਾਇਰੀ ਰਾਹੀਂ ਰਗੜੀ ਜਾ ਰਹੀ ਗ਼ਰੀਬ ਲਾਚਾਰ ਤੇ ਬੇਬਸ ਅਵਾਮ ਨੂੰ ਸੁਚੇਤ ਕਰਦਾ ਹੈ ਕਿ ਕਿਵੇਂ ਹਾਕਿਮ ਧਿਰ, ਲੋਟੂ ਜਮਾਤ ਮਿੱਠੀ ਜ਼ੁਬਾਨ ਰੱਖ ਕੇ ਕੌੜੀਆਂ ਮਿਰਚਾਂ ਵੇਚ ਰਹੀ ਹੈ।



**ਜਗਦੀਸ਼ ਰਾਣਾ**
**79862-07849**

ਉਸ ਦੀਆਂ ਲਿਖਤਾਂ ਦਾ ਰੰਗ ਲੋਕ ਪੱਖੀ ਹੈ ਤੇ ਵਿਅੰਗਮਈ ਹੈ। ਦੋਹਰੇ ਕਿਰਦਾਰ ਵਾ਼ਲੇ ਵਿਅਕਤੀਆਂ, ਸਾਧਾਂ ਦੇ ਬਾਣੇ ਪਾ ਕੇ ਘੁੰਮ ਰਹੇ ਠੱਗਾਂ, ਧਰਮ ਦੇ ਨਾਂ ਤੇ ਹੋ ਰਹੇ ਅਡੰਬਰਾਂ ਪ੍ਰਤੀ ਉਹ ਲੁੱਟੇ-ਠੱਗੇ ਜਾ ਰਹੇ ਭੋ਼ਲੇ ਲੋਕਾਂ ਨੂੰ ਹੁਸ਼ਿਆਰ ਰਹਿਣ ਲਈ ਕਹਿੰਦਾ ਹੈ। ਸੁੱਖਾਂ, ਨਮਾਜਾਂ, ਪਾਠ ਉਸ ਨੂੰ ਢੌਂਗ ਜਾਪਦੇ ਹਨ। ਪਿੰਡੇ 'ਤੇ ਝੱਲੀ ਘੋਰ ਗ਼ਰੀਬੀ ਦਾ ਜ਼ਿਕਰ ਵੀ ਉਹ ਆਨੇ-ਬਹਾਨੇ ਆਪਣੇ ਸ਼ਿਅਰਾਂ 'ਚ ਇੰਝ ਕਰਦਾ ਹੈ ਕਿ ਪੜ੍ਹਨ-ਸੁਣਨ ਵਾ਼ਲੇ ਨੂੰ ਉਹ ਦੁੱਖ ਉਹ ਦਰਦ ਅਪਣਾ ਹੀ ਲੱਗਦਾ ਹੈ। ਤੇ ਇਹੀ ਕਿਸੇ ਸ਼ਾਇਰ ਦੀ ਪ੍ਰਾਪਤੀ ਹੁੰਦੀ ਹੈ ਜਦੋਂ ਉਸ ਦੀ ਨਿੱਜੀ ਪੀੜਾ ਵੀ ਸ਼ਾਇਰੀ ਰਾਹੀਂ ਲੋਕ ਪੀੜਾ ਹੋ ਨਿੱਬੜਦੀ ਹੈ।

ਦੇਸ਼ ਦੇ ਗੰਦਲੇ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਹਾਲਾਤ ਬਾਰੇ ਉਹ ਖੁੱਲ੍ਹ ਕੇ ਲਿਖਦਾ ਹੈ।

ਸ਼ੌਕਤ ਢੰਡਵਾੜਵੀ ਦਾ ਜਨਮ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਦੇ ਜੰਡਿਆਲਾ ਮੰਜਕੀ ਦੇ ਇਤਿਹਾਸਿਕ ਪਿੰਡ #ਬੁੰਡਾਲਾ ਵਿਖੇ ਇਕ ਮਿਹਨਤੀ ਕਿਰਤੀ ਪਰਿਵਾਰ 21 ਜੂਨ 1946 ਨੂੰ ਹੋਇਆ। ਪਿਤਾ ਦੌਲਤ ਅਲੀ ਅਤੇ ਮਾਤਾ ਬੀਬੀ ਰੱਖੀ ਪੰਨਵੇ ਨੇ ਪਿਆਰ ਨਾ਼ਲ ਨਾਮ ਰੱਖਿਆ #ਰ ਮੇਸ਼ ਸ਼ੌਕਤ। ਵੈਸੇ ਉਸ ਦਾ ਕਾਗਜ਼ੀ ਨਾਂ ਸ਼ੌਕਤ ਅਲੀ ਹੈ।

ਪਿੰਡ ਬੁੰਡਾਲਾ ਵਿਸ਼ਵ ਪ੍ਰਸਿੱਧ ਲੋਕ ਕਵੀ # ਗੁਰਦਾਸ ਰਾਮ ਆਲਮ ਦਾ ਵੀ ਜੱਦੀ ਪਿੰਡ ਹੈ ਅਤੇ ਭਾਰਤ ਦੀ ਰਾਜਨੀਤੀ ਵਿੱਚ ਥੰਮ੍ਹ ਵਜੋਂ ਜਾਣੇ ਜਾਂਦੇ ਰਹੇ # ਹਰਕਿਸ਼ਨ ਸਿੰਘ ਸੁਰਜੀਤ ਵੀ ਇਸੇ ਪਿੰਡ ਤੋਂ ਹੋਏ ਹਨ।

1947 ਵਿੱਚ ਮਜਹਬ ਦੇ ਨਾਂ 'ਤੇ ਭਾਰਤ ਦਾ ਬਟਵਾਰਾ ਹੋਇਆ ਤਾਂ ਬਹੁਤੇ ਲੋਕ ਮਜਹਬ ਦੇ ਨਾਮ 'ਤੇ ਬਣੇ ਨਵੇਂ ਦੇਸ਼ ਪਾਕਿਸਤਾਨ ਚਲੇ ਗਏ ਸ਼ੌਕਤ ਦੇ ਪਰਿਵਾਰ ਨੇ ਵੀ ਪਿੰਡ ਬੁੰਡਾਲਾ ਛੱਡ ਪਾਕਿਸਤਾਨ ਜਾਣ ਦਾ ਫ਼ੈਸਲਾ ਕਰ ਲਿਆ।

ਪਾਕਿਸਤਾਨ ਜਾਣ ਤੋਂ ਪਹਿਲਾਂ ਉਹ ਸ਼ੌਕਤ ਦੇ ਨਾਨਕੇ ਪਿੰਡ #ਢੰਡਵਾੜ ਨੇੜ੍ਹੇ ਦੋਸਾਂਝ ਕਲਾਂ ਜਿਲ੍ਹਾ ਜਲੰਧਰ ਵਿਖੇ ਇਕੱਠੇ ਹੋਏ ਤਾਂ ਸ਼ੌਕਤ ਦੇ ਅਜੇ ਇਕ ਸਾਲ ਦਾ ਹੀ ਹੋਣ ਕਰਕੇ ਅਤੇ ਸ਼ੌਕਤ ਦੀ ਵੱਡੀ ਭੈਣ ਬੀਬੀ ਕਮਲਾ ਜੋ ਸ਼ੌਕਤ ਤੋਂ 4 ਸਾਲ ਵੱਡੀ ਸੀ ਦੋਵਾਂ ਨੂੰ ਢੰਡਵਾੜ ਪਿੰਡ ਵਿਖੇ ਹੀ ਸ਼ੌਕਤ ਦੀ ਮਾਸੀ # ਬੀਬੀ ਕਰਮੀ ਅਤੇ ਮਾਸੜ # ਸਰਦਾਰ ਮੁਹੰਮਦ ਕੋਲ ਛੱਡ ਖ਼ੁਦ ਪਾਕਿਸਤਾਨ ਦੇ ਇਲਾਹਾਬਾਦ ਦੇ ਪਿੰਡ # ਪਾਵਾਲਾਣੀ ਵਿਖੇ ਚਲੇ ਗਏ ਜਿੱਥੇ ਪਹਿਲਾਂ ਹੀ ਉਨ੍ਹਾਂ ਦੇ ਪਰਿਵਾਰ ਦੇ ਕਈ ਜੀਅ ਰਹਿੰਦੇ ਸਨ।

ਸਰਕਾਰੀ ਹਾਈ ਸਕੂਲ ਸਰਹਾਲ ਕਾਜੀਆਂ ਵਿਖੇ 9 ਵੀਂ ਜਮਾਤ ਵਿੱਚ ਪੜ੍ਹਦੇ ਹੀ ਸ਼ੌਕਤ ਨੂੰ ਲਿਖਣ ਦਾ ਸ਼ੌਂਕ ਪੈ ਗਿਆ ਸੀ। ਪਹਿਲਾਂ ਪਹਿਲ ਗੀਤ ਕਵਿਤਾਵਾਂ ਲਿਖਦਾ ਰਿਹਾ ਪਰ ਹੌ਼ਲੀ ਹੌ਼ਲੀ ਗ਼ਜ਼ਲ ਪਾਸੇ ਆ ਗਿਆ ਤੇ ਜਿਆਦਾ ਸੰਤੁਸ਼ਟੀ ਗ਼ਜ਼ਲ ਲਿਖ ਕੇ ਹੀ ਹੋਈ।

ਪਹਿਲਾਂ ਪਹਿਲ ਸ਼ੌਕਤ ਜਨਮ ਪਿੰਡ ਵਜੋਂ ਸ਼ੌਕਤ ਬੁੰਡਾਲਵੀ ਵੀ ਲਿਖਦਾ ਰਿਹਾ ਪਰ ਫੇਰ ਗ਼ਜ਼ਲਕਾਰੀ ਵਿੱਚ ਸਥਾਪਿਤ ਹੋਣ ਕਰ ਕੇ ਪੱਕੇ ਤੌਰ 'ਤੇ ਸ਼ੌਕਤ ਢੰਡਵਾੜਵੀ ਲਿਖਣ ਲੱਗ ਪਿਆ। ਉਹ ਜਾਣਦਾ ਹੈ ਕਿ ਬਦਲਾਅ ਕੁਦਰਤ ਦਾ ਨਿਯਮ ਹੈ ਤੇ ਕੁਝ ਵੀ ਸਥਾਈ ਨਹੀਂ ਹੈ। ਹਰ ਬਣੀ ਹੋਈ ਚੀਜ਼ ਨੇ ਇਕ ਦਿਨ ਆਪਣੀ ਹੋਂਦ ਗੁਆ ਲੈਣੀ ਹੁੰਦੀ ਹੈ। ਇਸੇ ਲਈ ਉਹ ਆਪਣੀ ਗ਼ਜ਼ਲਕਾਰੀ ਵਿੱਚ ਮਨੁੱਖ ਨੂੰ ਤਬਦੀਲੀ ਦਾ ਵੱਡਾ ਸੁਨੇਹਾ ਦਿੰਦਾ ਹੈ ਅਤੇ ਸਮੇਂ-ਸਮੇਂ ਤੇ ਆਪਣੀ ਸੋਚ ਨੂੰ ਮੌਕੇ ਦੇ ਹਿਸਾਬ ਨਾ਼ਲ ਬਦਲਣ ਲਈ ਕਹਿੰਦਾ ਹੈ।

ਅਲਗ-ਅਲਗ ਸਕੂਲਾਂ ਤੋਂ ਉੱਚ ਵਿਦਿਆ ਪ੍ਰਾਪਤ ਕਰਨ ਵਾ਼ਲੇ ਸ਼ੌਕਤ ਨੇ ਸਰਕਾਰੀ ਨੌਕਰੀ ਲਈ ਕਈ ਜਗ੍ਹਾ ਅਰਜੀਆਂ ਦਿੱਤੀਆਂ ਪਰ ਕੋਈ ਪਹੁੰਚ ਨਾ ਹੋਣ ਕਾਰਨ ਅਸਫ਼ਲ ਹੀ ਰਿਹਾ।ਘਰ ਚਲਾਉਣ ਲਈ ਰੋਜ਼ੀ-ਰੋਟੀ ਦੇ ਜੁਗਾੜ ਲਈ ਉਸ ਨੇ ਕਿਤਾਬਾਂ ਦੀ ਵੱਡੀ ਕੰਪਨੀ ਐਮ.ਬੀ.ਡੀ. ਦੇ ਦਫ਼ਤਰ ਵਿੱਚ ਮੈਨੇਜਰ ਵਜੋਂ ਦਿੱਲੀ ਵਿਖੇ ਨੌਕਰੀ ਵੀ ਕੀਤੀ। ਪਰ ਪੱਕੀ ਸਰਕਾਰੀ ਨੌਕਰੀ ਨਾ ਮਿਲਣ ਦਾ ਝੋਰਾ ਉਸ ਨੂੰ ਆਖ਼ਰੀ ਸਾਹ ਤੀਕ ਰਿਹਾ ਤੇ ਇਸੇ ਲਈ ਉਹ ਆਪਣੀਆਂ ਗ਼ਜ਼ਲਾਂ ਵਿਚ ਭ੍ਰਿਸ਼ਟ ਤੰਤਰ 'ਤੇ ਤਿੱਖੀ ਚੋਟ ਕਰਦਾ ਰਿਹਾ।

ਉਹਦਾ ਅੰਦਰਲਾ ਵਾਤਾਵਰਨ ਪ੍ਰੇਮੀ ਹੋਣ ਕਰ ਕੇ ਉਹ ਗੰਦਲੇ ਹੋ ਰਹੇ ਪੌਣ ਪਾਣੀਆਂ ਪ੍ਰਤੀ ਚਿੰਤਿਤ ਸੀ ਅਤੇ ਹਵਾ ਪਾਣੀ ਨੂੰ ਸਾਫ਼ ਸੁਥਰਾ ਰੱਖਣ ਲਈ ਫ਼ਿਕਰਮੰਦ ਵੀ ਸੀ।

ਜ਼ਿੰਦਗੀ ਦੇ ਕਈ ਸਾਲ ਉਹ ਵੇ਼ਲੇ ਦੇ ਪ੍ਰਸਿੱਧ ਗਾਇਕ #ਮਕਬੂਲ ਦਾ ਫਗਵਾੜਾ ਵਿਖੇ ਦਫ਼ਤਰ ਸਾਂਭਦਾ ਰਿਹਾ। ਓਥੇ ਹੀ ਮੈਨੂੰ ਸ਼ੌਕਤ ਨਾ਼ਲ ਇੱਕ ਦੋ ਵਾਰ ਮਿਲਣ ਦਾ ਅਵਸਰ ਮੈਨੂੰ ਮਿ਼ਲਿਆ। ਉਹ ਜਿੱਥੇ ਉਮਦਾ ਸ਼ਾਇਰ ਸੀ ਓਥੇ ਹੀ ਸਾਊ ਤੇ ਮਿਲਣਸਾਰ ਸੁਭਾਅ। ਜੋ ਕਹਿਣਾ ਮੂੰਹ 'ਤੇ ਕਹਿਣਾ ਤੇ ਬੜੇ ਸਲੀਕੇ ਨਾ਼ਲ ਕਹਿਣਾ ਅਜੇਹਾ ਹੁਨਰ ਕੁਦਰਤ ਨੇ ਉਸ ਦੀ ਝੋ਼ਲੀ ਪਾਇਆ ਸੀ।

ਅਨੇਕ ਅਖ਼ਬਾਰਾਂ-ਪਰਚਿਆਂ ਵਿੱਚ ਉਸ ਦੀਆਂ ਰਚਨਾਵਾਂ ਛਪਦੀਆਂ ਰਹੀਆਂ। ਕਈ ਸਾਂਝੇ ਕਾਵਿ ਸੰਗ੍ਰਹਿ ਦੇ ਨਾ਼ਲ ਨਾ਼ਲ 1992 ਵਿੱਚ ਸ. ਕਰਤਾਰ ਸਿੰਘ ਅਰਸ਼ ਹੋਰਾਂ ਦੇ ਸਹਿਯੋਗ ਨਾ਼ਲ ਆਈ ਉਸ ਦੀ ਆਪਣੀ ਗ਼ਜ਼ਲ ਪੁਸਤਕ # ਦੁਆ ਸਲਾਮ ਬੜੀ ਚਰਚਿਤ ਰਹੀ ਸੀ।

ਬਹੁਤੇ ਕਵੀ/ਸ਼ਾਇਰ ਲਿਖਦੇ ਤਾਂ ਬਕਮਾਲ ਹੁੰਦੇ ਹਨ ਪਰ ਅਕਸਰ ਦੇਖੀਦਾ ਹੈ ਕਿ ਮੰਚ 'ਤੇ ਆਪਣੀ ਸ਼ਾਇਰੀ ਪੇਸ਼ ਕਰਦਿਆਂ ਉਹ ਪ੍ਰਭਾਵਹੀਣ ਸਾਬਿਤ ਹੁੰਦੇ ਹਨ ਪਰ ਸ਼ੌਕਤ ਢੰਡਵਾੜਵੀ ਮੰਚ ਦਾ ਸ਼ਾਇਰ ਸੀ,ਸਟੇਜੀ ਕਵੀ ਸੀ, ਤੇ ਉਸ ਦੀ ਪੇਸ਼ਕਾਰੀ ਜ਼ਬਰਦਸਤ ਸੀ। # ਰਾਜ਼ੀ ਖ਼ੁਸ਼ੀ ਉਸ ਦੀ ਆਉਣ ਵਾ਼ਲੀ ਗ਼ਜ਼ਲ ਪੁਸਤਕ ਸੀ ਵੇਖਦੇ ਹਾਂ ਉਸ ਦੇ ਬੱਚਿਆਂ ਵਿੱਚੋਂ ਕੋਈ ਉਸ ਦਾ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਕਦ ਕਰਵਾਉਂਦਾ ਹੈ। ਹਾਂ ਸੱਚ #ਬੀਬੀ ਸ਼ਰੀਫਾਂ ਨਾ਼ਲ ਹੋਈ ਸ਼ਾਦੀ ਤੋਂ ਉਸ ਦੇ ਚਾਰ ਬੱਚਿਆਂ ਬੇਟੀ ਬਲਕੀਸ਼ ਮਮਤਾ ਅਤੇ ਬੇਟਾ ਮੁਖਤਿਆਰ ਸ਼ੌਕਤ ਅਤੇ ਬੇਟਾ ਦਿਲਬਹਾਰ ਸ਼ੌਕਤ ਅਤੇ ਵਿਜੈ ਸ਼ੌਕਤ ਹਨ ਜਿਨ੍ਹਾਂ ਵਿਚੋਂ ਵਿਜੈ ਸ਼ੌਕਤ ਇਸ ਵੇਲੇ ਨਾਮਵਰ ਸੰਗੀਤਕਾਰ ਹੈ ਅਤੇ ਦਿਲਬਹਾਰ ਸ਼ੌਕਤ ਪ੍ਰੋਡਿਊਸਰ ਅਤੇ ਪ੍ਰਮੋਟਰ ਹੈ।

ਆਪਣੀ ਬੇਬਾਕੀ ਲਈ ਪ੍ਰਸਿੱਧ ਸ਼ਾਇਰ ਸ਼ੌਕਤ ਢੰਡਵਾੜਵੀ ਨੂੰ ਅਨੇਕ ਸਾਹਿਤਿਕ ਸੰਸਥਾਵਾਂ ਨੇ ਮਾਣ ਸਨਮਾਨ ਵੀ ਦਿੱਤੇ।

ਜਿਨ੍ਹਾਂ ਵਿੱਚ 1993 ਨੂੰ ਸ਼ਿਵ ਬਟਾਲਵੀ ਗ਼ਜ਼ਲ ਐਵਾਰਡ, 1994 ਵਿੱਚ ਨੰਦ ਲਾਲ ਨੂਰਪੁਰੀ ਐਵਾਰਡ, 1995 ਵਿੱਚ ਨਰਿੰਦਰ ਖੇਦੀ ਯਾਦਗਾਰੀ ਪੁਰਸਕਾਰ, 1996 ਵਿੱਚ ਮਾਣ ਪੰਜਾਬ ਦਾ ਐਵਾਰਡ ਅਤੇ 1997 ਵਿੱਚ ਸਟੇਟ ਐਵਾਰਡ, 1997 ਵਿੱਚ ਪਿੰਡ ਢੰਡਵਾੜ ਵਿਖੇ ਮੌਕੇ ਦੇ ਮੁੱਖ ਮੰਤਰੀ ਸ।ਪ੍ਰਕਾਸ਼ ਸਿੰਘ ਬਾਦਲ ਨੇ ਰੂਹ ਪੰਜਾਬ ਦੀ ਐਵਾਰਡ, 2001 ਵਿੱਚ ਧਰਤੀ ਪੰਜ ਦਰਿਆਵਾਂ ਦੀ ਪੁਰਸਕਾਰ, ਪੰਜਾਬ ਭਵਨ ਲੁਧਿਆਣਾ ਤੋਂ ਵਿਸ਼ੇਸ਼ ਸਨਮਾਨ 2002 ਵਿੱਚ ਅਤੇ 2003 ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਵਿਸ਼ੇਸ਼ ਸਨਮਾਨ ਅਤੇ ਜਨਮ ਭੂਮੀ ਪਿੰਡ ਬੁੰਡਾਲਾ ਮੰਜਕੀ ਤੋਂ 2003 ਵਿੱਚ ਵਿਸ਼ੇਸ਼ ਸਨਮਾਨ ਜਿਕਰਯੋਗ ਹਨ। ਪੰਜਾਬੀ ਦੇ ਬਹੁਤੇ ਗੀਤਕਾਰ ਸਿਰਫ਼ ਗੀਤ ਹੀ ਲਿਖਦੇ ਹਨ ਗ਼ਜ਼ਲ ਨਹੀਂ ਤੇ ਇਵੇਂ ਹੀ ਬਹੁਤੇ ਗ਼ਜ਼ਲਕਾਰ ਸਿਰਫ਼ ਗ਼ਜ਼ਲ ਹੀ ਕਹਿੰਦੇ ਨੇ ਗੀਤ ਨਹੀਂ ਲਿਖਦੇ ਪਰ ਸ਼ੌਕਤ ਨੇ ਕਈ ਗੀਤ ਲਿਖੇ ਜਿਨ੍ਹਾਂ ਨੂੰ ਅਲਗ ਅਲਗ ਨਵੇਂ ਪੁਰਾਣੇ ਗਾਇਕਾਂ ਨੇ ਗਾਇਆ ਵੀ ਤੇ ਕਈ ਗੀਤ ਵਿਸ਼ਵ ਪੱਧਰ ਤੇ ਮਕਬੂਲ ਹੋਏ।

ਦੁਰਗਾ ਰੰਗੀਲਾ ਦੀ ਆਵਾਜ਼ ਵਿੱਚ ਗ਼ਲ ਲੱਗ ਕੇ ਸਫ਼ੈਦਿਆਂ ਦੇ ਰੋ ਲਈਦਾ, ਮਨਜੀਤ ਪੱਪੂ ਦੀ ਆਵਾਜ਼ ਵਿੱਚ ਲਾਲ ਚੂੜੇ ਵਾਲੀਏ, ਪਾਲੀ ਦੇਤਵਾਲੀਆ ਦੀ ਆਵਾਜ਼ ਵਿੱਚ ਧੀਏ ਘਰ ਜਾ ਆਪਣੇ ਅਤੇ ਪੰਥ ਖਾਲਸਾ ਸਜਾਇਆ ਸੀ ਵਿਸਾਖੀ ਵਾਲੇ ਦਿਨ, ਮਕਬੂਲ ਦੀ ਆਵਾਜ਼ ਵਿੱਚ ਝਾਂਜਰਾਂ ਤੋਂ ਬਿਨਾਂ ਛਣਕਾਟਾ ਪਾਈ ਜਾਂਦੀ ਏ, ਮਨਮੀਤ ਮੇਵੀ ਦੀ ਆਵਾਜ਼ ਵਿੱਚ ਸਾਡੇ ਖੂਹ ਤੇ ਸ਼ਿਮਲਾ,ਮਦਨ ਮੱਦੀ ਦੀ ਆਵਾਜ਼ ਵਿੱਚ ਅਜੇ ਡੁੱਲ੍ਹਿਆਂ ਬੇਰਾਂ ਦਾ ਕੁਝ ਗਿਆ ਤੇ ਨਹੀਂ, ਨਰਿੰਦਰ ਮਾਵੀ ਦੀ ਆਵਾਜ਼ ਵਿੱਚ ਮਿੱਤਰਾਂ ਨੂੰ ਕੈਦ ਬੋਲ ਗਈ ਜੀਪ ਆ ਗਈ ਕਚਹਿਰੀਓਂ ਖਾਲੀ ਅਤੇ ਪ੍ਰਸਿੱਧ ਗਾਇਕਾ ਮਨਪ੍ਰੀਤ ਅਖ਼ਤਰ ਦੀ ਆਵਾਜ਼ ਵਿੱਚ ਹਿੰਦੀ ਗੀਤ ਮੁਝੇ ਦਿਲ ਮੇਂ ਤੂ ਰਖ ਲੇ ਛੁਪਾ ਕੇ ਦੁਨੀਆ ਸੇ ਡਰ ਲਗਤਾ ਵੀ ਚਰਚਿਤ ਰਿਹਾ। ਇਨ੍ਹਾਂ ਤੋਂ ਇਲਾਵਾ ਆਰ ਕੇ ਮਹਿੰਦੀ, ਐਸ ਗੁਰਦੀਪ ਤੇ ਕਈ ਹੋਰ ਗਾਇਕਾਂ ਨੇ ਵੀ ਸ਼ੌਕਤ ਢੰਡਵਾੜਵੀ ਦੇ ਲਿਖੇ ਗੀਤ ਗਾਏ।

ਸ਼ੌਕਤ ਢੰਡਵਾੜਵੀ ਜਨਮ ਦੇਣ ਵਾਲੇ ਮਾਤਾ ਪਿਤਾ ਨੂੰ ਮਿਲਣ ਦੋ ਵਾਰ ਪਾਕਿਸਤਾਨ ਵੀ ਗਿਆ ਪਰ ਉਹ ਆਪਣੇ ਪਾਲਣਹਾਰ ਮਾਸੀ ਮਾਸੜ ਨੂੰ ਹੀ ਆਪਣਾ ਅਸਲ ਮਾਤਾ ਪਿਤਾ ਮੰਨਦਾ ਸੀ।

ਆਖੀਰ ਗੀਤਾਂ ਦਾ ਵਣਜਾਰਾ ਗ਼ਜ਼ਲਾਂ ਦਾ ਬਾਦਸ਼ਾਹ ਸਿਰਮੌਰ ਸ਼ਾਇਰ 17 ਮਾਰਚ 2003 ਨੂੰ ਕਿਸੇ ਹੋਰ ਦੁਨੀਆਂ 'ਚ ਜਾ ਵੱਸਿਆ ਪਰ ਉਹ ਆਪਣੀ ਲੋਕ ਹਿਤੂ ਸ਼ਾਇਰੀ ਰਾਹੀਂ ਅੱਜ ਵੀ ਲੋਕ ਮਨਾਂ ਵਿਚ ਜਿੰਦਾ ਹੈ ਤੇ ਹਮੇਸ਼ਾਂ ਰਹੇਗਾ ਵੀ। ਸ਼ਾਇਰਾਂ ਦੀ ਦੁਨੀਆਂ ਦੇ ਪਾਠਕਾਂ ਲਈ ਮਰਹੂਮ ਸ਼ੌਕਤ ਢੰਡਵਾੜਵੀ ਦੀਆਂ ਦੋ ਗ਼ਜ਼ਲਾਂ ਸਾਂਝੀਆਂ ਕਰ ਰਿਹਾ ਹਾਂ।

**ਗ਼ਜ਼ਲ 1**

ਕਿਸ ਸਾਦਗੀ ਨਾ' ਦੇਖੋ ਮੈਨੂੰ ਉਹ ਛਲ ਰਹੇ ਨੇ।
ਕਿਤੇ ਹੋਰ ਜਾ ਰਹੇ ਨੇ ਮੇਰੇ ਨਾਲ ਚੱਲ ਰਹੇ ਨੇ ।

ਸ਼ਾਇਦ ਸਜ਼ਾ ਕੋਈ ਬਾਕੀ ਹੋਰ ਰਹਿ ਗਈ ਏ,
ਹੁਣ ਫੇਰ ਦੋਸਤੀ ਦਾ ਪੈਗ਼ਾਮ ਘੱਲ ਰਹੇ ਨੇ ।

ਆਖੋ ਮੁਸਾਫ਼ਿਰਾਂ ਨੂੰ ਹੁਣ ਹੌਸਲਾ ਨਾ ਹਾਰਨ,
ਥੋੜ੍ਹੀ ਹੀ ਦੇਰ ਧੁੱਪ ਹੈ ਪਰਛਾਵੇਂ ਢਲ ਰਹੇ ਨੇ ।

ਆਜੀਬ ਦਿਲ-ਕਸ਼ੀ ਹੈ ਅੱਜ-ਕੱਲ੍ਹ ਮਹੌਲ ਅੰਦਰ,
ਨੇਰ੍ਹੀ ਵੀ ਚੱਲ ਰਹੀ ਹੈ, ਦੀਵੇ ਵੀ ਬਲ ਰਹੇ ਨੇ।

ਸੁੱਖ ਸਾਂਦ ਇੱਕ ਦੂਏ ਦੀ ਪੁੱਛਦੇ ਹਾਂ ਇਸ ਤਰ੍ਹਾਂ ਹੁਣ,
ਹਾਲਾਤ ਕਿਸ ਤਰ੍ਹਾਂ ਤੇਰੇ ਸ਼ਹਿਰ ਚੱਲ ਰਹੇ ਨੇ ।

ਮੇਰੀ ਕਾਮਯਾਬੀ ਉੱਤੇ ਜੋ ਦੇ ਰਹੇ ਮੁਬਾਰਕ,
ਬਾਹਰੋਂ ਤਾਂ ਖੁਸ਼ ਬੜੇ ਨੇ ਅੰਦਰੋਂ ਹੀ ਜਲ ਰਹੇ ਨੇ।

**ਗ਼ਜ਼ਲ 2**

ਗ਼ਮ ਦੀ ਡੂੰਘੀ ਖਾਈ ਮੇਰੇ ਕਮਰੇ ਵਿੱਚ।
ਤਨਹਾਈ ਤਨਹਾਈ ਮੇਰੇ ਕਮਰੇ ਵਿੱਚ।

ਮੇਰੇ ਮਰਨੇ ਮਗਰੋਂ ਵੀ ਨਾ ਆਉਣ ਦਿਓ,
ਪੰਡਿਤ, ਮੁਲਾਂ, ਭਾਈ ਮੇਰੇ ਕਮਰੇ ਵਿੱਚ।

ਚਾਹ ਵਾਲੇ ਦੀ ਕੱਪੀ, ਕੇਤਲੀ ਤੇ ਕੁਰਸੀ,
ਹਰ ਇਕ ਚੀਜ਼ ਪਰਾਈ ਮੇਰੇ ਕਮਰੇ ਵਿੱਚ।

ਬੀਵੀ ਤੇ ਬੱਚਿਆਂ ਦੀ ਚਿੱਟੀ ਵਰਦੀ ਤੋਂ,
ਹੁੰਦੀ ਰੋਜ਼ ਲੜਾਈ ਮੇਰੇ ਕਮਰੇ ਵਿੱਚ।

ਔਹ ਸ਼ਾਇਰਾਂ ਦੀ ਟੋਲੀ ਵੀ ਆਉਂਦੀ ਏ,ਅੱਜ
ਹੋਰ ਮੁਸੀਬਤ ਆਈ ਮੇਰੇ ਕਮਰੇ ਵਿੱਚ।

ਏਕਮ ਦਾ ਚੰਨ ਚੜ੍ਹਿਆ ਲੋ ਹੀ ਲੋ ਹੋਈ,
ਯਾਦ ਪ੍ਰਾਹੁਣੀ ਆਈ ਮੇਰੇ ਕਮਰੇ ਵਿੱਚ।

ਸੁਬਹ ਸਵੇਰੇ ਸੱਚ ਸ਼ਰਮਿੰਦਾ ਹੋ ਜਾਂਦਾ,
ਜਦ ਕੋਈ ਕਰੇ ਸਫ਼ਾਈ ਮੇਰੇ ਕਮਰੇ ਵਿੱਚ।

**ਪੇਸ਼ਕਰਤਾ : ਰੇਸ਼ਮ ਕਰਨਾਣਵੀ**

# ਪਲਾਸਟਿਕ ਕੂੜੇ ਨੂੰ ਦੂਰ ਭਜਾਓ, ਵਾਤਾਵਰਨ ਨੂੰ ਸ਼ੁੱਧ ਬਣਾਓ



**ਪ੍ਰਮੋਦ ਧੀਰ, ਜੈਤੋ**
**91-98550-31081**

3 ਜੁਲਾਈ 2024 ਨੂੰ ਸਭ ਨੇ ਅੰਤਰਰਾਸ਼ਟਰੀ ਪਲਾਸਟਿਕ ਬੈਗ ਮੁਕਤ ਦਿਵਸ ਮਨਾਇਆ ਹੈ। ਜਿਸ ਨੂੰ ਮਨਾਉਣ ਦਾ ਇਕੋ ਇੱਕ ਉਦੇਸ਼ ਹੈ ਕਿ ਦੇਸ਼ ਨੂੰ ਪਲਾਸਟਿਕ ਬੈਗ ਮੁਕਤ ਕਰਕੇ ਵਾਤਾਵਰਨ ਦੀ ਸਭ ਤੋਂ ਭਿਆਨਤ ਸਮੱਸਿਆ ਨੂੰ ਹੱਲ ਕਰਨਾ। ਪੌਲੀਥੀਨ ਜਾਂ ਪੌਲੀ (ਮੈਥੀਲੀਨ) ਰੋਜ਼ਾਨਾਂ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਪਲਾਸਟਿਕ ਹੈ। ਇੱਕ ਸਾਲ ਵਿੱਚ ਇਸ ਦੀ ਪੈਦਾਵਾਰ ਅੱਠ ਕਰੋੜ ਟਨ ਹੈ। ਇਸ ਦੀ ਵਰਤੋਂ ਹਰ ਇਕ ਇਨਸਾਨ ਕਰਦਾ ਹੈ। ਇਸ ਦੀ ਮੁੱਖ ਵਰਤੋਂ ਪੈਕਜਿੰਗ (ਪਲਾਸਟਿਕ ਦੇ ਥੈਲੇ, ਪਲਾਸਟਿਕ ਫ਼ਿਲਮਾ, ਜਿਉਮੈਮ ਬੂਨ, ਬੋਤਲ, ਲਫ਼ਾਫ਼ੇ ਤੇ ਹੋਰ ਚੀਜ਼ਾ) ਬਣਾਉਣ ਵਿੱਚ ਹੁੰਦੀ ਹੈ। ਅੱਜ-ਕੱਲ੍ਹ ਭੱਜ ਦੌੜ ਦੇ ਜੀਵਨ ਵਿੱਚ ਹਰ ਵਿਅਕਤੀ ਬਣਿਆ ਬਣਾਇਆ ਸਮਾਨ ਲੈਣਾ ਪਸੰਦ ਕਰਦੇ ਹਨ। ਭਾਵੇ ਉਹ ਖਾਣ-ਪੀਣ ਵਾਲਾ ਸਮਾਨ ਹੋਵੇ ਜਾਂ ਕੋਈ ਹੋਰ ਵਰਤੋਂ ਦਾ ਸਮਾਨ। ਤੁਹਾਨੂੰ ਹਰ ਥਾਂ ਪਲਾਸਟਿਕ ਵਿੱਚ ਪੈਕ ਸਮਾਨ ਮਿਲ ਜਾਵੇਗਾ। ਤਿੰਨ ਦਹਾਕੇ ਪਹਿਲਾ ਇਸ ਦੀ ਵਰਤੋਂ ਨਾ ਮਾਤਰ ਹੁੰਦੀ ਸੀ ਕਿਉਕਿ ਉਸ ਸਮੇਂ ਲੋਕ ਕੱਪੜੇ ਦੇ ਘਰੇ ਬਣਾਏ ਹੋਏ ਥੈਲੇ ਦੀ ਵਰਤੋਂ ਕਰਦੇ ਸਨ। ਉਹਨਾਂ 'ਚ ਹੀ ਸਬਜ਼ੀ ਤੇ ਘਰ ਆਦਿ ਦਾ ਰਾਸ਼ਨ ਲਿਆਂਦਾ ਜਾਂਦਾ ਸੀ ਅਤੇ ਲਿਕਊਡ ਸਮਾਨ ਲੋਹੇ ਦੇ ਡੱਬੇ ਜਾਂ ਕੱਚ ਦੀ ਬੋਤਲ ਵਿੱਚ ਮਿਲਦਾ ਸੀ। ਪਰ ਅੱਜ ਕੱਲ੍ਹ ਇਹਨਾਂ ਵਸਤੂਆਂ ਦੀ ਪੈਕਿੰਗ ਵਾਸਤੇ ਵੀ ਪਲਾਸਟਿਕ ਹੀ ਵਰਤੀ ਜਾਂਦੀ ਹੈ। ਉਸ ਸਮੇਂ ਲਫ਼ਾਫ਼ੇ ਵੀ ਅਖ਼ਬਾਰ ਦੇ ਹੁੰਦੇ ਸਨ। ਇਹਨਾਂ ਲਫ਼ਾਫਿਆ ਦਾ ਵਰਤਮਾਨ ਤੇ ਕੋਈ ਮਾੜਾ ਅਸਰ ਨਹੀਂ ਹੁੰਦਾ ਸੀ। ਪਰ ਸਮੱਸਿਆ ਮੌਜੂਦਾ ਸਮੇਂ ਦੀ ਹੈ ਕਿ ਕੋਈ ਵੀ ਵਿਅਕਤੀ ਵਾਤਾਵਰਨ ਪ੍ਰਤੀ ਆਪਣੀ ਜ਼ਿਮੇਵਾਰੀ ਨਹੀਂ ਸਮਝਦਾ ਕਿਉਕਿ ਲੋਕ ਘਰੋਂ ਖਾਲੀ ਹੱਥ ਸਮਾਨ ਲੈਣ ਜਾਂਦੇ ਹਨ ਕਿਉਕਿ ਉਸਨੂੰ ਪਾਲੀਥੀਨ ਦੇ ਲਫ਼ਾਫ਼ਿਆ ਵਿੱਚ ਸਮਾਨ ਮਿਲ ਜਾਂਦਾ ਹੈ। ਸਮਾਨ ਖ਼ਾਲੀ ਕਰਕੇ ਅਸੀ ਇਹ ਲਫ਼ਾਫ਼ੇ ਕੂੜੇ ਵਿੱਚ ਸੁੱਟ ਦਿੰਦੇ ਹਾਂ। ਇਹ ਪਤਾ ਹੁੰਦੇ ਹੋਏ ਵੀ ਕਿ ਇਹ ਗਲਣਸ਼ੀਲ ਨਹੀਂ ਹੈ। ਇਸਦਾ ਵਾਤਾਵਰਨ ਤੇ ਬਹੁਤ ਬੁਰਾ ਅਸਰ ਪੈਦਾ ਹੈ।

ਅੱਜ ਕੱਲ੍ਹ ਵਿਆਹ ਸ਼ਾਦੀਆ ਅਤੇ ਛੋਟੇ-ਮੋਟੇ ਪ੍ਰੋਗਰਾਮਾਂ ਵਿੱਚ ਵੀ ਇਸਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਡਿਸਪੋਜ਼ਲ ਭਾਂਡੇ ਜਿਵੇਂ ਪੀਣ ਵਾਲੇ ਪਾਣੀ ਦੇ ਗਿਲਾਸ, ਬੋਤਲਾਂ, ਕੌਲੀਆਂ, ਪਲੇਟਾ ਆਦਿ ਪਲਾਸਟਿਕ ਦੇ ਹੁੰਦੇ ਹਨ। ਇਹਨਾਂ ਨੂੰ ਵੀ ਵਰਤਨ ਤੋਂ ਬਾਅਦ ਕੂੜੇ ਵਿੱਚ ਸੁੱਟ ਦਿੱਤਾ ਜਾਦਾ ਹੈ। ਹੋਰ ਤਾਂ ਹੋਰ ਕਈ ਖਾਣ-ਪੀਣ ਵਾਲੀਆਂ ਵਸਤੂਆਂ ਪਲਾਸਟਿਕ ਪੈਕਿੰਗ ਕਾਰਨ ਸਮਾਂ ਪੈਣ ਤੇ ਆਪਣਾ ਅਸਰ ਖਤਮ ਕਰ ਦਿੰਦੀਆ ਹਨ ਤੇ ਮਨੱਖ ਉਸੇ ਤਰ੍ਹਾਂ ਹੀ ਬਿਨ੍ਹਾਂ ਲਾਭ, ਉਸ ਦਾ ਸੇਵਨ ਕਰ ਲੈਂਦਾ ਹੈ। ਜਿਸ ਕਾਰਨ ਲਾਭ ਹੋਣ ਦੀ ਬਜਾਏ ਸਰੀਰ ਦਾ ਨੁਕਸਾਨ ਹੁੰਦਾ ਹੈ ਤੇ ਭਿਆਨਕ ਬਿਮਾਰੀਆ ਜਨਮ ਲੈਂਦੀਆ ਹਨ। ਇਸ ਲਈ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕਈ ਮੈਡੀਕਲ ਕੰਪਨੀਆ ਵੱਲੋਂ ਵੀ ਪੌਲੀਥੀਨ ਵਿੱਚ ਪੈਕਿੰਗ ਤੇ ਰੋਕ ਹੈ। ਵਾਤਾਵਰਨ ਦੇ ਨਾਲ-ਨਾਲ ਪਸ਼ੂਆਂ, ਅਵਾਰਾ ਡੰਗਰਾਂ ਤੇ ਵੀ ਇਸ ਦਾ ਬੁਰਾ ਪ੍ਰਭਾਵ ਪੈਂਦਾ ਹੈ ਕਿਉਂਕਿ ਸੜਕ ਤੇ ਘੁੰਮ ਰਹੇ ਅਵਾਰਾ ਪਸ਼ੂ ਕੂੜੇ ਨਾਲ ਪਾਲੀਥੀਨ ਵੀ ਖਾ ਰਹੇ ਹਨ। ਇਕ ਰਿਪੋਰਟ ਮੁਤਾਬਿਕ ਉਤਰ ਪ੍ਰਦੇਸ਼ ਦੇ ਲਖਨਾਉ ਸਥਿਤ 'ਕਾਨਾ ਉਪਵਮ' ਚ ਹਰ ਰੋਜ਼ ਕਈ ਗਊਆਂ ਦਾ ਪੋਸਟ ਮਾਰਟਮ ਹੁੰਦਾ ਹੈ। ਕਈਆ ਦੇ ਢਿੱਡ ਵਿੱਚੋਂ ਕਾਫ਼ੀ ਵੱਡੀ ਮਾਤਰਾ ਵਿੱਚ ਪਾਲੀਥੀਨ ਨਿੱਕਲਿਆ ਹੈ। ਅਨੇਕਾਂ ਪਸ਼ੂ ਪਾਲੀਥੀਨ ਖਾਣ ਨਾਲ ਮਰ ਰਹੇ ਹਨ। ਵਾਤਾਵਰਨ ਰੱਖਿਆ ਕਾਨੂੰਨ ਸਾਲ 2003 ਮੁਤਾਬਿਕ ਪਾਲੀਥੀਨ ਤੇ ਰੋਕ ਲੱਗੀ ਹੈ। ਕੇਂਦਰ ਸਰਕਾਰ ਨੇ ਵਾਤਾਵਰਨ ਪ੍ਰਤੀ ਸੋਚਦੇ ਹੋਏ ਪਹਿਲ ਕਰਦਿਆ ਕਿਸੇ ਵੀ ਸਰਕਾਰੀ ਪ੍ਰੋਗਰਾਮ 'ਚ ਬੋਤਲ ਬੰਦ ਪਾਣੀ ਤੇ ਮੁਕੰਮਲ ਤੌਰ ਤੇ ਰੋਕ ਲਗਾ ਦਿੱਤੀ ਹੈ ਕਿਉਕਿ ਇਸ ਬੋਤਲ ਬੰਦ ਪਾਣੀ ਦੀ ਵਰਤੋਂ ਨਾਲ ਵੱਡੀ ਮਾਤਰਾ ਵਿੱਚ ਪਲਾਸਟਿਕ ਦਾ ਕੂੜਾ ਨਿੱਕਲਦਾ ਹੈ ਜੋ ਵਾਤਾਵਰਨ ਲਈ ਬਹੁਤ ਨੁਕਸਾਨਦਾਇਕ ਹੈ। ਇਹਨਾਂ ਸਮੱਸਿਆਵਾਂ ਨੂੰ ਦੇਖਦੇ ਹੋਏ ਸਾਨੂੰ ਸ਼ੱਧ ਵਾਤਾਵਰਨ ਬਣਾਉਣ ਪ੍ਰਤਿ ਯੋਗਦਾਨ ਪਾਉਣਾ ਚਾਹੀਦਾ ਹੈ। ਪਲਾਸਟਿਕ ਦੀ ਬਜਾਏ ਕੱਪੜੇ ਦੇ ਥੈਲੇ ਦੀ ਵਰਤੋ , ਪਾਲੀਥੀਨ ਦੀ ਥਾਂ ਤੇ ਅਖ਼ਬਾਰ ਦੇ ਲਫ਼ਾਫ਼ੇ ਤੇ ਬੋਤਲ ਬੰਦ ਦੀ ਥਾਂ ਧਾਤੂ ਦੇ ਗਿਲਾਸ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਅਸੀਂ ਹੁਣ ਵੀ ਨਾ ਜਾਗੇ ਤਾਂ ਪਾਲੀਥੀਨ ਕਾਰਨ ਵੱਧ ਰਹੇ ਨਾ ਦਿਸਣ ਵਾਲੇ ਪ੍ਰਦੂਸ਼ਨ ਦੀ ਸਮੱਸਿਆ ਨੂੰ ਰੋਕਣਾ ਮੁਸ਼ਕਲ ਹੋ ਜਾਏਗਾ ਤੇ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਨੇਕਾਂ ਨਵੀਆਂ ਬਿਮਾਰੀਆਂ ਪੈਦਾ ਹੋ ਜਾਣਗੀਆਂ। ਇਸ ਲਈ ਸਮਾਜ ਨੂੰ ਵੀ ਵਾਤਾਵਰਨ ਪ੍ਰਤੀ ਸਿਖਲਾਈ ਦੇਣ ਦੀ ਲੋੜ ਹੈ ਤਾਂ ਜੋ ਇਹਨਾਂ ਨੂੰ ਵਾਤਾਵਰਨ ਤੇ ਹੁੰਦੇ ਮਾਰੂ ਅਸਰ ਤੇ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਪਤਾ ਲੱਗ ਸਕੇ। ਆਉ ਅਸੀਂ ਸਾਰੇ ਰਲ ਕੇ ਸ਼ੁੱਧ ਵਾਤਾਵਰਨ ਤੇ ਪ੍ਰਦੂਸ਼ਨ ਰਹਿਤ ਸਮਾਜ ਦੀ ਸਿਰਜਨਾ ਕਰੀਏ। ਪਲਾਸਟਿਕ ਦੇ ਲਿਫਾਫੇ ਵਾਤਾਵਰਨ ਤੇ ਬਹੁਤ ਮਾੜਾ ਅਸਰ ਪਾਉਂਦੇ ਹਨ ਜੋ ਕਿ ਵੀ ਹਾਲਤ ਵਿੱਚ ਗਲਦੇ ਨਹੀਂ ਜੇਕਰ ਸੀਵਰੇਜ ਵਿੱਚ ਫਸ ਜਾਣ ਤਾਂ ਸਵੀਰੇਜ ਬੰਦ ਹੋ ਜਾਂਦਾ ਹੈ,ਨਾਲੀਆਂ ਦਾ ਪਾਣੀ ਅੱਗੇ ਤੁਰਨਾ ਰੁਕ ਜਾਂਦਾ ਹੈ ਜਿਸ ਨਾਲ ਸਮੁੱਚੇ ਸਮਾਜ ਦੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਸੋ ਸਰਕਾਰ ਨੂੰ ਪੂਰੇ ਦੇਸ਼ ਵਿੱਚ ਪਲਾਸਟਿਕ ਦੇ ਲਿਫਾਫਿਆਂ ਤੇ ਸਖਤੀ ਨਾਲ ਮੁਕੰਮਲ ਰੋਕ ਲਗਾਉਣੀ ਚਾਹੀਦੀ ਹੈ।

# ਸਤਿਗੁਰੂ ਰਵਿਦਾਸ ਬਾਣੀ ਵਿਚਾਰ




ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223


ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ-ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਆਪ ਜੀ ਦੀਆਂ ਸਮਕਾਲੀਨ ਪ੍ਰਸਥਿਤੀਆਂ ਏਨੀਆਂ ਵਿਕਟ ਤੇ ਮਾਨਵਤਾ ਵਿਰੋਧੀ ਸਨ ਕਿ ਸਮੁੱਚੇ ਦੇਸ਼ ਵਿਚ ਛੂਤ-ਛਾਤ, ਜਾਤ-ਪਾਤ, ਉਚ-ਨੀਚ ਅਤੇ ਆਡੰਬਰ ਪੂਰਨ ਕਰਮ-ਕਾਂਡ ਪ੍ਰਧਾਨ ਸਨ। ਧਰਮ ਅਭਿਮਾਨੀ ਮਨੁੱਖਤਾ ਨੂੰ ਪੈਰਾਂ ਹੇਠ ਰੋਲ ਰਹੇ ਸਨ, ਵੈਰ, ਵਿਰੋਧ, ਨਫ਼ਰਤ, ਸਾੜਾ, ਕੀਨਾ, ਈਰਖਾ ਆਦਿ ਮਾਨਵਤਾ ਦਾ ਲਹੂ ਚਿੱਟਾ ਕਰ ਰਹੇ ਸਨ। ਅਜਿਹੇ ਸੰਕਟ-ਗ੍ਰਸਤ ਸਮੇਂ ਵਿਚ ਦੁਖੀ, ਪੀੜਤ, ਲਤਾੜੇ ਤੇ ਸਤਾਏ ਹੋਏ ਜਨ-ਸਾਧਾਰਨ ਨੂੰ ਗੁਰੂ ਰਵਿਦਾਸ ਨੇ ਆਪਣੀ ਅੰਮ੍ਰਿਤ-ਬਾਣੀ ਦੁਆਰਾ ਇਕ ਨਵੀਂ ਜ਼ਿੰਦਗੀ ਬਖਸ਼ੀ, ਧਾਰਮਿਕ ਤੇ ਸਮਾਜਿਕ ਸੇਧ ਦਿੱਤੀ ਅਤੇ ਭਾਰਤ ਨੂੰ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗਣ ਤੋਂ ਬਚਾਇਆ।

ਸਤਿਗੁਰੂ ਰਵਿਦਾਸ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ।

ਗੁਰੂ ਜੀ ਸੱਚੇ ਕਰਮਯੋਗੀ, ਮਾਨਵਤਾਵਾਦੀ, ਨਿਰਵੈਰ ਤੇ ਨਿਰਵਿਰੋਧ ਸ਼ਖਸੀਅਤ, ਚੰਗੇ ਗ੍ਰਹਿਸਥੀ, ਸਹਿਣਸ਼ੀਲ, ਦਿਆਲੂ, ਪਰਉਪਕਾਰੀ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਅਮਲ ਪਸੰਦ, ਕਥਨੀ-ਕਰਨੀ ਵਿਚ ਸਮਾਨਤਾ ਰੱਖਣ ਵਾਲੇ, ਮਿੱਠ-ਬੋਲੜੇ, ਨਿਰਭੈ, ਤਰਕਸ਼ੀਲ, ਚੰਗੇ ਸ਼ਹਿਰੀ ਅਤੇ ਮਹਾਨ ਸੰਤ ਸਨ। ਉਨ੍ਹਾਂ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਨ੍ਹਾਂ ਦੇ ਸ਼ਿਸ਼ ਬਣੇ।

ਸੱਤ ਸਾਲ ਦੀ ਉਮਰ ਵਿਚ ਆਪ ਨੇ ਧਾਗੇ ਦਾ ਜਨੇਊ ਗਲ਼ ਵਿਚ ਪਾ ਲਿਆ, ਜੁੱਤੀਆਂ ਗੰਢਣ ਵਾਲੀ ਪੱਥਰੀ ਨੂੰ ਠਾਕੁਰ ਬਣਾ ਲਿਆ, ਧੇਲੇ ਦਾ ਰੰਗ ਲੈ ਕੇ ਮੱਥੇ ਤੇ ਮਲ਼ ਲਿਆ ਅਤੇ ਪ੍ਰੋਹਿਤਾਂ ਵਾਲਾ ਰੂਪ ਧਾਰ ਕੇ ਪੁਰਾਤਨ ਧਰਮ ਦੇ ਗੜ੍ਹ ਕਾਸ਼ੀ ਵਿਚ ਸੰਖ ਵਜਾ ਦਿੱਤਾ। ਇਨਕਲਾਬੀ ਰਹਿਬਰ ਵੱਲੋਂ ਪੰਡਤਾਂ ਵਾਲਾ ਪਹਿਰਾਵਾ ਧਾਰਨ ਕਰਨਾ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਲੋਕਾਂ ਉਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਕਰਮਕਾਂਡੀ ਧਰਮ ਦੇ ਝੂਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ। ਪੰਡਤਾਂ ਵੱਲੋਂ ਵਿਰੋਧ ਕਰਨ ਤੇ ਉਨ੍ਹਾਂ ਨੇ ਬੁਲੰਦ ਆਵਾਜ਼ ਵਿਚ ਕਿਹਾ:

**ਆਪਨ ਬਾਪੈ ਨਾਹੀ ਕਿਸੀ ਕੋ**
**ਭਾਵਨ ਕੋ ਹਰਿ ਰਾਜਾ।**

**ਅਰਥਾਤ:** ਪਰਮਾਤਮਾ ਕਿਸੇ ਦੇ ਬਾਪ ਦਾ ਨਹੀਂ, ਕਿਸੇ ਦੇ ਪਿਉ ਦੀ ਜਾਗੀਰ ਨਹੀਂ, ਉਸ ਵਿਚ ਨਿਸਚਾ ਅਤੇ ਪ੍ਰੇਮ-ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸਦੀ ਪੂਜਾ ਭਗਤੀ ਕਰ ਸਕਦਾ ਹੈ। ਧਰਮ ਵਿਚ ਪ੍ਰਚੱਲਿਤ ਆਰਤੀ ਨੂੰ ਆਪਨੇ 'ਝੂਠੇ ਸਗਲ ਪਸਾਰੇ' ਕਹਿ ਕੇ ਕੇਵਲ ਇਕ ਦਿਖਾਵਾ ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ-ਫੁੱਲ ਅਤੇ ਦੁੱਧ ਆਦਿ ਨਾਲ ਪੱਥਰਾਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲਗਾਉਣ ਦੇ ਤਰੀਕੇ ਨੂੰ ਆਪ ਨੇ ਪ੍ਰੋਹਿਤਵਾਦੀ ਪਾਖੰਡ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰਾਂ ਨੂੰ ਭੋਗ ਲੁਆਉਣ ਲਈ ਭੇਂਟ ਕੀਤਾ ਦੁੱਧ, ਜਲ ਅਤੇ ਫੁੱਲ ਤਾਂ ਪਹਿਲਾਂ ਹੀ ਕ੍ਰਮਵਾਰ ਗਾਂ ਦੇ ਵੱਛੇ, ਮਛਲੀ ਅਤੇ ਭੌਰੇ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਆਪ ਦਾ ਫੁਰਮਾਨ ਹੈ:

**ਦੂਧੁ ਤ ਬਛਰੈ ਥਨਹੁ ਬਿਟਾਰਿਓ।।**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।**

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ ਅਤੇ ਪੀੜਤ ਵਰਗ ਦੇ ਲੋਕਾਂ ਨੂੰ ਸਮਾਜ ਦਾ ਨਵ-ਨਿਰਮਾਣ ਕਰਕੇ ਮਾਨਵਤਾ ਲਈ ਸਮਾਨਤਾ, ਸੁਤੰਤਰਤਾ, ਮਨੁੱਖੀ ਭਾਈਚਾਰੇ ਵਿਚ ਏਕਤਾ, ਪਿਆਰ ਅਤੇ ਸਮਨਵੈ ਦੀ ਭਾਵਨਾ ਪੈਦਾ ਕਰਕੇ 'ਸਤਿਸੰਗਤ ਮਿਲ ਰਹੀਐ' ਵਾਲਾ ਇਕ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਉਨ੍ਹਾਂ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਆਪ ਦਾ ਕਥਨ ਹੈ:

(ੳ) **ਐਸਾ ਚਾਹੋਂ ਰਾਜ ਮੈਂ।**
**ਜਹਾਂ ਮਿਲੈ ਸਭਨ ਕੋ ਅੰਨ।।**
**ਛੋਟ ਬੜੇ ਸਭ ਸਮ ਬਸੈਂ।**
**ਰਵਿਦਾਸ ਰਹੈ ਪ੍ਰਸੰਨ।।**

(ਅ) **ਪਰਾਧੀਨਤਾ ਪਾਪ ਹੈ।**
**ਜਾਨ ਲੇਹੁ ਰੇ ਮੀਤ।।**
**ਰਵਿਦਾਸ ਦਾਸ ਪਰਾਧੀਨ ਸਿਉ।**
**ਕਉਨ ਕਰੈ ਹੈ ਪ੍ਰੀਤ।।**

ਆਪ ਮਾਨਵਤਾਵਾਦੀ ਸੰਤ ਸਨ। ਆਪ ਭਾਰਤੀ ਸਮਾਜ ਵਿਚ ਧਰਮ, ਜਾਤ ਅਤੇ ਮਜ਼ਹਬ ਦੇ ਨਾਂ ਤੇ ਪਈਆਂ ਵੰਡੀਆਂ ਨੂੰ ਦੂਰ ਕਰਕੇ ਅਜਿਹਾ ਸਮਾਜ ਸਥਾਪਿਤ ਕਰਨਾ ਚਾਹੁੰਦੇ ਸਨ ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸਾਂ, ਆਡੰਬਰਾਂ, ਕਰਮਕਾਂਡਾਂ ਅਤੇ ਵਿਤਕਰਿਆਂ ਦਾ ਬੋਲਬਾਲਾ ਨਾ ਹੋਵੇ। ਆਪ ਨੇ ਵੇਦਾਂ-ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਇਹ ਕਹਿ ਕੇ ਵੰਗਾਰਿਐ ਕਿ ਇਹ ਸ਼ੰਕਿਆਂ ਨਾਲ ਭਰੇ ਪਏ ਹਨ। ਆਪ ਦਾ ਸਪਸ਼ਟ ਫਰਮਾਨ ਹੈ:

(ੳ) **ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ।।**

(ਅ) **ਰਵਿਦਾਸ ਇਕ ਹੀ ਬੂੰਦ ਸੋ, ਸਭ ਹੀ ਭਯੋ ਵਿੱਥਾਰ।**
**ਮੂਰਖਿ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ।।**

ਗੁਰੂ ਜੀ ਵੱਲੋਂ ਵਰਣ-ਵਿਵਸਥਾ ਦੇ ਸਿਰਜਕਾਂ ਨੂੰ ਮੂਰਖਾਂ ਦੀ ਸੰਗਿਆ ਦੇਣਾ ਅਤੇ ''ਮਾਥੈ ਤਿਲਕ ਹਾਥ ਜਪਮਾਲਾ, ਜਗ ਠਗਨੇ ਨੂੰ ਸਵਾਂਗ ਬਣਾਇਆ'' ਕਹਿ ਕੇ ਇਸ ਵਿਵਸਥਾ ਨੂੰ ਵੰਗਾਰਨਾ ਇਕ ਵਿਦਰੋਹ ਹੀ ਤਾਂ ਸੀ। ਆਪ ਨੇ ਆਪਣੀ



ਬਾਣੀ ਵਿਚ ਮਨੁੱਖ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਤੇ ਗੁਲਾਮ ਬਣਾਈ ਰੱਖਣ ਵਾਲੇ ਇਨ੍ਹਾਂ ਅਖੌਤੀ ਧਰਮ-ਸ਼ਾਸਤਰਾਂ ਅਤੇ ਇਨ੍ਹਾਂ ਦੀ ਰਚਨਾ ਕਰਨ ਵਾਲਿਆਂ ਵਿਰੁੱਧ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ। ਆਪ ਨੇ ਅੰਧ-ਵਿਸ਼ਵਾਸਾਂ ਅਧੀਨ ਫੈਲਾਏ ਭਰਮ-ਜਾਲ, ਜਪ, ਤਪ, ਦਾਨ, ਤੀਰਥ-ਇਸ਼ਨਾਨ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਦਾ ਜ਼ੋਰਦਾਰ ਖੰਡਨ ਕੀਤਾ, ਆਪ ਦਾ ਕਥਨ ਹੈ:

(ੳ) **ਮਾਧਵੈ ਕਿਹਾ ਕਹੀਐ ਭ੍ਰਮ ਐਸਾ।**
**ਜੈਸਾ ਮਾਨੀਐ ਹੋਇ ਨ ਤੈਸਾ।**

(ਅ) **ਭਾਈ ਰੇ! ਭ੍ਰਮ ਭਗਤਿ ਸੂੰ ਜਾਨ।**
**ਜੌ ਲੌ ਨਹੀਂ ਸਾਂਚ ਸੂੰ ਪਹਿਚਾਣ।। ਟੇਕ।।**
**ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ।**
**ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।**

ਸਤਿਗੁਰੂ ਰਵਿਦਾਸ ਜੀ ਨੇ ਇਨ੍ਹਾਂ ਬਾਹਰਮੁਖੀ ਕਰਮਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ ਹੈ। ਦਰਅਸਲ ਧਰਮ-ਸ਼ਾਸਤਰਾਂ ਵੱਲੋਂ ਇਹ ਵਹਿਮ, ਭਰਮ ਅਤੇ ਅੰਧ-ਵਿਸ਼ਵਾਸ ਫੈਲਾ ਕੇ ਵਿਹਲੜ ਪੁਰੋਹਿਤਾਂ ਤੇ ਪੁਜਾਰੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ ਕਿ ''ਬ੍ਰਾਹਮਣ ਦਾ ਪੈਦਾ ਹੋਣਾ ਹੀ ਸਭ ਤੋਂ ਸ੍ਰੇਸ਼ਟ ਉਤਪੱਤੀ ਹੈ। ਉਹ ਸਭ ਜੀਵਾਂ ਦੇ ਧਰਮਾਂ ਦੀ ਰੱਖਿਆ ਕਰਨ ਵਿਚ ਸਮਰੱਥ ਹੈ।'' ''ਇਹ ਸੰਸਾਰ ਵਿਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਕਰਨ ਦਾ ਅਧਿਕਾਰੀ ਹੈ।''

ਵਾਸਤਵ ਵਿਚ ਯੂਰੇਸ਼ੀਆ ਤੋਂ ਆਏ ਆਰੀਅਨ ਵੱਲੋਂ ਸਿਮ੍ਰਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ 'ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਲਪਨਿਕ ਸਿਰਜਣਾ, ਅਠਾਰਹ ਤੀਰਥਾਂ ਦੀ ਯਾਤਰਾ, ਜਪ, ਤਪ, ਦਾਨ, ਇਸ਼ਨਾਨ, ਪੂਜਾ, ਅਰਚਨਾ, ਆਰਤੀ, ਸਰਾਧ ਅਥਵਾ ਪਿੱਤਰ ਪੂਜਾ, ਜਨੇਊ ਸੰਸਕਾਰ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਅਨੇਕ ਭਾਂਤ ਦੇ ਅਣਗਿਣਤ ਤਿਥ-ਤਿਉਹਾਰ, ਮੇਲੇ, ਜਾਤਾਂ, ਗੋਤਾਂ ਆਦਿ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਤਰ ਦਿਮਾਗ ਦੀਆਂ ਕਾਢਾਂ ਹਨ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ:

''ਬ੍ਰਾਹਮਣ ਜੋ ਕੁਝ ਦੂਜਿਆਂ ਦਾ ਖਾਂਦਾ ਹੈ, ਦੂਜਿਆਂ ਦਾ ਦਿੱਤਾ ਪਹਿਨਦਾ ਹੈ ਜਾਂ ਦੂਜੇ ਤੋਂ ਲੈ ਕੇ ਕਿਸੇ ਹੋਰ ਨੂੰ ਦਿੰਦਾ ਹੈ, ਉਹ ਸਭ ਕੁਝ ਉਸਦਾ ਆਪਣਾ ਹੀ ਹੈ, ਕਿਉਂਕਿ ਉਸਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਭ ਸੁੱਖ ਮਾਣਦੇ ਹਨ।''

ਦਰਅਸਲ ਪੁਰਾਤਨ ਸਮਿਆਂ ਅਤੇ ਵਰਤਮਾਨ ਵਿਚ ਸਿਰਜੇ ਗਏ ਅਠਾਰਹ ਤੀਰਥਾਂ ਸਮੇਤ ਲੱਖਾਂ ਧਰਮ ਅਸਥਾਨ ਅਜਿਹੇ ਕੇਂਦਰੀ ਬਿੰਦੂ ਹਨ, ਜਿੱਥੋਂ ਰੂੜ੍ਹੀਵਾਦੀਆਂ ਦਾ ਵਿਉਪਾਰ ਚੱਲਦਾ ਹੈ, ਜਿੱਥੋਂ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿੱਥੋਂ ਉਨ੍ਹਾਂ ਨੂੰ ਮਾਣ ਤੇ ਸਨਮਾਨ ਮਿਲਦਾ ਹੈ ਅਤੇ ਜਿੱਥੋਂ ਉਨ੍ਹਾਂ ਵੱਲੋਂ ਰਾਜਨੀਤੀ ਤੇ ਕਾਬਜ਼ ਹੋਣ ਅਤੇ ਜਨ-ਸਧਾਰਨ ਨੂੰ ਗੁਲਾਮ ਬਣਾਈ ਰੱਖਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਇਸ ਸੰਦਰਭ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਨਿਮਨ-ਲਿਖਤ ਵਿਚਾਰ ਵਾਚਣਯੋਗ ਹੈ:

''ਹਿੰਦੂ ਧਰਮ (ਜੋ ਪੁਰਾਣੇ ਬ੍ਰਾਹਮਣ ਧਰਮ ਦਾ ਹੀ ਇਕ ਨਵਾਂ ਨਾਮ ਹੈ) ਕੋਈ ਧਰਮ ਨਹੀਂ ਬਲਕਿ ਉਸ ਤਰ੍ਹਾਂ ਦੇ ਚਰਿੱਤਰ ਵਾਲੀ ਇਕ ਰਾਜਨੀਤਿਕ ਵਿਚਾਰਧਾਰਾ ਹੈ ਜੋ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਹੈ।''

ਗੁਰੂ ਜੀ ਨੇ 'ਰਵਿਦਾਸ ਉਪਿਜਇ ਸਭ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ'' ਕਹਿ ਕੇ ਵਰਣ-ਵਿਵਸਥਾ ਅਧੀਨ ਬ੍ਰਾਹਮਣ ਦੀ ਅਖੌਤੀ ਉਚ-ਪਦਵੀ ਨੂੰ ਚੁਣੌਤੀ ਦਿੱਤੀ ਹੈ। ਆਪ ਨੇ ਆਪਣੀ ਬਾਣੀ ਵਿਚ ਜਾਤ-ਪਾਤ ਅਤੇ ਉਚ-ਨੀਚ ਵਰਗੀ ਭਾਰਤੀ ਸਮਾਜ ਦੀ ਸਰੰਚਨਾ ਨੂੰ ਤਰਕਸ਼ੀਲ ਢੰਗ ਨਾਲ ਅਸਵੀਕਾਰ ਕੀਤਾ ਹੈ। ਆਪ ਦਾ ਕਥਨ ਹੈ ਕਿ ਜਦੋਂ ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਇਕੋ ਢੰਗ ਅਤੇ ਵਿਧੀ ਦੁਆਰਾ ਹੁੰਦੀ ਹੈ ਤਾਂ ਇਹ ਜਨਮ-ਜਾਤ ਅਤੇ ਬ੍ਰਾਹਮਣ ਤੇ ਚਮਾਰ ਦਾ ਮਸਲਾ ਕਿਵੇਂ ਪੈਦਾ ਹੋ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ:

**(ੳ) ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਯੋ ਸੰਸਾਰ।**
**ਉਚ ਨੀਚ ਕਿਹ ਬਿਧ ਭਯੇ, ਬਾਹਮਨ ਅਰੁ ਚਮਾਰ।।**
**(ਅ) ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ, ਓਛੈ ਕਰਮ ਕੌ ਕੀਚ।।**

ਸਿਮ੍ਰਿਤੀਆਂ ਅਤੇ ਸ਼ਾਸਤਰਾਂ ਵਿਚ ਸ਼ੂਦਰ ਦੀ ਸਥਿਤੀ ਨੂੰ ਜਾਨਵਰਾਂ ਤੋਂ ਵੀ ਭੈੜੀ ਅੰਕਿਤ ਕਰਦਿਆਂ ਉਸ ਪ੍ਰਤੀ ਬੇਹੱਦ ਘਟੀਆ ਸ਼ਬਦਾਵਲੀ ਵਰਤੀ ਗਈ ਹੈ। ਪਰ ਇਸ ਖੋਜ-ਪੱਤਰ ਦੀ ਲਿਖਣ ਸੀਮਾ ਅਤੇ ਵਿਸ਼ੇ ਨੂੰ ਧਿਆਨ ਵਿਚ ਰੱਖਦਿਆਂ ਇੱਥੇ ਵਿਸਤ੍ਰਿਤ ਚਰਚਾ ਕਰਨੀ ਮੁਨਾਸਬ ਨਹੀਂ ਹੈ। 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਸ੍ਰੀ ਤੁਲਸੀ ਦਾਸ ਨੇ ਮਨੂੰ ਸਿਮ੍ਰਤੀ ਦਾ ਅਨੁਸਰਣ ਕਰਦਿਆਂ ਔਗੁਣਾਂ ਨਾਲ ਭਰੇ ਹੋਏ ਅਗਿਆਨੀ ਵਿਪ੍ਰ ਅਥਵਾ ਬ੍ਰਾਹਮਣ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਜਨ-ਸਧਾਰਨ ਨੂੰ ਗਿਆਨਵਾਨ, ਵਿਦਵਾਨ ਅਤੇ ਸਰਬ ਗੁਣ ਸੰਪੰਨ ਸ਼ੂਦਰ ਦੀ ਪੂਜਾ ਕਰਨ ਦੀ ਮਨਾਹੀ ਕੀਤੀ ਹੈ। ਉਹ ਲਿਖਦੇ ਹਨ:

**ਪੂਜਿਅ ਬਿਪ੍ਰ ਸੀਲ ਗੁਨ ਹੀਨਾ।**
**ਸੂਦ੍ਰ ਨਾ ਗੁਨ ਗਨ ਗਿਆਨ ਪ੍ਰਵੀਨਾ।।**

ਸਾਰੀਆਂ ਸਿਮ੍ਰਤੀਆਂ ਅਤੇ ਅਖੌਤੀ ਧਰਮ ਸ਼ਾਸਤਰ ਅਜਿਹੇ ਆਦੇਸ਼ਾਂ ਨਾਲ ਭਰੇ ਪਏ ਹਨ। ਪਰ ਸਤਿਗੁਰੂ ਰਵਿਦਾਸ ਜੀ ਨੇ 'ਉਚੇ ਕੁਲ ਕੈ ਕਾਰਣੇ ਬ੍ਰਾਹਮਣ ਕੋਈ ਨਾ ਹੋਏ' ਕਹਿ ਕੇ ਆਪਣੀ ਬਾਣੀ ਵਿਚ ਕਥਿਤ ਧਰਮ ਸ਼ਾਸਤਰਾਂ ਦੇ ਅਜਿਹੇ ਆਦੇਸ਼ਾਂ ਨੂੰ ਨਕਾਰਿਆ ਹੈ। ਗੁਰੂ ਜੀ ਨੇ ਹਉਮੈ ਦੀ ਅੱਗ ਵਿਚ ਸੜ ਰਹੇ ਅਜਿਹੇ ਅਖੌਤੀ ਕੁਲੀਨ ਵਰਗ ਨਾਲ ਸਬੰਧਤ ਵੱਡੇ ਕਵੀਆਂ, ਪੰਡਤਾਂ, ਜੋਗੀਆਂ, ਸੰਨਿਆਸੀਆਂ ਅਤੇ ਆਪਣੇ ਆਪ ਨੂੰ ਗੁਣੀ, ਗਿਆਨੀ, ਸੂਰਬੀਰ ਦਾਤੇ ਕਹਿਣ ਵਾਲਿਆਂ ਨੂੰ ਬਉਰੇ ਅਥਵਾ ਕਮਲੇ ਤੇ ਪਾਗਲ ਆਖਦਿਆਂ ਗੁਣਾਂ ਨਾਲ ਪ੍ਰਬੀਨ ਚੰਡਾਲ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਅਤੇ ਹੰਕਾਰ-ਗ੍ਰਸਤ ਗੁਣਹੀਣ ਬ੍ਰਾਹਮਣ ਦਾ ਸਤਿਕਾਰ ਕਰਨ ਤੋਂ ਵੀ ਮਨਾ ਕੀਤਾ ਹੈ, ਆਪ ਦਾ ਸਪਸ਼ਟ ਫੁਰਮਾਨ ਹੈ:

**(ੳ) ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।।**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।।**
**ਕਹੁ ਰਵਿਦਾਸ ਸਭੈ ਨਹੀਂ ਸਮਝਸਿ ਭੂਲਿ ਪਰੇ ਜੈਸੇ ਬਉਰੇ।।**
**(ਅ) ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ।**
**ਪੂਜਹਿਂ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ।।**

ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਅਤੇ ਜਾਤ-ਵੰਡ ਦੀ ਅਸਮਾਜਿਕ ਰੁਚੀ ਤੋਂ ਇਲਾਵਾ ਇਸਤਰੀ ਵਰਗ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਅਨਪੜ੍ਹਤਾ, ਬਾਲ-ਵਿਆਹ, ਸਤੀ-ਪ੍ਰਥਾ, ਅਸੁਰੱਖਿਆ ਅਤੇ ਕਈ ਧਾਰਮਿਕ ਗ੍ਰੰਥਾਂ ਤੇ ਸਿਮ੍ਰਤੀਆਂ ਦੇ ਆਦੇਸ਼ਾਂ ਕਾਰਨ ਇਸਤਰੀ ਜਾਤੀ ਦੀ ਹਾਲਤ ਦੁੱਖ ਭਰੀ ਸੀ। ਧਰਮ ਸ਼ਾਸਤਰਾਂ ਅਨੁਸਾਰ 'ਇਸਤਰੀਆਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਨੂੰ ਅਕਲ ਘੱਟ ਹੁੰਦੀ ਹੈ' ਅਤੇ 'ਇਸਤਰੀਆਂ, ਸ਼ੂਦਰ, ਵੈਸ਼ ਤੇ ਚੰਡਾਲ ਸਭ ਪਾਪ ਯੋਨੀ ਤੋਂ ਪੈਦਾ ਹੋਏ ਹਨ' ਵਰਗੇ ਅਮਾਨਵੀ ਧਾਰਮਿਕ ਫਰਮਾਨਾਂ ਨੇ ਇਸਤਰੀ ਦੀ ਸਥਿਤੀ ਨੂੰ ਦੁਰਦਸ਼ਾ ਅਤੇ ਨਿਰਾਦਰੀ ਦੀ ਹੱਦ ਤੱਕ ਪਹੁੰਚਾ ਦਿੱਤਾ। 'ਅਮੀਰ ਹਿੰਦੂ ਸ਼ਰਾਬ ਵੀ ਪੀਂਦੇ ਸਨ, ਜੂਆ ਵੀ ਖੇਡਦੇ ਸਨ ਅਤੇ ਜੂਏ ਵਿਚ ਔਰਤਾਂ ਨੂੰ ਵੀ ਦਾਅ ਤੇ ਲਾਉਂਦੇ ਸਨ। ਇਸ ਸਮਾਜਿਕ ਤੇ ਸਦਾਚਾਰਕ ਕੁਰੀਤੀ, ਕੁਕਰਮ ਤੇ ਕੁਰਹਿਤ ਨੇ ਗ੍ਰਿਹਸਥ ਜੀਵਨ ਨੂੰ ਤਬਾਹ ਕਰਕੇ ਰੱਖ ਦਿੱਤਾ। ਗੁਰੂ ਰਵਿਦਾਸ ਬਾਣੀ ਵਿਚ ਆਚਰਣ ਦੀ ਸ਼ੁਧਤਾ ਉਪਰ ਬਹੁਤ ਬਲ ਦਿੱਤਾ ਗਿਆ ਹੈ। ਡਾ. ਸੀਤਾ ਰਾਮ ਬਾਹਰੀ ਲਿਖਦੇ ਹਨ:

ਸੰਤਾਂ ਨੇ ਮਦ, ਮਾਸ, ਜੂਆ, ਭ੍ਰਿਸ਼ਟਾਚਾਰ ਆਦਿਕ ਬੁਰਾਈਆਂ ਨੂੰ ਹਟਾ ਕੇ ਗ੍ਰਿਹਸਥ ਨੂੰ ਸ਼ੁੱਧ ਅਤੇ ਉੱਚਾ ਬਣਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਇਸਤਰੀਆਂ ਤੇ ਸ਼ੂਦਰਾਂ ਨੂੰ ਵੀ ਸਮਾਜਿਕ ਅਤੇ ਧਾਰਮਿਕ ਪੱਧਰ ਤੇ ਬਰਾਬਰੀ ਦੇ ਹੱਕ ਦਿੱਤੇ।

ਸਤਿਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਨੇ ਚਿਤੌੜ ਦੀ ਮਹਾਰਾਣੀ ਰਤਨ ਕੁੰਵਰਿ ਉਰਫ ਝਾਲੀ ਅਤੇ ਉਸਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਆਪ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ ਪ੍ਰਭੂ-ਭਗਤੀ ਤੋਂ ਵੀ ਵੱਧ ਪਵਿੱਤਰ ਸਮਝਦੇ ਸਨ।' ਕਰਮ ਹੀ ਪੂਜਾ ਹੈ' ਆਪ ਜੀ ਦੇ ਜੀਵਨ ਦਾ ਪ੍ਰਮੁੱਖ ਸਿਧਾਂਤ ਸੀ। ਆਪ ਨੇ ਜੀਵਨ ਵਿਚ 'ਜੋ ਵਿਚਾਰਿਆ, ਉਸਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਅਤੇ ਪ੍ਰਗਟਾਇਆ।'

ਆਪ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਡਾ. ਧਰਮਪਾਲ ਮੈਨੀ ਦਾ ਮੱਤ ਹੈ ਕਿ ਸੰਤ ਰਵਿਦਾਸ ਨੇ ਕਥਨੀ ਤੇ ਕਰਨੀ ਦੀ ਏਕਤਾ ਦੇ ਮਹੱਤਵ ਨੂੰ ਸਦਾ ਹੀ ਹਿੱਕ ਨਾਲ ਲਾ ਕੇ ਰੱਖਿਆ। ਦਰਅਸਲ ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਸਦੀਆਂ ਪਹਿਲਾਂ ਤਥਾਗਤ ਬੁੱਧ ਦੁਆਰਾ ਆਰੰਭੀ ਸ਼੍ਰਮਣ ਸੰਸਕ੍ਰਿਤੀ ਦੀ ਲੋਕ-ਲਹਿਰ ਨੂੰ ਹੀ ਪੁਨਰ ਸੁਰਜੀਤ ਕਰਨ ਦਾ ਯਤਨ ਕੀਤਾ। ਡਾ. ਬੁੱਧ ਰਾਮ ਗੁਪਤਾ ਦਾ ਕਥਨ ਹੈ:

''ਰਵਿਦਾਸ ਜੀ ਨੇ ਆਪਣੇ ਨੀਵੇਂ ਵਰਗ ਦੀ ਕਿਰਤੀ-ਸ਼ਾਨ ਨੂੰ ਹੀ ਨਹੀਂ ਵਧਾਇਆ ਸਗੋਂ ਦਸਾਂ ਨੌਹਾਂ ਦੀ ਕਿਰਤ ਦਾ ਹਿਤ ਪੂਰਿਆ, ਸੱਚੀ-ਸੁੱਚੀ ਮਿਹਨਤ ਵਿਚ ਜੁਟੇ ਲੋਕਾਂ ਨੂੰ ਕਿਰਤ ਦੇ ਸਹਾਰੇ ਹੀ ਬੁਲੰਦ ਹੋਣ ਲਈ ਪ੍ਰੇਰਿਆ। ਚਾਹੇ ਇਹ ਪ੍ਰੇਰਨਾ, ਭਰਪੂਰ ਇਸ਼ਕੇ-ਇਲਾਜ ਵਿਚ ਰੰਗੀ ਹੋਈ ਸੀ, ਇਸ ਕਿਰਤ ਪ੍ਰੇਮ ਨੇ ਹੀ ਅਜੋਕੀ ਸਦੀ ਦੇ ਸਮਾਜਵਾਦ ਅਤੇ ਕਾਮਿਆਂ ਦੇ ਇਨਕਲਾਬ ਨੂੰ ਜਨਮ ਦਿੱਤਾ।

ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ' ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਜਨ-ਕਲਿਆਣ ਦੀ ਭਾਵਨਾ ਨਾਲ ਓਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦਾ ਹੈ:

**ਸੋ ਕਤ ਜਾਨੈ ਪੀਰ ਪਰਾਈ।।**
**ਜਾ ਕੈ ਅੰਤਰਿ ਦਰਦ ਨਾ ਪਾਈ।।**

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਣ, ਅੱਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੋਵੇ। ਪ੍ਰੰਤੂ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ।

ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹੈ। ਲੋਭ, ਲਾਲਚ, ਲਾਲਸਾ, ਨਸ਼ਾਖੋਰੀ, ਸੁਕਿਰਤ ਤੋਂ ਬੇਮੁਖਤਾ, ਬੇਈਮਾਨੀ, ਬਦਇਖਲਾਕੀ, ਬੇਗੈਰਤੀ, ਬੇਤਰਸੀ, ਬੇਦਰਦੀ, ਬੇਲਿਹਾਜੀ, ਬੇਵਿਸ਼ਵਾਸੀ, ਬੇਵਫਾਈ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਰੂੜ੍ਹੀਵਾਦੀ ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਉਸਨੂੰ ਹੀ ਪੂਰੀ ਤਰ੍ਹਾ ਅਪਨਾ ਲਿਆ ਗਿਆ ਹੈ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ, ਤਰਕਸ਼ੀਲ ਅਤੇ ਮਾਨਵਵਾਦੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।

# 2024 ਦੀਆਂ ਚੋਣਾਂ ਦੇ ਫਤਵੇ ਅਤੇ ਸਬਕ

## (ਕੀ ਇਹ ਮੋਦੀ ਯੁਗ ਦੇ ਅੰਤ ਦੀ ਸ਼ੁਰੂਆਤ ਹੈ?)



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਹਾਲ ਹੀ ਵਿੱਚ ਹੋਈਆਂ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਕਈ ਨਵੇਂ ਅਤੇ ਅਣਕਿਆਸੇ ਨੁਕਤੇ ਉਭਾਰੇ ਹਨ ਜੋ ਕਿਸੇ ਲਈ ਉਤਸ਼ਾਹਜਨਕ ਅਤੇ ਕਿਸੇ ਲਈ ਨਿਰਾਸ਼ਾਜਨਕ ਸਾਬਤ ਹੋ ਰਹੇ ਹਨ। ਭਾਜਪਾ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੀ ਹੋਈ ਵੱਖ-ਵੱਖ ਪੜਾਅ ਪਾਰ ਕਰਦੀ ਇੱਕ ਦਹਾਕੇ ਤੋਂ ਦੇਸ਼ ਦੀ ਰਾਜਨੀਤਕ ਤਾਕਤ ਦੇ ਨਕਸ਼ੇ 'ਤੇ ਛਾਈ ਹੋਈ ਹੈ ਅਤੇ ਇਹਨਾਂ ਚੋਣਾਂ ਦੇ ਨਤੀਜਿਆਂ ਨੇ ਅਗਲੇ ਪੰਜ ਸਾਲਾਂ ਲਈ ਫਿਰ ਭਾਜਪਾ ਨੂੰ ਤਾਕਤ ਸੌਂਪ ਦਿੱਤੀ ਹੈ, ਭਾਵੇਂ ਖੇਤਰੀ ਪਾਰਟੀਆਂ ਦੇ ਸਿਰ 'ਤੇ ਹੀ ਸਹੀ। ਇਸ ਮੁਕਾਮ 'ਤੇ ਪਹੁੰਚਣਾ ਕਿਸੇ ਵੀ ਰਾਜਨੀਤਕ ਪਾਰਟੀ ਲਈ ਖੁਸ਼ੀ ਅਤੇ ਮਾਣ ਦਾ ਵਿਸ਼ਾ ਹੋ ਸਕਦਾ ਹੈ। ਇਸ ਦੌਰਾਨ ਭਾਜਪਾ ਨੇ ਆਪਣੇ ਆਪ ਨੂੰ ਵਿਸ਼ਵ ਦੀ ਸਭ ਤੋਂ ਵੱਧ ਕਾਰਕੁਨਾਂ ਵਾਲ਼ੀ ਸਭ ਤੋਂ ਵੱਡੀ ਪਾਰਟੀ ਬਣਨ ਦਾ ਐਲਾਨ ਵੀ ਕੀਤਾ। ਨਿਸਚੇ ਹੀ ਇੰਨੀ ਵੱਡੀ ਪ੍ਰਾਪਤੀ ਤੱਕ ਅਪੜਨਾ ਇੰਨਾ ਅਸਾਨ ਕੰਮ ਨਹੀਂ ਹੈ। ਇਸ ਪ੍ਰਾਪਤੀ ਨੂੰ ਬਣਾਈ ਰੱਖਣਾ ਹੋਰ ਵੀ ਔਖਾ ਕੰਮ ਹੈ। ਇੰਨੀ ਵੱਡੀ ਸਫ਼ਲਤਾ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ ਭਾਵੇਂ ਉਹ ਕੋਈ ਵਿਅਕਤੀ ਹੋਵੇ ਜਾਂ ਕੋਈ ਸੰਸਥਾ। ਕੁਦਰਤੀ ਤੌਰ 'ਤੇ ਹਰ ਸ਼ੈਅ ਨੇ ਚਾਰ ਪੜਾਵਾਂ ਵਿੱਚੋਂ ਲੰਘਣਾ ਹੁੰਦਾ ਹੈ। ਉਤਪਤੀ, ਵਿਕਾਸ, ਸਿਖਰ ਅਤੇ ਢਲਾਣ। ਭਾਜਪਾ 2019 ਵਿੱਚ ਸਿਖਰ 'ਤੇ ਸੀ ਅਤੇ 2024 ਵਿੱਚ ਉਹ ਢਲਾਣਾਂ ਵੱਲ ਤੁਰ ਪਈ ਹੈ। ਸਿਖਰ ਨੂੰ ਲੰਬੇ ਸਮੇਂ ਤੱਕ ਸੰਭਾ਼ਲੀ ਰੱਖਣ ਲਈ ਬਹੁਤ ਸੋਚ ਸਮਝ ਕੇ ਚੱਲਣਾ ਬਹੁਤ ਜ਼ਰੂਰੀ ਹੈ। ਕੁੱਝ ਪਤਾ ਨਹੀਂ ਕਿਹੜਾ ਮੋੜ ਢਲਾਣਾਂ ਵੱਲ ਮੁੜ ਪਵੇ।

ਭਾਜਪਾ ਨਾ਼ਲ ਵੀ ਕੁੱਝ ਅਜਿਹਾ ਹੀ ਵਾਪਰ ਰਿਹਾ ਹੈ। ਇੱਡੀ ਵੱਡੀ ਸਫ਼ਲਤਾ ਦੇ ਜਾਦੂ ਨੇ ਉਸਦੇ ਕੁੱਝ ਆਗੂਆਂ ਅਤੇ ਮੁੱਖ ਆਗੂ ਨੇ ਅਜਿਹੀਆਂ ਹਰਕਤਾਂ ਕਰ ਦਿੱਤੀਆਂ, ਅਜਿਹੇ ਵਚਨ ਬਿਲਾਸ ਕਰ ਦਿੱਤੇ ਕਿ ਉਹ ਆਮ ਲੋਕਾਂ ਨੂੰ ਰਾਸ ਨਹੀਂ ਆਏ ਕਿਉਂਕਿ ਉਹਨਾਂ ਤੋਂ ਲੋਕਾਂ ਨੂੰ ਪਾਰਟੀ ਦੀਆਂ ਅੰਦਰੂਨੀ ਭਾਵਨਾਵਾਂ ਦਾ ਗਿਆਨ ਹੋ ਗਿਆ ਅਤੇ ਆਗੂਆਂ ਵਿੱਚ ਹੰਕਾਰ ਦੀ ਝਲਕ ਨਜ਼ਰ ਆਈ। ਤੇ ਬੱਸ ਵੋਟਰ ਨੇ ਇੱਕ ਵੱਡੇ ਅਤੇ ਸੁਘੜ ਟੀਚਰ ਵਾਂਗੂੰ ਪਾਰਟੀ ਨੂੰ ਕਈ ਸਬਕ ਸਿਖਾ ਦਿੱਤੇ। ਭਾਜਪਾ ਨੂੰ ਸੱਤਾ ਤਾਂ ਪ੍ਰਾਪਤ ਹੋ ਗਈ ਪਰ ਉਨੀਂ ਵੱਡੀ ਨਹੀਂ ਜਿੰਨੀ ਉਸ ਨੇ ਕਿਆਸ ਕੀਤੀ ਸੀ। ਖੇਤਰੀ ਪਾਰਟੀਆਂ ਨੂੰ ਉਹ ਡਰਾ ਧਮਕਾ ਕੇ ਤਬਾਹ ਕਰਦੀ ਜਾ ਰਹੀ ਸੀ ਪਰ ਅਖੀਰ ਖੇਤਰੀ ਪਾਰਟੀਆਂ ਦੀ ਮਦਦ ਨਾ਼ਲ ਹੀ ਉਹ ਸੱਤਾ ਵਿੱਚ ਆ ਸਕੀ। ਆਪਣੇ ਤੌਰ 'ਤੇ ਬੇਸ਼ੱਕ ਉਹ ਵੱਡੀ ਪਾਰਟੀ ਸੀ ਪਰ ਸੱਤਾ ਪ੍ਰਾਪਤ ਕਰਨ ਲਈ ਉਸ ਨੂੰ ਖੇਤਰੀ ਪਾਰਟੀਆਂ ਦਾ ਸਹਾਰਾ ਲੈਣਾ ਪਿਆ।

ਨਤੀਜਿਆਂ ਤੋਂ ਸਪੱਸ਼ਟ ਜਾਪਦਾ ਹੈ ਕਿ ਭਾਜਪਾ ਦਾ ਤਿੱਖਾ ਹਿੰਦੂਤਵਾ ਰਾਸ਼ਟਰਵਾਦ ਵੀ ਚਰਮ ਸੀਮਾ 'ਤੇ ਪਹੁੰਚ ਚੁੱਕਿਆ ਸੀ ਜੋ ਮੌਡਰੇਟ ਹਿੰਦੂ ਨੂੰ ਪਸੰਦ ਨਹੀਂ ਆਇਆ ਜਿਸਦਾ ਨਾਂਹ-ਪੱਖੀ ਅਸਰ ਹੋਇਆ। ਨਤੀਜੇ ਵਜੋਂ ਹਿੰਦੂਆਂ ਦੇ ਨਵੇਂ ਬਣੇ "ਵੈਟੀਕਨ" ਤੋਂ ਵੀ ਭਾਜਪਾ ਦਾ ਉਮੀਦਵਾਰ ਇੱਕ ਖੇਤਰੀ ਪਾਰਟੀ ਦੇ ਦਲਿਤ ਉਮੀਦਵਾਰ ਤੋਂ ਹਾਰ ਗਿਆ। ਇੱਥੇ ਹੀ ਬੱਸ ਨਹੀਂ ਨਿਰਮਾਣ ਕਮੇਟੀ ਦੇ ਮੁਖੀ ਦਾ ਸਪੁੱਤਰ ਵੀ ਚੋਣ ਹਾਰ ਗਿਆ। ਹੋਰ ਤਾਂ ਹੋਰ ਇਸ ਸਾਰੇ ਮਹਾਨ ਅੰਦੋਲਨ ਦੇ ਹੀਰੋ ਪ੍ਰਧਾਨ ਮੰਤਰੀ ਮੋਦੀ ਦੀਆਂ ਵੀ ਵਾਰਾਨਸੀ ਤੋਂ ਪਈਆਂ ਵੋਟਾਂ ਵਿੱਚ 68ਗ ਦੀ ਵੱਡੀ ਗਿਰਾਵਟ ਆਈ। ਵੋਟਰ ਨੇ ਦੱਸ ਦਿੱਤਾ ਕਿ ਕੋਈ ਇੱਕ ਆਗੂ ਕੁੱਝ ਸਮੇਂ ਲਈ ਤਾਕਤਵਰ ਹੋ ਸਕਦਾ ਹੈ ਪਰ ਪਾਰਟੀ ਨੂੰ ਤਾਕਤਵਰ ਰੱਖਣ ਲਈ ਖੇਤਰੀ ਪਾਰਟੀਆਂ ਦੀ ਵੀ ਆਪਣੀ ਅਹਿਮੀਅਤ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਿਰਫ਼ ਇੱਕ ਆਗੂ ਦੇ ਹੀ ਜਾਦੂ 'ਤੇ ਨਿਰਭਰ ਨਹੀਂ ਰਿਹਾ ਜਾ ਸਕਦਾ। ਵੋਟਰ ਨੇ ਇਹ ਵੀ ਦੱਸ ਦਿੱਤਾ ਕਿ ਵੋਟ ਬੈਂਕ 'ਤੇ ਕਿਸੇ ਦਾ ਠੇਕਾ ਨਹੀਂ ਹੁੰਦਾ, ਉਸਦਾ ਝੁਕਾਅ ਵੋਟਰ ਹਿੱਤਾਂ ਨਾ਼ਲ ਜੁੜਿਆ ਹੁੰਦਾ ਹੈ।

ਚੋਣਾਂ ਵਿੱਚ ਇਸ ਅਖਾਣ ਨੂੰ ਦ੍ਰਿੜ੍ਹ ਕੀਤਾ ਗਿਆ ਕਿ ਸਿਆਸਤ ਵਿੱਚ ਕੋਈ ਨਾ ਪੱਕਾ ਦੋਸਤ ਹੁੰਦਾ ਹੈ ਅਤੇ ਨਾ ਪੱਕਾ ਦੁਸ਼ਮਣ। ਸਮੀਕਰਣ ਬਦਲਦੇ ਰਹਿੰਦੇ ਹਨ। ਇਕੱਠੇ ਹੁੰਦੇ ਰਹਿੰਦੇ ਹਨ, ਵਿਛੜਦੇ ਰਹਿੰਦੇ ਹਨ। ਰਾਜਸਥਾਨ ਵਰਗੇ ਸੂਬੇ ਵਿੱਚ ਪਹਿਲੀ ਵਾਰ ਜਾਟ, ਮੀਣਾ, ਗੁੱਜਰ ਅਤੇ ਜਾਟਵਾਂ ਦਾ ਗਰੁੱਪ ਬਣਿਆ ਤੇ ਇੱਕ ਥਾਂ ਵੋਟ ਭੁਗਤਾਈ। ਹਰਿਆਣਾ ਵਿੱਚ ਦੇਵੀ ਲਾਲ ਦੇ ਯੁਗ ਤੋਂ ਬਾਅਦ ਲੰਬੇ ਵਕਫ਼ੇ ਉਪਰੰਤ ਜਾਟ ਤੇ ਦਲਿਤਾਂ ਦਾ ਗਰੁੱਪ ਹੋਂਦ ਵਿੱਚ ਆਇਆ। ਯੂ.ਪੀ. ਵਿੱਚ ਵੀ ਲਗਭਗ 30 ਸਾਲਾਂ ਬਾਅਦ ਯਾਦਵ ਤੇ ਦਲਿਤ ਇਕੱਠੇ ਭੁਗਤੇ ਹਨ। ਇਸੇ ਤਰ੍ਹਾਂ ਮਹਾਂਰਾਸ਼ਟਰ ਵਿੱਚ ਮਰਾਠਾ ਤੇ ਮੁਸਲਮਾਨ ਵੀ ਇਕੱਠੇ ਹੋਏ। ਇਸ ਵਾਰ ਦਲਿਤ ਤੇ ਓ.ਬੀ.ਸੀ. ਵੋਟ ਬਹੁਤਾ ਕਰਕੇ ਭਾਜਪਾ ਦੇ ਵਿਰੁੱਧ ਇਸ ਕਰਕੇ ਭੁਗਤੀ ਕਿ ਭਾਜਪਾ ਨੇ ਜੋ ਨਾਹਰਾ 'ਅਬ ਕੀ ਵਾਰ, ਚਾਰ ਸੌ ਪਾਰ' ਦਾ ਦਿੱਤਾ ਸੀ ਉਸ ਤੋਂ ਵੋਟਰ ਨੇ ਇਹ ਪੱਕੇ ਤੌਰ 'ਤੇ ਸਮਝ ਲਿਆ ਕਿ ਭਾਜਪਾ ਨੂੰ ਜੇ ਇੰਨੀਆਂ ਸੀਟਾਂ ਮਿਲ ਗਈਆਂ ਤਾਂ ਉਹ ਸੰਵਿਧਾਨ ਬਦਲ ਕੇ ਉਹਨਾਂ ਨੂੰ ਮਿਲਿਆ ਰਾਖਵਾਂਕਰਣ ਸਮਾਪਤ ਕਰ ਦੇਵੇਗੀ। ਇਸੇ ਲਈ ਪ੍ਰਧਾਨ ਮੰਤਰੀ ਨੂੰ ਵਾਰ ਵਾਰ ਇਹ ਬਿਆਨ ਦੇਣਾ ਪਿਆ ਕਿ ਜੇ ਬਾਬਾ ਸਾਹਿਬ ਅੰਬੇਡਕਰ ਵੀ ਆ ਕੇ ਸੰਵਿਧਾਨ ਬਦਲਣਾ ਚਾਹੁਣ ਤਾਂ ਨਹੀਂ ਬਦਲਿਆ ਜਾ ਸਕੇਗਾ। ਪਰ ਇਸ ਬਿਆਨ ਦਾ ਅਸਰ ਵੀ ਨਹੀਂ ਹੋਇਆ ਕਿਉਂਕਿ 2019 ਵਿੱਚ ਭਾਜਪਾ ਨੇ 46 ਰਿਜ਼ਰਵ ਸੀਟਾਂ ਜਿੱਤੀਆਂ ਸਨ ਜੋ ਇਸ ਵਾਰੀ 30 ਉੱਤੇ ਸਿਮਟ ਗਈਆਂ।

ਭਾਜਪਾ ਨੇ ਡਰਾ ਧਮਕਾ ਕੇ ਭ੍ਰਿਸ਼ਟਾਚਾਰ ਖਤਮ ਕਰਨ ਦੇ ਨਾਂ 'ਤੇ ਕਿੰਨੇ ਹੀ ਵਿਰੋਧੀ ਪਾਰਟੀਆਂ ਦੇ ਆਗੂ ਭਾਜਪਾ ਵਿੱਚ ਸ਼ਾਮਲ ਕੀਤੇ। ਵੋਟਰ ਆਮ ਇਹ ਸਵਾਲ ਕਰਦਾ ਨਜ਼ਰ ਆਇਆ ਕਿ ਭਾਜਪਾ ਕੋ਼ਲ ਅਜਿਹੀ ਕਿਹੜੀ ਮਸ਼ੀਨ ਹੈ ਜੋ ਦੂਜੀਆਂ ਪਾਰਟੀਆਂ ਵਿੱਚੋਂ ਆਏ ਭ੍ਰਿਸ਼ਟ ਆਗੂਆਂ ਨੂੰ ਧੋ ਕੇ ਭ੍ਰਿਸ਼ਟ ਰਹਿਤ ਕਰ ਦਿੰਦੀ ਹੈ ਤੇ ਉਸਨੂੰ ਟਿਕਟ ਨਾ਼ਲ ਨਿਵਾਜ ਕੇ ਵਧੀਆ ਆਗੂ ਬਣਾਉਣਾ ਚਾਹੁੰਦੀ ਹੈ। ਵੋਟਰ ਨੂੰ ਇਸਦਾ ਕੋਈ ਉਚਿੱਤ ਜਵਾਬ ਭਾਜਪਾ ਵੱਲੋਂ ਨਹੀਂ ਆਇਆ ਜਿਸ ਕਰਕੇ ਭਾਜਪਾ ਦੇ ਅਜਿਹੇ 46 ਉਮੀਦਵਾਰਾਂ ਵਿੱਚੋਂ ਸਿਰਫ਼ 14 ਜਿਤਾ ਕੇ ਵੋਟਰ ਨੇ ਆਪਣਾ ਗੁੱਸਾ ਪ੍ਰਗਟ ਕੀਤਾ। ਇਹ ਸਵਾਲ ਵੀ ਸਾਹਮਣੇ ਆਇਆ ਕਿ ਕੀ ਭਾਜਪਾ ਵਿੱਚ ਕੋਈ ਇੱਕ ਵੀ ਭ੍ਰਿਸ਼ਟ ਵਿਅਕਤੀ ਨਹੀਂ ਹੈ? ਫਿਰ ਕਾਰਵਾਈ ਇੱਕ ਪਾਸੜ ਕਿਉਂ? ਉਸੇ ਤਰ੍ਹਾਂ ਭਾਜਪਾ ਵੱਲੋਂ ਸਰਕਾਰੀ ਏਜੰਸੀਆਂ (ਜੋ ਆਜ਼ਾਦ ਹੋਣੀਆਂ ਚਾਹੀਦੀਆਂ ਹਨ) ਰਾਹੀਂ ਕਾਰਵਾਈ ਕਰਵਾ ਕੇ ਦਬਾਅ ਬਣਾਇਆ ਗਿਆ ਅਤੇ ਵਿਰੋਧੀ ਪਾਰਟੀਆਂ ਦੁਫਾੜ ਕਰਕੇ ਸਰਕਾਰਾਂ ਤੋੜੀਆਂ ਗਈਆਂ। ਜਾਪਦਾ ਹੈ ਇਹ ਵੀ ਵੋਟਰਾਂ ਵੱਲੋਂ ਪਸੰਦ ਨਹੀਂ ਕੀਤਾ ਗਿਆ। ਮਹਾਂਰਾਸ਼ਟਰ ਵਿੱਚ ਜਿੰਨ੍ਹਾਂ ਦੋ ਪਾਰਟੀਆਂ ਨੂੰ ਤੋੜ ਕੇ ਸਰਕਾਰ ਗਿਰਾਈ ਗਈ ਸੀ ਵੋਟਰ ਨੇ ਭਾਜਪਾ ਵਿਰੋਧੀਆਂ ਨੂੰ 48 ਸੀਟਾਂ ਵਿੱਚੋਂ 30 ਜਿਤਾ ਕੇ ਆਪਣਾ ਰੋਸ ਪ੍ਰਗਟ ਕੀਤਾ।

ਭਾਜਪਾ ਨੇ ਇੱਕ ਬਿਰਤਾਂਤ ਹੋਂਦ ਵਿੱਚ ਲਿਆਂਦਾ ਕਿ There is no alternative (TINA) ਅਰਥਾਤ



ਭਾਜਪਾ ਦਾ ਕੋਈ ਬਦਲ ਨਹੀਂ ਹੈ। ਇਸਦਾ ਜਵਾਬ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ (TIFA) ਕਹਿ ਕੇ ਦਿੱਤਾ ਕਿ There is Fedral Alternative ਅਰਥਾਤ ਇਸਦਾ ਬਦਲ ਸੰਘਵਾਦ ਹੈ। (TINA) ਬਨਾਮ (TIFA) ਦੇ ਇਸ ਮੁਕਾਬਲੇ ਦਾ ਜਵਾਬ ਵੋਟਰ ਨੇ ਬਾਖ਼ੂਬੀ ਦਿੱਤਾ ਕਿ ਸਾਰੀ ਤਾਕਤ ਕੇਂਦਰ ਨੂੰ ਹੀ ਨਹੀਂ ਦਿੱਤੀ ਜਾਣੀ ਚਾਹੀਦੀ। ਇਸੇ ਲਈ ਉਹਨਾਂ ਨੇ ਭਾਜਪਾ ਦੇ ਸੁਫ਼ਨੇ 'ਏਕਾਤਮਕ ਸ਼ਕਤੀਸ਼ਾਲੀ ਕੇਂਦਰ' ਨੂੰ ਰਾਜਾਂ ਦੀਆਂ ਖੇਤਰੀ ਪਾਰਟੀਆਂ ਦੀਆਂ ਬੈਸਾਖੀਆਂ 'ਤੇ ਲਿਆ ਖੜ੍ਹਾ ਕਰ ਦਿੱਤਾ।

ਵੋਟਰਾਂ ਨੇ ਗੰਧਲੇ ਸਮਾਜਕ ਵਾਤਾਵਰਣ ਨੂੰ ਸਾਫ਼ ਕਰਨ ਦਾ ਕੰਮ ਵੀ ਬਾਖ਼ੂਬੀ ਕਰ ਦਿਖਾਇਆ। ਰੂਲਿੰਗ ਪਾਰਟੀ ਵੱਲੋਂ ਸਰਕਾਰੀ ਏਜੰਸੀਆਂ/ਸੰਸਥਾਵਾਂ ਦੀ ਦੁਰਵਰਤੋਂ ਕਰਕੇ ਇਸ ਤਰ੍ਹਾਂ ਦਾ ਸਹਿਮਿਆ ਹੋਇਆ ਮਾਹੌਲ ਸਿਰਜ ਦਿੱਤਾ ਗਿਆ ਸੀ ਕਿ ਹਰ ਪੱਧਰ ਦਾ ਵੋਟਰ ਭਾਵੇਂ ਅਨਪੜ੍ਹ ਹੈ ਜਾਂ ਪੜ੍ਹਿਆ ਲਿਖਿਆ, ਵੱਡਾ ਅਫ਼ਸਰ ਹੈ ਜਾਂ ਛੋਟਾ ਮੁਲਾਜ਼ਮ, ਕਾਰੋਬਾਰੀ ਹੈ ਜਾਂ ਕੁੱਝ ਹੋਰ ਸਭ ਇੱਕ ਘੁਟਣ ਜਿਹੀ ਮਹਿਸੂਸ ਕਰਦੇ ਦਿਸਦੇ ਸਨ। ਕੋਈ ਕਿਸੇ ਨਾ਼ਲ ਖੁੱਲ੍ਹਕੇ ਗੱਲ ਨਹੀਂ ਸੀ ਕਰਦਾ। ਹਰ ਪਾਸੇ ਹੰਕਾਰ ਭਰਪੂਰ, ਅਜੀਬੋ ਗ਼ਰੀਬ, ਵੰਡੀਆਂ ਪਾਉਣ ਵਾ਼ਲੇ ਭਾਸ਼ਣ ਸੁਣਾਈ ਦਿੰਦੇ ਸਨ। ਪਰ ਵੋਟਰਾਂ ਨੇ ਅਜਿਹਾ ਸੰਤੁਲਨ ਬਣਾਇਆ ਕਿ ਸਭ ਆਪਣੇ ਟਿਕਾਣਿਆਂ 'ਤੇ ਆ ਗਏ ਤੇ ਵਾਤਾਵਰਣ ਸਾਫ਼ ਨਜ਼ਰ ਆਉਣ ਲੱਗਿਆ। ਆਗੂਆਂ ਦੀਆਂ ਮਨਆਈਆਂ ਅਤੇ ਸਮਾਜ ਨੂੰ ਵੰਡਣ ਵਾ਼ਲੀਆਂ ਹਰਕਤਾਂ ਉੱਤੇ ਇੱਕਦਮ ਅੰਕੁਸ਼ ਲੱਗ ਗਿਆ। ਵੋਟਰਾਂ ਨੇ ਆਗੂਆਂ ਨੂੰ ਨਿਮਰਤਾ ਤੇ ਸਹਿਜਤਾ ਦਾ ਪਾਠ ਅਰਾਮ ਨਾ਼ਲ ਪੜ੍ਹਾ ਦਿੱਤਾ ਜਾਪਿਆ।

ਰੂਲਿੰਗ ਪਾਰਟੀ ਵੱਲੋਂ ਵੋਟਰਾਂ ਨੂੰ ਲੁਭਾਉਣ ਲਈ ਇਹ ਪ੍ਰਚਾਰ ਵੀ ਬੜੇ ਜ਼ੋਰਾਂ ਸ਼ੋਰਾਂ ਨਾ਼ਲ ਕੀਤਾ ਗਿਆ ਕਿ ਭਾਰਤ ਛੇਤੀ ਹੀ ਆਉਣ ਵਾ਼ਲੇ ਸਮੇਂ ਵਿੱਚ ਵਿਸ਼ਵ ਦੀ ਪੰਜਵੀਂ ਅਰਥ ਵਿਵਸਥਾ ਤੋਂ ਤੀਜੀ ਅਰਥ ਵਿਵਸਥਾ 'ਤੇ ਆ ਜਾਵੇਗਾ। ਪ੍ਰਭਾਵ ਇਹ ਪਾਇਆ ਜਾ ਰਿਹਾ ਸੀ ਕਿ ਭਾਰਤ ਛੇਤੀ ਹੀ ਵਿਕਸਿਤ ਤੇ ਅਮੀਰ ਦੇਸ਼ਾਂ ਦੀ ਉੱਪਰਲੀ ਕਤਾਰ ਵਿੱਚ ਤੀਜੇ ਨੰਬਰ 'ਤੇ ਆ ਜਾਵੇਗਾ। ਪਰ ਲੋਕਾਂ ਸਾਹਮਣੇ ਇਹ ਸਵਾਲ ਵੀ ਲਟਕਿਆ ਰਿਹਾ ਕਿ ਪੰਜਵੀਂ ਅਰਥ ਵਿਵਸਥਾ ਵਿੱਚ ਗ਼ਰੀਬੀ ਤੇ ਬੇਰੁਜ਼ਗਾਰੀ ਦਾ ਇਹ ਹਾਲ ਹੈ ਕਿ ਸਰਕਾਰ ਦੇ ਆਪਣੇ ਬਿਆਨ ਅਨੁਸਾਰ 80 ਕਰੋੜ ਲੋਕਾਂ ਨੂੰ ਮੁਫ਼ਤ ਪੰਜ ਕਿਲੋ ਅਨਾਜ ਦਿੱਤਾ ਜਾ ਰਿਹਾ ਹੈ ਜੋ ਭਵਿੱਖ ਵਿੱਚ ਵੀ ਜਾਰੀ ਰੱਖਣ ਦੀ ਗਰੰਟੀ ਦਿੱਤੀ ਜਾ ਰਹੀ ਹੈ, ਤਾਂ ਫਿਰ ਪੰਜਵੀਂ ਅਰਥ ਵਿਵਸਥਾ ਵਿੱਚ ਕੀ ਖ਼ਾਸ ਗੱਲ ਹੋ ਰਹੀ ਹੈ। ਇਸ ਸਬੰਧੀ ਅੰਕੜੇ ਹੈਰਾਨ ਕਰਨ ਵਾ਼ਲੇ ਹਨ ਤੇ ਇਸ ਅਵਸਥਾ ਦਾ ਮੂੰਹ ਚਿੜ੍ਹਾ ਰਹੇ ਹਨ। ਅੱਜ ਅਰਥ ਵਿਵਸਥਾ ਦਾ ਇਹ ਹਾਲ ਹੈ ਕਿ ਦੇਸ਼ ਦੀ ਉੱਪਰਲੀ 10% ਅਮੀਰ ਅਬਾਦੀ ਦੇਸ਼ ਦੀ 80% ਦੌਲਤ ਸੰਭਾ਼ਲੀ ਬੈਠੀ ਹੈ। ਬਾਕੀ 90% ਕੋ਼ਲ 20% ਦੌਲਤ ਹੀ ਬਚਦੀ ਹੈ। ਦੇਸ਼ ਦੇ ਅਮੀਰ ਹੋਣ ਦਾ ਅਸਲੀ ਪੈਮਾਨਾ ਤਾਂ ਪ੍ਰਤੀ ਵਿਅਕਤੀ ਆਮਦਨ ਹੀ ਬਣਦਾ ਹੈ ਜਿਸ ਵਿੱਚ ਭਾਰਤ ਹਾਲੇ ਵਿਸ਼ਵ ਵਿੱਚ 125ਵੇਂ ਸਥਾਨ 'ਤੇ ਹੈ। ਅਬਾਦੀ ਦੇ ਹਿਸਾਬ ਨਾ਼ਲ ਅਰਥ ਵਿਵਸਥਾ ਵਧਕੇ ਭਾਵੇਂ ਤੀਜੇ ਸਥਾਨ 'ਤੇ ਆ ਤਾਂ ਜਾਵੇਗੀ ਪਰ ਜੇ ਦੌਲਤ ਦੀ ਵੰਡ ਦਾ ਅਜਿਹਾ ਹੀ ਅੱਜ ਵਾ਼ਲਾ ਹਾਲ ਰਿਹਾ ਤਾਂ ਉਸਦਾ ਕੀ ਲਾਭ ਹੋਵੇਗਾ ਆਮ ਆਦਮੀ ਨੂੰ? ਹਾਂ ਅਸੀਂ ਵਿਸ਼ਵ ਨੂੰ ਆਪਣੇ ਦੋ ਚਾਰ ਹੋਰ ਅਮੀਰ ਦੇ ਕੇ ਦੇਸ਼ ਨੂੰ ਵਿਸ਼ਵ ਪੱਧਰ ਦਾ ਅਮੀਰ ਹੋਣ ਦਾ ਭਰਮ ਪਾ਼ਲ ਲਵਾਂਗੇ ਪਰ ਨਾ਼ਲ ਹੀ ਅਸੀਂ ਮੰਨ ਰਹੇ ਹੋਵਾਂਗੇ ਕਿ ਸਾਡੇ ਹਾਲੇ ਇੰਨੀ ਗਰੀਬੀ ਹੈ ਕਿ ਉਹ ਖ਼ੁਦ ਪੰਜ ਕਿਲੋ ਅਨਾਜ ਖਰੀਦਣ ਦੀ ਹਾਲਤ ਵਿੱਚ ਨਹੀਂ ਹਨ।

ਕੁੱਝ ਸੰਸਥਾਵਾਂ/ਏਜੰਸੀਆਂ ਦੇ ਅੰਕੜੇ ਅੱਖਾਂ ਖੋਲ੍ਹਣ ਵਾ਼ਲੇ ਹਨ ਜੋ ਇਹ ਸਾਬਤ ਕਰਦੇ ਹਨ ਕਿ ਪਿਛਲੇ ਦਹਾਕੇ ਵਿੱਚ ਅਸਿੱਧੇ ਤੌਰ 'ਤੇ ਅਮੀਰ ਗਰੀਬ ਦੇ ਪਰਦੇ ਹੇਠ ਕਿਵੇਂ ਉੱਚ ਜਾਤੀਆਂ ਨੂੰ ਹੋਰ ਅਮੀਰ ਬਣਾਇਆ ਗਿਆ ਹੈ ਤੇ ਨੀਵੀਆਂ ਜਾਤੀਆਂ ਨੂੰ ਹੋਰ ਗਰੀਬ ਬਣਾਉਣ ਦਾ ਖੇਲ੍ਹ ਖੇਡਿਆ ਜਾ ਰਿਹਾ ਹੈ। ਜਾਤਪਾਤ ਨੂੰ ਖ਼ਤਮ ਕਰਨ ਲਈ ਕੁੱਝ ਨਹੀਂ ਕੀਤਾ ਜਾ ਰਿਹਾ ਸਗੋਂ ਉੱਚ ਜਾਤੀ ਅਮੀਰਾਂ ਨੂੰ ਵਿਸ਼ਵ ਪੱਧਰ 'ਤੇ ਲਿਆ ਕੇ ਅਤੇ ਨੀਵੀਂ ਜਾਤੀ ਗਰੀਬਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਨਿਗੂਣੇ ਜਿਹੇ ਮੁਫ਼ਤ ਅਨਾਜ 'ਤੇ ਲਾ ਕੇ ਉਹਨਾਂ ਨੂੰ ਨਿਕੰਮਾ ਤੇ ਅਪਾਹਜ ਬਣਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ 'ਬਿਜ਼ਨਸ ਸਟੈਂਡਰਡ' ਦੀ ਮਈ 2024 ਦੀ ਪਬਲੀਕੇਸ਼ਨ ਵਿੱਚ ਛਪੀ 'ਸੰਸਾਰਕ ਗ਼ੈਰ-ਬਰਾਬਰੀ ਪ੍ਰਯੋਗਸ਼ਾਲਾ' (World inequality - Laboratary) ਦੀ ਖੋਜ ਦੱਸਦੀ ਹੈ ਕਿ 2022 ਤੱਕ ਦੇ ਅੰਕੜਿਆਂ ਅਨੁਸਾਰ ਭਾਰਤ ਦੀ 88.4% ਤੋਂ ਵੱਧ ਸੰਪਤੀ ਉੱਚ ਜਾਤੀਆਂ ਕੋ਼ਲ ਹੈ। ਬਾਕੀ ਵਿੱਚੋਂ ਓ.ਬੀ.ਸੀ. ਕੋ਼ਲ 9ਗ ਹੈ, ਅਨੁਸੂਚਿਤ ਜਾਤੀਆਂ ਕੋ਼ਲ 2.6% ਹੈ ਅਤੇ ਅਨੁਸੂਚਿਤ ਕਬੀਲਿਆਂ ਕੋ਼ਲ 0% ਹੈ। ਹਾਲ ਹੀ ਵਿੱਚ ਜਾਰੀ ਹੋਈ ਸੂਚੀ ਵਿੱਚ ਨਵੇਂ ਅਰਬਪਤੀ ਵੀ ਉੱਚ ਜਾਤੀਆਂ ਵਿੱਚੋਂ ਹੀ ਹਨ। 'ਫੋਰਬਿਸ' ਵੱਲੋਂ ਦਿੱਤੇ ਗਏ ਅੰਕੜਿਆਂ ਤੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਮੋਦੀ ਕਾਲ ਵਿੱਚ ਕਿਵੇਂ ਉੱਚੀ ਜਾਤੀਆਂ ਕੋਲ ਦੇਸ਼ ਦੀ ਦੌਲਤ ਵਧਦੀ ਗਈ ਅਤੇ ਨੀਵੀਆਂ ਜਾਤੀਆਂ ਕੋ਼ਲ ਘਟਦੀ ਗਈ। 2013 ਵਿੱਚ ਉੱਚ ਜਾਤੀਆਂ ਕੋ਼ਲ ਦੇਸ਼ ਦੀ ਦੌਲਤ 80.3% ਸੀ, ਓ.ਬੀ.ਸੀ. ਕੋ਼ਲ 17.8%, ਅਨੁਸੂਚਿਤ ਜਾਤੀਆਂ ਕੋ਼ਲ 1.8% ਸੀ। ਸਾਲ 2018 ਵਿੱਚ ਉੱਚ ਜਾਤੀਆਂ ਕੋ਼ਲ 81.7%, ਓ.ਬੀ.ਸੀ. ਕੋ਼ਲ 14.4% ਅਤੇ ਅਨੁਸੂਚਿਤ ਜਾਤੀਆਂ ਕੋ਼ਲ 4% ਸੀ। ਸਾਲ 2022 ਵਿੱਚ ਇਹ ਅੰਕੜੇ ਕ੍ਰਮਵਾਰ 88.4%, 9% ਅਤੇ 2.6% ਹੋ ਗਏ। ਅਨੁਸੂਚਿਤ ਕਬੀਲੇ ਇਸ ਸੀਨ ਵਿੱਚੋਂ ਗਾਇਬ ਹਨ। ਅਨੁਸੂਚਿਤ ਕਬੀਲਿਆਂ ਵਿੱਚੋਂ ਇੱਕ ਔਰਤ ਨੂੰ ਰਾਸ਼ਟਰਪਤੀ ਬਣਾ ਦੇਣ ਨਾ਼ਲ ਬਾਕੀ ਕਬੀਲਾ ਸਮਾਜ ਦੀ ਆਰਥਿਕ ਹਾਲਤ ਨਹੀਂ ਸੁਧਰ ਜਾਂਦੀ।

ਇਲੈਕਟੋਰਲ ਬਾਂਡ ਅਤੇ ਈ.ਵੀ.ਐਮ. ਦੇ ਮੁੱਦੇ ਵੀ ਬਹੁਤ ਗਰਮ ਰਹੇ। ਮਾਣਯੋਗ ਸਰਬਉੱਚ ਅਦਾਲਤ ਨੇ ਸਖਤੀ ਵਿਖਾ ਕੇ ਇਲੈਕਟੋਰਲ ਬਾਂਡ ਦਾ ਸੱਚ ਸਾਹਮਣੇ ਲਿਆਂਦਾ ਜਿਸ ਵਿੱਚ ਰੂਲਿੰਗ ਪਾਰਟੀ ਬੁਰੀ ਤਰ੍ਹਾਂ ਨੰਗੀ ਹੋਈ। ਈ.ਵੀ.ਐਮ. ਦਾ ਮੁੱਦਾ ਵੀ ਕੁੱਝ ਹੱਦ ਤੱਕ ਤਾਂ ਭਾਵੇਂ ਸੁਲਝ ਗਿਆ ਪਰ ਇਹਨਾਂ ਦੋਹਾਂ ਦੇ ਭਵਿੱਖ ਵਿੱਚ ਫਿਰ ਗਰਮ ਹੋਣ ਦੇ ਆਸਾਰ ਹਨ। ਵਿਰੋਧੀ ਪਾਰਟੀਆਂ ਨੇ ਹਾਲਾਤ ਭਾਂਪਦਿਆਂ 'ਇੰਡੀਆ ਗੱਠਜੋੜ' ਬਣਾ ਕੇ ਰੂਲਿੰਗ ਪਾਰਟੀ ਤੋਂ ਨਾਰਾਜ਼ ਲੋਕਾਂ ਨੂੰ ਇੱਕ ਪਲੇਟਫਾਰਮ ਦਿੱਤਾ ਜਿਸ ਵਿੱਚ ਭਾਵੇਂ ਗਠਜੋੜ ਵਿੱਚ ਕੁੱਝ ਖਾਮੀਆਂ ਤਾਂ ਸਨ ਪਰ ਫਿਰ ਵੀ ਲੋਕਾਂ ਵੱਲੋਂ ਕਾਫ਼ੀ ਸਮਰਥਨ ਦਿੱਤਾ ਗਿਆ ਸੀ। ਬਸਪਾ ਨੂੰ ਇਸ ਖੇਮੇ ਵਿੱਚੋਂ ਬਾਹਰ ਰੱਖਿਆ ਗਿਆ ਜਾਂ ਉਹ ਆਪਣੀ ਮਰਜ਼ੀ ਨਾ਼ਲ ਬਾਹਰ ਰਹਿ ਗਈ ਇਸਦਾ ਬਸਪਾ ਨੂੰ ਨੁਕਸਾਨ ਹੋਇਆ ਜੋ ਉਸਦਾ ਵੋਟ ਬੈਂਕ 19.42% ਤੋਂ ਘਟ ਕੇ 9.39% 'ਤੇ ਆ ਗਿਆ। ਖੇਮੇ ਵਿੱਚ ਰਹਿ ਕੇ ਸ਼ਾਇਦ ਇੰਡੀਆ ਗਠਜੋੜ ਨੂੰ ਵੱਡਾ ਲਾਭ ਵੀ ਮਿਲ ਸਕਦਾ ਸੀ। ਬਸਪਾ ਦੀ ਚੜ੍ਹਤ ਵੇ਼ਲੇ ਸਭ ਤੋਂ ਵੱਧ ਨੁਕਸਾਨ ਕਾਂਗਰਸ ਨੂੰ ਹੋਇਆ ਸੀ। ਹੁਣ ਕਾਂਗਰਸ ਦੀ ਚੜ੍ਹਤ ਨਾ਼ਲ ਬਸਪਾ ਦਾ ਸਟਰਾਈਕ ਰੇਟ 0% ਹੋ ਗਿਆ ਹੈ ਤੇ ਕਾਂਗਰਸ ਦਾ ਸਟਰਾਈਕ ਰੇਟ 8% ਤੋਂ ਵਧ ਕੇ 30% 'ਤੇ ਆ ਗਿਆ ਹੈ। ਬਸਪਾ ਦੀ ਵਿਚਾਰਧਾਰਾ ਨੇ 1990ਵਿਆਂ ਵਿੱਚ ਦਲਿਤਾਂ ਅਤੇ ਪਿਛੜਿਆਂ ਸਮੇਤ ਹੋਰ ਨੌਜਵਾਨਾਂ ਵਿੱਚ ਇੱਕ ਨਵੀਂ ਰੂਹ ਫੂਕੀ ਸੀ ਜਿਸਦੇ ਫਲਸਰੂਪ ਲੜੀ ਦੇ ਚਲਦਿਆਂ ਅੱਜ ਦੇ ਓ.ਬੀ.ਸੀ. ਅਤੇ ਦੂਜੇ ਉਭਰਦੇ ਆਗੂ ਅਖਿਲੇਸ਼ ਯਾਦਵ, ਤੇਜੱਸਵੀ ਯਾਦਵ, ਐਮ.ਕੇ ਸਟਾਲਿਨ, ਸ਼ਰਦ ਯਾਦਵ, ਊਧਵ ਠਾਕਰੇ, ਨਿਤੀਸ਼ ਅਤੇ ਚੰਦਰ ਸ਼ੇਖਰ ਆਜ਼ਾਦ ਆਦਿ ਇਸ ਉਭਾਰ ਦਾ ਹਿੱਸਾ ਹਨ ਜੋ ਕਦੇ ਨਾ ਕਦੇ ਆਪਣੀ ਮੁਢਲੀ ਵਿਚਾਰਧਾਰਾ ਦੀ ਗੱਲ ਕਰ ਜਾਂਦੇ ਹਨ। ਇਹਨਾਂ ਦੇ ਹੋਰ ਮਜ਼ਬੂਤ ਹੋਣ ਦੀ ਲੋੜ ਹੈ ਤੇ ਬਸਪਾ ਨੂੰ ਆਪਣੇ ਆਪ ਨੂੰ ਖੰਘਾਲਣ ਦੀ ਲੋੜ ਹੈ। ਬਸਪਾ ਸਮੇਤ ਬਾਕੀਆਂ ਨੂੰ ਵੀ ਡਾ. ਅੰਬੇਡਕਰ ਦੀ ਇਸ ਚੇਤਾਵਨੀ ਨੂੰ ਯਾਦ ਰੱਖਣ ਦੀ ਲੋੜ ਹੈ ਕਿ ਜੋ ਕੌਮਾਂ ਪੰਜਾਹ ਸਾਲਾਂ ਤੱਕ ਸ਼ਾਸਨ ਪ੍ਰਸ਼ਾਸਨ ਤੋਂ ਦੂਰ ਰਹਿਣ ਉਹ ਕੌਮਾਂ ਗ਼ੁਲਾਮ ਹੋ ਜਾਂਦੀਆਂ ਹਨ।

ਕੁੱਲ ਮਿਲਾ ਕੇ ਆਖਿਆ ਜਾ ਸਕਦਾ ਹੈ ਕਿ ਵੋਟਰਾਂ ਨੇ ਸਹੀ ਕਾਰਵਾਈ ਕਰਕੇ ਆਪਣਾ ਫਰਜ਼ ਅਦਾ ਕਰ ਦਿੱਤਾ ਹੈ। ਹੁਣ ਵਾਰੀ ਆਗੂਆਂ ਦੀ ਹੈ ਕਿ ਉਹ ਵੋਟਰ ਦੀਆਂ ਭਾਵਨਾਵਾਂ ਨੂੰ ਸਮਝ ਕੇ ਚੱਲਣ। ਆਖਣ ਨੂੰ ਤਾਂ ਭਾਵੇਂ ਭਾਜਪਾ ਨੇ ਤਾਕਤ ਦੀ ਕੁਰਸੀ ਸੰਭਾ਼ਲ ਲਈ ਹੈ ਪਰ ਪੂਰੇ ਪੰਜ ਸਾਲ ਦੀ ਟਰਮ ਕੱਢ ਲਵੇ ਇਹ ਇੰਨੀ ਅਸਾਨ ਨਹੀਂ ਹੈ। ਮੁੱਖ ਮੰਤਰੀ ਤੋਂ ਪ੍ਰਧਾਨ ਮੰਤਰੀ ਬਣੇ ਮੋਦੀ ਨੇ ਐਨ.ਡੀ.ਏ. ਨੂੰ 2014 ਵਿੱਚ 39ਗ ਵੋਟ ਸ਼ੇਅਰ ਲੈ ਕੇ ਦਿੱਤਾ ਸੀ ਜੋ ਉਸਦੀ ਹੀ ਰਹਿਨੁਮਾਈ ਵਿੱਚ 2019 ਵਿੱਚ ਵਧਕੇ 45% ਹੋ ਗਿਆ ਪਰ 2024 ਵਿੱਚ ਉਹ ਘਟ ਕੇ 43% 'ਤੇ ਆ ਗਿਆ। ਦੂਜੇ ਪਾਸੇ ਇਸਦੇ ਵਿਰੋਧ ਵਿੱਚ ਖੜ੍ਹਾ ਹੋਇਆ ਇੰਡੀਆ ਗਠਜੋੜ ਵੀ 41% ਹੋ ਗਿਆ। ਯੂ.ਪੀ., ਬਿਹਾਰ, ਬੰਗਾਲ, ਮਹਾਂਰਾਸ਼ਟਰ ਦੀਆਂ ਕੁੱਲ 210 ਸੀਟਾਂ ਵਿੱਚੋਂ ਭਾਜਪਾ ਨੇ 2019 ਵਿੱਚ 120 ਜਿੱਤ ਲਈਆਂ ਸਨ ਪਰ 2024 ਵਿੱਚ 66 ਹੀ ਜਿੱਤ ਸਕੀ ਹੈ। ਇਕੱਲੇ ਯੂ.ਪੀ. ਵਿੱਚ 2019 ਵਿੱਚ ਭਾਜਪਾ ਨੇ 62 ਸੀਟਾਂ ਜਿੱਤੀਆਂ ਸਨ ਜੋ ਇਸ ਵਾਰੀ ਘਟ ਕੇ 33 ਹੀ ਰਹਿ ਗਈਆਂ। ਵੋਟਰ 'ਤੇ ਨਾ ਰਾਮ ਮੰਦਰ ਨਿਰਮਾਣ ਦਾ ਅਸਰ ਹੋਇਆ ਲੱਗਦਾ ਹੈ ਅਤੇ ਨਾ ਹੀ ਲੋਹ ਪੁਰਸ਼ ਯੋਗੀ ਦੀ ਬੁਲਡੋਜ਼ਰ ਸਰਕਾਰ ਦੀ ਸ਼ਖਤਾਈ ਦਾ ਕੋਈ ਅਸਰ ਹੋਇਆ ਹੈ।

ਇੰਡੀਆ ਕੌਂਸਲ ਫਾਰ ਸੋਸ਼ਲ ਸਾਇੰਸ ਰਿਸਰਚ (ICSSR) ਦੇ ਅਧੀਨ ਚੱਲ ਰਹੇ ਕੇਂਦਰ (CSDS) ਅਰਥਾਤ ਸੈਂਟਰ ਫਾਰ ਸਟੱਡੀ ਆਫ਼ ਡਿਵੈਲਪਿੰਗ ਸੋਸਾਇਟੀ ਦੇ ਸਰਵੇ ਅਨੁਸਾਰ ਭਾਜਪਾ ਨੂੰ ਹੁਣ ਹਿੰਦੂਤਵਾ ਤੋਂ ਲਾਭ ਮਿਲਣਾ ਬੰਦ ਹੋ ਗਿਆ ਹੈ। ਮੋਦੀ ਦੇ ਭਾਸ਼ਣਾਂ ਵਿੱਚ ਤਲਖੀ ਅਤੇ ਮੰਗਲ ਸੂਤਰ, ਮੁਸਲਮਾਨ ਜਾਂ ਮੁਜਰਾ ਆਦਿ ਦਾ ਵਾਰ ਵਾਰ ਵਰਣਨ ਇਸਦਾ ਕਾਰਣ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੂੰ 2024 ਵਿੱਚ ਇੱਕ ਨਵੀਂ ਤਰ੍ਹਾਂ ਦੀ ਸਰਕਾਰ ਨੂੰ ਚਲਾਉਣ ਦਾ ਮੌਕਾ ਮਿਲਿਆ ਹੈ ਜਿਸਦਾ ਤਜਰਬਾ ਉਸਨੂੰ ਨਾ ਮੁੱਖ ਮੰਤਰੀ ਹੁੰਦਿਆਂ ਹੋਇਆ ਅਤੇ ਨਾ ਦੋ ਵਾਰੀ ਪਹਿਲਾਂ ਪ੍ਰਧਾਨ ਮੰਤਰੀ ਹੁੰਦਿਆਂ ਹੋਇਆ। ਪਹਿਲੇ ਦੋ ਮੌਕਿਆਂ ਵੇ਼ਲੇ ਭਾਵੇਂ ਐਨ.ਡੀ.ਏ. ਵਿੱਚ ਸ਼ਾਮਲ ਹੋਰ ਪਾਰਟੀਆਂ ਵੀ ਨਾ਼ਲ ਤਾਂ ਹੈ ਸਨ ਪਰ ਭਾਜਪਾ ਦੀ ਇਕੱਲਿਆਂ ਵੀ ਇੰਨੀ ਕੁ ਗਿਣਤੀ ਹੈ ਸੀ ਕਿ ਉਹ ਬਾਕੀ ਪਾਰਟੀਆਂ ਦੀ ਸਪੋਰਟ ਤੋਂ ਬਿਨਾਂ ਵੀ ਸਰਕਾਰ ਅਰਾਮ ਨਾ਼ਲ ਚਲਾ ਸਕਦੇ ਸਨ। ਇਸੇ ਲਈ ਉਹਨਾਂ ਨੇ ਕਈ ਆਪਹੁਦਰੀਆਂ ਕੀਤੀਆਂ ਅਤੇ ਕੁੱਝ ਹੱਦ ਤੱਕ ਹੰਕਾਰ ਦਾ ਸ਼ਿਕਾਰ ਵੀ ਹੋਏ। ਪਰ ਇਸ ਵਾਰੀ ਉਹਨਾਂ ਦਾ ਪਾ਼ਲਾ ਬੜੇ ਸਖ਼ਤ, ਸ਼ਾਤਰ ਤੇ ਹੰਢੇ ਹੋਏ ਸਿਆਸਤਦਾਨਾਂ ਨਾ਼ਲ ਪਿਆ ਹੈ ਜਿੰਨ੍ਹਾਂ ਦੀ ਲੋੜ ਸਰਕਾਰ ਬਰਕਰਾਰ ਰੱਖਣ ਲਈ ਫਿਲਹਾਲ ਹਰ ਵੇ਼ਲੇ ਬਣੀ ਰਹਿਣੀ ਹੈ। ਭਵਿੱਖ ਵਿੱਚ ਤੋੜ ਫੋੜ ਕਰਕੇ ਘਾਟਾ ਪੂਰਾ ਕਰ ਲੈਣ ਕੁੱਝ ਕਿਹਾ ਨਹੀਂ ਜਾ ਸਕਦਾ ਪਰ ਜਿਸ ਦੀ ਹੁਣ ਆਸ ਬਹੁਤ ਘੱਟ ਹੈ।

ਇਹ ਦੋ 'ਨੰਨੇ' ਅਰਥਾਤ ਨਿਤੀਸ਼ ਅਤੇ ਨਾਇਡੂ ਅੱਜ ਤਾਂ ਇਸ ਸਥਿਤੀ ਵਿੱਚ ਹਨ ਕਿ ਸਰਕਾਰ ਨੂੰ ਉਂਗਲੀਆਂ 'ਤੇ ਨਚਾ ਸਕਦੇ ਹਨ। ਇਹ ਨਹੀਂ ਆਖਿਆ ਜਾ ਸਕਦਾ ਕਿ ਇਹ ਕਦੋਂ ਤੱਕ ਸਾਥ ਦੇਣਗੇ ਪਰ ਇਹ ਲਗਭਗ ਤੈਅ ਹੈ ਕਿ ਇਹ ਸਰਕਾਰ ਪੂਰੀ ਟਰਮ ਨਹੀਂ ਕੱਢ ਸਕੇਗੀ ਤੇ ਮੋਦੀ ਸਾਹਬ ਨੂੰ ਮਿਲ ਕੇ ਚੱਲਣ ਲਈ ਕਈ ਸਮਝੌਤੇ ਕਰਨੇ ਪੈਣੇ ਹਨ। ਇਹ ਲੋਕਾਂ ਦਾ ਆਮ ਵਿਸ਼ਵਾਸ ਹੈ ਕਿ ਜਿਸ ਨੂੰ ਟਕਸਾਲੀ ਭਾਜਪਾਈ ਵੀ ਮੰਨਦੇ ਹਨ। ਭਾਜਪਾ ਦੇ ਇੱਕ ਪੁਰਾਣੇ ਤਜਰਬੇਕਾਰ, ਭਾਜਪਾ ਦੀ ਕੁਲੀਸ਼ਨ ਸਰਕਾਰ (1998-2004) ਦੇ ਅਟਲ ਬਿਹਾਰੀ ਵਾਜਪਾਈ ਦੇ ਨੇੜਲੇ ਮੁੱਖ ਸਾਥੀ ਸੁਧੇਂਦਰਾ ਕੁਲਕਰਨੀ ਨੇ ਮੰਨਿਆ ਹੈ ਕਿ ਮੋਦੀ ਇਹ ਸਰਕਾਰ ਨਹੀਂ ਚਲਾ ਸਕੇਗਾ। ਉਸਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਮੋਦੀ ਗ਼ੈਰ-ਭਰੋਸੇਯੋਗ ਨਿਤੀਸ਼ ਅਤੇ ਨਾਇਡੂ ਦੇ ਹੁੰਦਿਆਂ ਤੀਸਰੀ ਟਰਮ ਪੂਰੀ ਕਰ ਵੀ ਸਕੇਗਾ ਕਿ ਨਹੀਂ? ਉਸਦਾ ਇਹ ਵੀ ਕਹਿਣਾ ਹੈ ਕਿ ਮੋਦੀ ਦੀ ਅਥਾਰਟੀ ਅਤੇ ਭਰੋਸੇਯੋਗਤਾ ਨਿਸਚੇ ਹੀ ਘਟੀ ਹੈ।

ਹੁਣ ਉਹ ਮਨਮਰਜ਼ੀ ਨਾ਼ਲ ਸੰਵਿਧਾਨਕ ਸੋਧਾਂ ਰਾਹੀਂ ਇੱਕ ਨੇਸ਼ਨ ਇੱਕ ਚੋਣ ਵਰਗੇ ਮੁੱਦੇ ਵੀ ਲਾਗੂ ਨਹੀਂ ਕਰ ਸਕੇਗਾ। ਉਹਨਾਂ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਇਹ ਮੋਦੀ ਯੁਗ ਦੇ ਅੰਤ ਦੀ ਸ਼ੁਰੂਆਤ ਹੈ।

# ਜਲ ਸੋਮਿਆਂ ਦੀ ਮੁੜ ਭਰਪਾਈ ਕਿਵੇਂ ਕਰੀਏ



ਵਿਜੇ ਬੰਬੇਲੀ
91-94634-39075

ਭਾਰਤੀ ਦਰਸ਼ਨ (ਫਲਸਫੇ) ਵਿਚ ਪਾਣੀ ਨੂੰ ਪ੍ਰਾਣ ਤੱਤ ਕਿਹਾ ਗਿਆ ਹੈ। ਅਰਥਾਤ;ਜ਼ਿੰਦਗੀ ਦਾ ਧਰੋਹਰ ਪਾ: ਪ੍ਰਾਣ ਅਤੇ ਨੀ: ਤੱਤ। ਪਾਣੀ;100 ਫੀਸਦੀ ਕੁਦਰਤੀ ਤੋਹਫਾ ਹੈ, ਜਿਹੜਾ ਆਮ ਕਰਕੇ ਮੁਫਤ ਪ੍ਰਾਪਤ ਹੁੰਦਾ ਹੈ। ਇਸੇ ਕਾਰਨ ਅਸੀਂ, ਖਾਸ ਕਰਕੇ ਭਾਰਤੀ, ਇਸਦੀ ਕਦਰ ਨਹੀਂ ਕਰਦੇ। ਜਿਥੇ ਸਾਡੀ ਜਲ ਜਾਇਦਾਦ ਅਥਾਹ ਹੈ, ਉਥੇ ਤਾਂ ਜਲ-ਕਦਰ ਬਿਲਕੁਲ ਹੀ ਨਹੀਂ। ਫਿਰ ਵੀ; ਸਾਡੇ ਭਾਰਤ ਵਿਚ ਵੀ ਕਈ ਖਿੱਤੇ ਅਜਿਹੇ ਹਨ ਜਿਥੇ ਕਈ ਕਾਰਨਾਂ ਕਰਕੇ ਸਦੀਵੀ ਜਲ ਸੰਕਟ ਹੈ। ਸਿਰਫ ਉਹ ਹੀ ਇਸਦੀ, ਖਾਸ ਕਰਕੇ ਮਿੱਠੇ ਪਾਣੀ ਦੀ, ਅਹਿਮੀਅਤ ਜਾਣਦੇ ਹਨ। ਸਾਡੇ ਚਾਰ ਚੁਫੇਰੇ ਦਿਸਦਾ-ਅਣਦਿਸਦਾ ਪਾਣੀ ਅਜਿਹਾ ਨਹੀਂ ਹੈ ਕਿ ਸਾਰੇ ਦਾ ਸਾਰਾ ਸਾਡੇ ਕੰਮ ਆ ਜਾਵੇ। ਇਹੀ ਉਹ ਗੱਲ ਹੈ,ਜਿਹੜੀ;ਬਹੁਤਿਆਂ ਨੂੰ ਪਤਾ ਨਹੀਂ।

ਜਲ ਵਿਗਿਆਨ ਅਨੁਸਾਰ; "ਕੁੱਲ ਬ੍ਰਹਿਮੰਡ ਵਿਚ 1.386 ਬਿਲੀਅਨ ਕਿਊਬਿਕ ਕਿਲੋਮੀਟਰ ਪਾਣੀ ਹੈ। ਜਿਸ ਵਿਚੋਂ ਪ੍ਰਿਥਵੀ ਉੱਤੇ ਅਤੇ ਪ੍ਰਿਥਵੀ ਵਿਚ ਕੋਈ 1.358 ਬਿ. ਘਣ ਕਿਲੋ ਮੀ. ਪਾਣੀ ਹੈ। ਧਰਤੀ ਦੀ ਸਤਾਹ ਦਾ ਕਰੀਬ ਪੌਣਾ ਭਾਗ(71%) ਪਾਣੀ ਨੇ ਮੱਲਿਆ ਹੋਇਆ ਹੈ। ਕੁੱਲ ਪਾਣੀ ਦਾ 97% ਹਿੱਸਾ ਸਮੁੰਦਰਾਂ ਵਿਚ ਹੈ, ਜਿਹੜਾ ਨਮਕੀਨ ਅਤੇ ਉਲਟ ਤੱਤਾ ਨਾਲ ਯੁਕਤ ਹੈ। ਸ਼ਾਇਦ; ਅਸੀਂ ਨਹੀਂ ਜਾਣਦੇ ਕਿ ਪੀਣ ਅਤੇ ਸਿੰਚਾਈ ਵਾਲੇ ਪਾਣੀ ਦੇ ਜਲ ਸੋਮਿਆਂ ਦੀ ਕੁੱਲ ਮਾਤਰਾ ਮਹਿਜ਼ 1.6% ਹੈ।" ਕਈ ਕਾਰਨਾਂ ਕਰਕੇ, ਇਸ ਸਾਰੇ ਉੱਤੇ ਵੀ ਸਾਡੀ ਪਹੁੰਚ ਸਵੱਲੀ ਨਹੀਂ ਹੈ। ਪ੍ਰਮਾਣਤ ਤੱਥਾਂ ਮੁਤਾਬਿਕ, ਕ੍ਰਮਵਾਰ ਹਿੱਸੇਦਾਰੀ ਅਨੁਸਾਰ, "ਸਮੁੰਦਰ ਵਿਚ 97.2%, ਗਲੈਸ਼ੀਅਰਜ਼ (ਬਰਫ) 2.0%, ਧਰਤੀ ਹੇਠ ਸਿਰਫ 00.62%, ਮਿੱਠੀਆਂ ਝੀਲਾਂ 00.009%, ਨਮਕੀਨ ਝੀਲਾਂ (ਸਾਗਰ) 00.008%, ਵਾਯੂਮੰਡਲ ਵਿਚ 00.001% ਅਤੇ ਦਰਿਆਵਾਂ ਵਿਚ ਸਿਰਫ 00.0001% ਹੈ।" ਸੌ ਫੀਸਦੀ ਜੋੜ ਦੀ ਬਜਾਏ ਇਸਦਾ ਕੁੱਲ ਜਮਾਂ ਜੋੜ 99.938% ਬਣਦਾ ਹੈ ਅਤੇ ਬਾਕੀ ਬਚਦੇ (ਹੋਰ ਸੋਮੇ) 00.062% ਨੂੰ ਵੀ ਅਸੀਂ ਵਰਤਣਯੋਗ ਪਾਣੀ 'ਚ ਸ਼ੁਮਾਰ ਕਰ ਸਕਦੇ ਹਾਂ। ਸੋ; ਧਰਤੀ ਹੇਠਲੇ (00.62%)+ਮਿੱਠੀਆਂ ਝੀਲਾਂ (00.009%)+ ਦਰਿਆਂ (00.0001%) ਅਤੇ ਹੋਰ ਸੋਮਿਆਂ (00.062%) ਨੂੰ ਜੋੜ ਕੇ ਵਰਤਣਯੋਗ ਪਾਣੀ ਦੀ ਮਿਕਦਾਰ ਮਹਿਜ 1.0% ਤੋਂ ਕੁੱਝ ਵੱਧ ਬਣਦੀ ਹੈ। ਵਰਤਣਯੋਗ ਪ੍ਰਤੀ ਚੌਕਸ ਕਰਨ ਦਾ ਭਾਵ ਇਹ ਕਿ ਧਰਤੀ ਦੀ ਕੁੱਲ 100% ਜਲ ਜਾਇਦਾਦ ਵਿਚੋਂ ਸਾਡਾ ਵਰਤੋਂ ਅਤੇ ਨਵਿਆਣਯੋਗ ਹਿੱਸਾ ਸਿਰਫ ਇੱਕ ਫੀਸਦੀ ਹੈ, ਜਿਸਨੂੰ ਅਸੀਂ ਬੇਕਿਰਕ ਵਰਤਣਾ-ਹੂੰਝਣਾ ਸ਼ੁਰੂ ਕਰ ਦਿੱਤਾ ਹੋਇਆ ਹੈ।

ਜਲ ਮਾਹਰਾਂ ਮੁਤਾਬਿਕ ਕੁੱਲ ਜਲ ਜਾਇਦਾਦ ਦੀ 'ਜੋਖਵੀਂ ਮਿਣਤੀ': "ਸਮੁੰਦਰਾਂ ਵਿਚ(96%) 1317 ਲੱਖ ਘਣ ਕਿਲੋਮੀਟਰ, ਧਰਤ 'ਤੇ ਅਤੇ ਧਰਤੀ ਵਿਚ (3% ਠੋਸ ਅਤੇ ਤਰਲ) 37 ਲੱਖ ਘਣ ਕਿਲੋਮੀ.,ਖਲਾਅ ਵਿਚ(1ਗ਼ ਗੈਸੀ ਰੂਪ) 4 ਲੱਖ ਘਣ ਕਿਲੋ ਮੀ।"ਉਹਨਾਂ ਧਰਤੀ ਉੱਤਲੇ ਅਤੇ ਧਰਤੀ ਵਿਚਲੇ (3%) ਪਾਣੀ ਦੀ ਤਰਤੀਬ ਵਾਰ ਮਿਕਦਾਰ ਇਵੇਂ ਦੱਸੀ ਹੈ, "ਠੋਸ: (ਗਲੈਸ਼ੀਅਰਜ਼,ਧਰੁੱਵ,ਪਰਬਤੀ ਬਰਫ):29 ਲੱਖ ਘਣ ਕਿਲੋਮੀਟਰ, ਤਰਲ:(ਝੀਲਾਂ, ਨਦੀਆਂ, ਜ਼ਮੀਨ ਹੇਠ):8 ਲੱਖ ਘਣ ਕਿਲੋ ਮੀ.। ਕੁੱਲ ਜੋੜ 37 ਲੱਖ ਘਣ ਕਿਲੋਮੀਟਰ (3%)। ਸਮੁੰਦਰਾਂ (96%) ਅਤੇ ਖਲਾਅ: (ਨਮੀ, ਤਰੇਲ, ਧੁੰਦ, ਹਵਾ, ਬੱਦਲ ਅਤੇ ਗੈਸੀ ਰੂਪ):4 ਲੱਖ ਘਣ ਕਿਲੋ ਮੀ.(1%) ਦੀ ਅਗਾਂਹ ਵੰਡ ਦੇ ਅੰਕੜੇ ਉਪਲੱਬਧ ਨਹੀਂ ਹਨ। ਹਾਂ; ਪ੍ਰਿਥਵੀ ਹੇਠਲੇ ਤੇ ਉੱਪਰਲੇ (ਨਦੀਆਂ, ਝਰਨੇ, ਸਰੋਵਰ, ਜਲ ਕੁੰਡ, ਦਲਦਲਾਂ) ਦਾ ਕੁੱਲ 1% ਪਾਣੀ ਹੀ ਬੰਦੇ ਅਤੇ ਜੀਵਾਂ ਦੇ ਵਰਤਣ ਨਮਿਤ ਹੈ ਜਿਸਦਾ ਕਰੀਬ 65% ਖੇਤੀ ਲਈ, 20% ਉਦਯੋਗਾਂ ਹਿੱਤ ਅਤੇ 15% ਘਰੇਲੂ ਅਤੇ ਹੋਰ ਕਾਰਜਾ ਲਈ ਵਰਤਿਆ ਜਾਂਦਾ ਹੈ। ਸਾਡੇ ਵਰਗੇ ਮੁਲਕਾਂ ਵਿਚ ਬਹੁਤਾ, ਲੱਗਪਗ 70%, ਜ਼ਮੀਨ ਦੋਜ਼ ਪਾਣੀ ਵਰਤਿਆ ਜਾਂਦਾ ਹੈ, ਜਦਕਿ ਧੜਵੈਲ ਵਿਕਸਤ ਮੁਲਕ ਧਰਤੀ ਹੇਠਲੇ ਪਾਣੀ ਨੂੰ



ਆਪਣੇ ਵਾਰਸਾਂ ਦੀ 'ਐਫ ਡੀ' ਮੰਨਦੇ ਹਨ। ਉਹ ਵਗਦੇ ਜਾਂ ਵਰਖੋਈ ਪਾਣੀ ਨਾਲ ਹੀ ਆਪਣਾ ਜਰੂਰੀ ਬੁੱਤਾ ਸਾਰਦੇ ਹਨ ਅਤੇ ਵੱਧ ਪਾਣੀ ਮੰਗਦੇ ਕਾਰਖਾਨੇ ਤੇ ਫਸਲਾਂ ਸਾਡੇ ਵਰਗੇ ਮੁਲਕਾਂ ਦੇ ਪੱਲੇ ਪਾ ਦਿੰਦੇ ਹਨ, ਜਿਹਨਾਂ ਬਾਰੇ 'ਸਵੈ ਪੜੁੱਲ ਬੇਨਵੇਂ ਬਿਆਨ' ਦਿੰਦਿਆਂ ਸਾਡੇ ਹਾਕਮ ਹੁੱਬਦੇ ਨਹੀਂ ਥੱਕਦੇ।

ਭਲਿਆਂ ਵੇਲੀਂ,ਤਰਲ ਰੂਪ 'ਚ,ਕਰੀਬ ਸ਼ੁਧ ਪਾਣੀ:ਧਰਤੀ ਦੀ 800 ਮੀਟਰ (2500 ਫੁੱਟ) ਦੀ ਡੂੰਘਾਈ ਤੱਕ 4 ਲੱਖ ਘਣ ਕਿਲੋਮੀਟਰ ਅਤੇ 800 ਮੀਟਰ ਤੋਂ ਥੱਲੇ 3 ਲੱਖ ਘਣ ਕਿਲੋ ਮੀ. ਦਾ ਅੰਦਾਜ਼ਾ ਲਗਾਇਆ ਗਿਆ ਸੀ। ਇਸ ਤੋਂ ਬਿਨਾਂ ਝੀਲਾਂ-ਨਦੀਆਂ ਦੇ ਜਲ ਕੁੰਡ/ਜਲ ਵਹਿਣਾਂ ਦੀ ਮਿਣਤੀ 1 ਲੱਖ ਘਣ ਕਿਲੋ ਮੀ. ਦੇ ਕਰੀਬ ਦੱਸੀ ਗਈ ਸੀ। ਪਰ; ਹੁਣ ਮਨੁੱਖੀ ਲਾਲਸਾਵਾਂ ਕਾਰਨ ਸੱਭ ਕੁੱਝ ਡਗਮਗਾ ਗਿਆ ਹੈ। ਅਗਾਂਹ; ਕੀ ਵਾਪਰੇਗਾ? ਕੋਈ ਨਹੀਂ ਸੁਣਦਾ। ਮਰਹੂਮ ਰਾਸ਼ਟਰਪਤੀ ਡਾ. ਅਬਦੁੱਲ ਕਲਾਮ ਨੇ ਇੱਕ ਗੱਲਬਾਤ ਦਰਮਿਆਨ ਹੌਕਾ ਭਰਿਆ ਸੀ, "ਮੇਰੇ ਪੜਦਾਦੇ ਨੇ ਲਬਾਲਬ ਵਗਦੇ ਦਰਿਆ ਵੇਖੇ, ਬਾਬੇ ਨੇ ਭਰੇ-ਪਰੁੰਨੇ ਜਲ ਕੁੰਡ, ਬਾਪ ਨੇ ਖੂਹ ਤੱਕਿਆ ਅਤੇ ਮੈਂ ਨਲਕਾ। ਅਫਸੋਸ! ਮੇਰਾ ਪੋਤਾ ਬੋਤਲ ਬੰਦ ਪਾਣੀ ਤੱਕ ਰਿਹਾ ਹੈ। ਕੀ; ਇਹ ਵੀ ਪ੍ਰਾਪਤ ਰਹੇਗਾ?" ਪਹਿਲੀ ਭਰਪੂਰ ਜਲ ਤੰਗੀ, ਜਿਹੜੀ 10 ਤੋਂ 20 ਹੱਥ ਡੂੰਘੀ ਸੀ ਕਈ ਦਹਾਕੇ ਪਹਿਲਾਂ ਹੀ ਖ਼ਤਮ-ਸੁਕਾ ਦਿੱਤੀ ਗਈ। ਦੂਜੀ; ਜਿਹੜੀ 100-200 ਹੱਥ 'ਤੇ ਸੀ, ਵੀ ਦੋ-ਤਿੰਨ ਦਹਾਕੇ ਪਹਿਲਾਂ ਖੋਹ-ਖਿੱਚ ਲਈ ਗਈ। ਹੁਣ ਬੰਦਾ ਤੀਜੀ ਤੰਗੀ 350 ਤੋਂ 1300 ਫੁੱਟ ਦੀ ਡੂੰਘਾਈ ਤੱਕ, ਇਲਾਕਾ ਮੁਜ਼ਬ, ਵਰਤ ਰਿਹਾ ਹੈ। ਭਲਿਓ ਲੋਕੋ! ਅਗਲੀ ਜਲ ਤੰਗੀ ਜਿਹੜੀ ਬਹੁਤੀ ਜਰਖੇਜ਼ ਨਹੀਂ ਅਤੇ ਉੱਲਟ ਤੱਤਾ ਨਾਲ ਲਬਰੇਜ਼ ਹੈ ਉਹ 800 ਮੀਟਰ ਡੂੰਘੀ ਹੈ। ਐਨਾ ਡੂੰਘਾ ਬੋਰ ਤਾਂ "ਸਰਕਾਰ ਜੀ" ਹੀ ਲਾ ਸਕਦੀ ਹੈ। ਮੌਜੂਦਾ ਨਿਜ਼ਾਮਾਂ ਤਹਿਤ, ਉਹ ਵੀ ਧੰਨ ਕੁਬੇਰ ਲਾਉਣਗੇ, ਜਿਹੜੇ ਪਹਿਲਾਂ ਹੀ ਦੁਨੀਆਂ ਦੇ ਜਲ ਸੋਮਿਆਂ 'ਤੇ ਕਬਜ਼ਾ ਕਰਕੇ ਕੁੱਲ ਆਲਮ ਦਾ ਆਰਥਿਕ-ਸਮਾਜਿਕ ਤੇ ਰਾਜਨੀਤਿਕ ਸੋਸ਼ਣ ਕਰ ਰਹੇ ਹਨ। ਜਲ-ਸੰਕਟ ਦਾ ਹਕੀਕੀ-ਹੱਲ ਲੋਕ ਅਤੇ ਕੁਦਰਤ ਪੱਖੀ ਨਿਜ਼ਾਮ ਅਤੇ ਸਾਦੀ ਜੀਵਨ-ਜਾਂਚ ਨਾਲ ਵੀ ਬੱਝਾ ਹੋਇਆ ਹੈ, ਇਹ ਇੱਕ ਹੋਰ ਅਹਿਮ ਗੱਲ ਹੈ ਜਿਹੜੀ ਬਹੁਤਿਆਂ ਦੇ ਪੱਲੇ ਨਹੀਂ ਪੈਂਦੀ।

ਪਾਣੀ; ਸਾਡੀ ਸਮਾਜਿਕ, ਆਰਥਿਕ ਤੇ ਰਾਜਨੀਤਕ ਸ਼ਕਤੀ ਹੈ। 2030 ਤੱਕ ਜਿਹੜੇ 33 ਮੁਲਕ ਗੰਭੀਰ ਜਲ-ਸੰਕਟ ਦੇ ਸ਼ਿਕਾਰ ਹੋ ਜਾਣਗੇ, ਭਾਰਤ ਉਹਨਾਂ ਵਿੱਚੋਂ ਇੱਕ ਹੈ। ਭਾਰਤ ਦੇ ਜਿਹਨਾਂ 13 ਰਾਜਾਂ 'ਚ ਗੰਭੀਰ ਜਲ ਸੰਕਟ ਪਨਪ ਰਿਹਾ ਹੈ, ਪੰਜਾਬ ਉਹਨਾਂ ਵਿਚ ਇੱਕ ਹੈ। ਮੁਲਕ ਦੇ ਜਿਹੜੇ 258 ਜ਼ਿਲਿਆਂ 'ਚ ਗੰਭੀਰ ਜਲ ਸੰਕਟ ਹੋਣ ਜਾ ਰਿਹਾ ਹੈ,ਪੰਜਾਬ ਦੇ 17 ਜ਼ਿਲੇ ਉਹਨਾਂ ਵਿੱਚ ਸ਼ੁਮਾਰ ਹਨ। 'ਨੈਸ਼ਨਲ ਗਰੀਨ ਟ੍ਰਿਬੂਨਲ' ਦੀ ਮਾਰਚ 2023 ਦੀ ਇੱਕ ਰਿਪੋਰਟ ਅਨੁਸਾਰ, "ਜੇ ਅਸੀਂ ਨਾ ਸੰਭਲੇ ਅਤੇ ਜ਼ਮੀਨ ਹੇਠਲੇ ਪਾਣੀ ਦੀ ਮੁੜ ਅਤੇ ਲਗਾਤਾਰ ਭਰਪਾਈ ਨਾ ਕੀਤੀ, ਤਦ ਪੰਜਾਬ ਦੇ ਜ਼ਮੀਨ ਦੋਜ਼ ਪਾਣੀ ਦੀ ਸਤਾਹ 2039 ਵਿਚ 300 ਮੀਟਰ (984 ਫੁੱਟ) 'ਤੇ ਪੁੰਹਚ ਜਾਵੇਗੀ ਜਿਹੜੀ ਪਹਿਲਾਂ ਹੀ ਕਰੀਬ 80 ਸੈਂਟੀ ਮੀਟਰ ਪ੍ਰਤੀ ਸਾਲ ਦੇ ਹਿਸਾਬ ਨਾਲ ਥੱਲੇ ਡਿੱਗ ਰਹੀ ਹੈ।" ਉਸ ਅਨੁਸਾਰ ਪੰਜਾਬ ਦੇ ਜਲ-ਵਹਿਣ ਸੁੱਕ ਚੱਲੇ ਹਨ ਅਤੇ ਇਸਦੀ ਧਰਤੀ ਹੇਠ ਸਿਰਫ 17 ਵਰ੍ਹਿਆਂ ਦੀ ਵਰਤੋਂ ਯੋਗ ਹੀ ਪਾਣੀ ਬਚਿਆ ਹੈ, ਉਹ ਵੀ ਬੇਅੰਤ ਡੂੰਘਾ। ਵਰਖੋਈ ਪਾਣੀ ਨਾਲ ਮੁੜ-ਭਰਪਾਈ ਹੀ ਜਲ ਤੰਗੀ ਦੀ ਮੌਤ ਰੋਕ ਸਕਦੀ ਹੈ। ਪਰ; ਇਸ ਲਈ ਵੀ ਸਾਵੀਂ ਅਤੇ ਨਿਯਮਤ ਵਰਖਾ ਦਾ ਹੋਣਾ ਨਿਹਾਇਤ ਜਰੂਰੀ ਹੈ, ਜਿਹੜੀ ਕਿ ਬੰਦੇ ਅਤੇ ਸਿਸਟਮ ਦੀ ਹੁੜਮੱਤ ਨੇ ਪਹਿਲਾਂ ਹੀ ਗੜਬੜਾ ਦਿੱਤੀ ਹੈ। ਪੰਜਾਬ ਸੰਦਰਭ; ਬਰਸਾਤੀ ਪਾਣੀ ਦੀ ਸੰਭਾਲ ਹਿੱਤ ਇੱਕ ਕਮਾਲ ਦੀ ਉਦਾਹਰਣ, ਨਿੱਜੀ ਤਜੁਰਬਿਆਂ ਆਧਾਰਤ, ਮੈਂ ਤੁਹਾਡੇ ਨਾਲ ਸਾਂਝੀ ਕਰਾਂਗਾ:

"ਵੱਖ-ਵੱਖ, ਸੌਖੀਆ ਤੇ ਸਸਤੀਆਂ, ਵਿਧੀਆਂ ਵਰਤ-ਉਸਾਰ ਕੇ, ਪੰਜਾਬ ਦਾ ਕੰਢੀ ਖਿੱਤਾ ਵਰਖੋਈ ਪਾਣੀ ਰੋਕਣ-ਖਲਾਰਨ ਅਤੇ ਧਰਤੀ 'ਚ ਗਰਕਾਉਣ ਹਿੱਤ ਬੜਾ ਢੁੱਕਵਾਂ ਹੈ। ਪੰਜਾਬ ਦਾ ਕੁਲ ਰਕਬਾ 54 ਲੱਖ ਹੈਕਟੇਅਰ ਹੈ। ਜਿਸਦਾ 10%, ਭਾਵ 5.4 ਲੱਖ ਹੈਕ. ਕੰਢੀ ਖੇਤਰ 'ਚ ਪੈਂਦਾ ਹੈ। ਭਾਰਤ ਦੀ ਔਸਤਨ ਸਾਲਾਨਾ ਵਰਖਾ 1200 ਐਮ. ਐਮ. ਹੈ। ਮੌਜੂਦਾ ਸਮੇਂ ਪੰਜਾਬ ਦੀ 800 ਐਮ.ਐਮ.ਹੈ। ਹਾਲ ਦੀ ਘੜੀ, ਤੁਸੀਂ ਕੰਢੀ ਦਾ ਚੌਥਾ ਹਿੱਸਾ (25%), ਜਾਣੀ 1.35 ਲੱਖ ਹੈਕ., ਹੀ ਲਵੋ ਅਤੇ ਰੋੜ੍ਹਵੀਂ ਵਰਖਾ ਵੀ 50%, ਭਾਵ 400 ਐਮ. ਐਮ, ਹੀ ਮੰਨਕੇ ਚਲੋ। ਜੇ ਅਸੀਂ ਕੰਢੀ ਦੇ ਚੌਥੇ ਹਿੱਸੇ ਵਿੱਚ ਹੀ ਵਰਖਾ ਦਾ ਮਹਿਜ਼ ਅੱਧ ਹੀ ਰੋਕ-ਖੜ੍ਹਾ ਕੇ ਵਰਤ-ਗਰਕਾ ਲਈਏ ਤਦ ਵੀ ਬਰਸਾਤ ਦੇ ਇੰਜ ਕਮਾਏ ਹੋਏ ਪਾਣੀ ਦੀ ਮਿਕਦਾਰ 54 ਹਜ਼ਾਰ ਹੈਕ. ਲੀਟਰ ਬਣ ਜਾਵੇਗੀ। ਜਿਹੜਾ ਐਨਾ ਹੈ ਕਿ ਤੁਸੀਂ ਸਾਰੇ ਪੰਜਾਬ ਵਿੱਚ, ਜੇ ਇਹ ਬਿੱਲਕੁਲ ਸਾਂਵਾ-ਪੱਧਰਾ ਹੋਵੇ, ਇੱਕ-ਇੱਕ ਗਿੱਠ (10 ਸੈਂਟੀ ਮੀ.) ਪਾਣੀ ਖੜ੍ਹਾ ਸਕਦੇ ਹੋ।" ਸੋ; ਜਲ-ਸੰਕਟ ਦੇ ਨਿਵਾਰਨ ਹਿੱਤ ਕੰਢੀ 'ਚ ਭੂਮੀ, ਜਲ ਅਤੇ ਜੰਗਲ ਸੰਭਾਲ ਗਤੀਵਿਧੀਆਂ ਅਤੇ ਬਾਕੀ ਪੰਜਾਬ 'ਚ ਟੋਭੇ, ਵੱਟ ਬੰਦੀਆਂ ਅਤੇ ਸਾਂਝੇ ਥਾਵਾਂ 'ਤੇ ਬ੍ਰਿਛ"। ਚੇਤੇ ਰੱਖੋ; "ਧਰਤੀ ਹੇਠਲਾ ਪਾਣੀ ਮਿੱਟੀ ਦੀਆਂ ਪਰਤਾਂ ਠੰਡੀਆਂ ਤੇ ਟਿੱਕਵੀਆਂ ਰੱਖਣ ਅਤੇ ਬ੍ਰਿਛ ਭੌਂ ਖੋਰ (ਸਿਲਟਿੰਗ) ਰੋਕਣ ਅਤੇ ਵਰਖਾ ਵਰ੍ਹਾਉਣ 'ਚ ਸਿਫਤੀ ਹਿੱਸਾ ਪਾਉਂਦੇ ਹਨ। ਇੱਕ ਵਰਗ ਕਿਲੋਮੀਟਰ ਭਰਪੂਰ ਜੰਗਲ ਆਪਣੀਆ ਜੜ੍ਹਾਂ ਅਤੇ ਵਯੂਦ ਰਾਹੀਂ 50,000 ਘਣ ਲੀਟਰ ਵਰਖਾ ਪਾਣੀ ਧਰਤੀ ਵਿਚ ਰੀ-ਚਾਰਜ ਕਰ ਦਿੰਦਾ ਹੈ।"

ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ।ਪਾਣੀ ਦੇ ਬਾਕੀ ਤਾ-ਸੋਮੇ,ਧਰਤੀ ਉੱਤਲੇ ਤੇ ਧਰਤੀ ਹੇਠਲੇ, ਵਗਦੇ, ਖੜ੍ਹੇ ਜਾਂ ਜੰਮੇ ਹੋਏ, ਸਾਰੇ ਦੇ ਸਾਰੇ ਵਰਖੋਈ ਪਾਣੀ ਉੱਤੇ ਹੀ ਮੁਨੱਸਰ ਹਨ। ਦਰ-ਹਕੀਕਤ; ਕੁਦਰਤ, ਇੱਕ ਜਲ-ਚੱਕਰ ਦੇ ਰੂਪ ਵਿੱਚ ਸਾਨੂੰ ਪਾਣੀ ਦਿੰਦੀ ਹੈ। ਅਸੀਂ ਉਸ ਚੱਕਰ ਦਾ ਮਹੱਤਵਪੂਰਨ ਹਿੱਸਾ ਹਾਂ। ਇਸ ਚੱਕਰ ਨੂੰ ਚੱਲਦਾ ਰੱਖਣਾ ਸਾਡੀ ਜ਼ਿਮੇਵਾਰੀ ਹੈ।

ਇਹ ਚੱਕਰ ਤਦ ਹੀ ਚਲਦਾ ਰਹਿ ਸਕਦਾ ਹੈ, ਜੇ ਜੰਗਲ, ਪਹਾੜ, ਜਲ-ਵਹਿਣ, ਜਲ-ਸੋਮੇ, ਜੀਵ-ਜੰਤੂ ਭਾਵ ਕੁਦਰਤੀ ਸਮਤੋਲ ਅਤੇ ਸ਼ੁੱਧ ਤੇ ਸਾਵੇਂ ਵਾਤਾਵਰਣ ਸਮੇਤ ਉਹ ਸਾਰੇ ਕਾਰਕ ਜਿਉਂਦੇ ਰਹਿਣ ਜੋ ਸਾਵੀਂ ਮੌਨਸੂਨ (ਬਰਸਾਤ) ਲਈ ਨਿਹਾਇਤ ਜਰੂਰੀ ਹਨ। ਇਸ ਚੱਕਰ ਦਾ ਰੁੱਕ ਜਾਣਾ ਜੀਵਨ ਦਾ ਅੰਤ ਹੈ।

ਪਾਣੀ ਬੇਸ਼ਕੀਮਤੀ ਕੁਦਰਤੀ ਨਿਆਮਤ ਹੈ। ਇਹ ਬਣਾਇਆ ਨਹੀਂ ਜਾ ਸਕਦਾ। ਇਸਦੀ ਸੰਜਮੀ ਅਤੇ ਭਲੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਸ਼ੁੱਧ ਰੱਖਿਆ ਜਾ ਸਕਦਾ ਹੈ, ਬਚਾਇਆ ਜਾ ਸਕਦਾ ਹੈ। ਵਰ੍ਹਾਇਆ ਅਤੇ ਧਰਤੀ 'ਚ ਭੇਜਿਆ ਜਾ ਸਕਦਾ ਹੈ।

ਮੁੱਕਦੀ ਗੱਲ; ਵਰਖਾ ਦੀ ਹਰ ਤਿੱਪ ਨੂੰ ਕਮਾਉਣਾ ਹੀ ਉਜਲ ਸੰਕਟ" ਦਾ "ਰਾਮ ਬਾਣ" ਹੈ। ਮੁਹਿਮ; ਜੋ ਤੁਰੰਤ ਵਿਢਣ ਦੀ ਲੋੜ ਹੈ: "ਖੇਤ ਦਾ ਪਾਣੀ ਖੇਤ 'ਚ, ਖੇਤ ਦੀ ਮਿੱਟੀ ਖੇਤ 'ਚ। ਪਿੰਡ ਦੀ ਮਿੱਟੀ ਪਿੰਡ 'ਚ, ਪਿੰਡ ਦਾ ਪਾਣੀ ਪਿੰਡ 'ਚ।" ਇਹ ਨਾਰ੍ਹਾ ਡੂੰਘੇ ਅਰਥ ਅਤੇ ਹਾਂਦਰੂ ਸਿੱਟੇ ਸਮੇਟੀ ਬੈਠਾ ਹੈ। ਵਰਖਾ; ਭਾਵੇਂ ਗੜਬੜਾ ਦਿੱਤੀ ਗਈ ਹੈ, ਪਰ ਇਹ ਜਿੰਨੀ ਵੀ ਅਤੇ ਜਿਥੇ ਵੀ ਤੇ ਜਿਸ ਵੀ ਰੂਪ ਵਿਚ ਪੈਂਦੀ ਹੈ, ਨੂੰ ਕਮਾਉਣ/ਸੰਭਾਲਣ ਅਤੇ ਧਰਤੀ 'ਚ ਸੰਚਾਰ ਕਰਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ। ਜਲ ਸੋਮਿਆਂ ਨੂੰ ਜ਼ਿੰਦਾ ਰੱਖਣ ਦਾ ਸਦੀਵੀ ਹੱਲ ਇਹੀ ਹੈ।

# ਭੁੱਖਮਰੀ ਦਾ ਸੰਕਟ, ਭਾਰਤ ਅੰਦਰ ਆਰਥਿਕ ਅਸਮਾਨਤਾ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਇਹ ਕਿਵੇਂ ਮੰਨਿਆ ਜਾਵੇ ਜਮੀਨੀ ਪੱਧਰ 'ਤੇ ਕਿ ਭਾਰਤ ਦੁਨੀਆਂ ਦੀ ਇਕ ਪੰਜਵੀ ਆਰਥਿਕ ਸ਼ਕਤੀ ਬਣ ਗਿਆ ਹੈ? ਜਦ ਕਿ ਸੰਸਾਰ ਭੁੱਖ-ਮਰੀ ਦੇ ਸੂਚਕ ਅੰਕ 2023 ਦੇ ਮੁਤਾਬਿਕ ਭਾਰਤ 28.17 ਅੰਕਾਂ ਨਾਲ ਭੁੱਖਮਰੀ ਦੇ ਗੰਭੀਰ ਸੰਕਟ ਵਿੱਚ ਸ਼ਾਮਲ ਹੈ। "ਸੰਯੁਕਤ ਰਾਸ਼ਟਰ" ਦੀਆਂ ਦੋ ਹੋਰ ਅਜਿਹੀਆਂ ਤਾਜ਼ਾ ਰਿਪੋਰਟਾਂ ਜੋ ਦੇਸ਼ ਦੇ ਲੋਕਾਂ ਦੀ ਭੁੱਖ-ਮਰੀ 'ਤੇ ਭੋਜਨ ਨਾਲ ਜੁੜੀਆਂ ਹੋਈਆਂ ਹਨ, ਉਹ ਵੀ ਨਸ਼ਰ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਤਾਂ ! ਭੋਜਨ ਦੀ ਬਰਬਾਦੀ ਨਾਲ ਅਤੇ ਦੂਸਰੀ ਭੋਜਨ ਤੋਂ ਬਿਨ੍ਹਾਂ ਭੁੱਖ-ਮਰੀ ਨਾਲ ਜੁੜੀ ਹੋਈ ਹੈ! "ਸੰਯੁਕਤ-ਰਾਸ਼ਟਰ" ਨੇ ਪਹਿਲੀ ਰਿਪੋਰਟ ਰਾਂਹੀ ਭੋਜਨ ਦੀ ਹੋ ਰਹੀ ਬਰਬਾਦੀ ਨੂੰ ਗੰਭੀਰਤਾ ਨਾਲ ਲਿਆ ਹੈ। ਪਹਿਲਾਂ ਭੋਜਨ ਦੀ "ਬਰਬਾਦੀ" ਦੀ ਰਿਪੋਰਟ ਜਾਰੀ ਕੀਤੀ ਗਈ ਹੈ 'ਤੇ ਦੂਸਰੀ "ਭੁੱਖ-ਮਰੀ" ਨਾਲ ਸਬੰਧਤ ਰਿਪੋਰਟ ਬਾਦ ਵਿਚ। ਸੰਯੁਕਤ-ਰਾਸ਼ਅਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, "ਕਿ ਜੇਕਰ ਭੋਜਨ ਦੀ ਹਹੋ ਰਹੀ ਬਰਬਾਦੀ ਨੂੰ ਸੌ ਫੀ-ਸੱਦ ਰੋਕ ਦਿੱਤਾ ਜਾਵੇ ? ਤਾਂ! ਜੋ ਲੋਕ ਭੁੱਖ ਦੇ ਦੁੱਖ ਕਾਰਨ ਤੜਫ ਰਹੇ ਹਨ, ਉਨ੍ਹਾਂ ਨੂੰ ਕੁਝ ਢਾਰਸ ਮਿਲ ਸਕਦੀ ਹੈ?"

2024 ਅਪ੍ਰੈਲ ਦੇ ਅੰਤ ਵਿਚ ਸੰਯੁਕਤ ਰਾਸ਼ਟਰ ਦੀ "ਗਲੋਬਲ ਰਿਪੋਰਟ ਔਨ ਫੂਡ ਕਰਾਈਸ" ਵਿਚ ਦੱਸਿਆ ਗਿਆ ਹੈ ਕਿ ਦੁਨੀਆਂ ਭਰ ਦੇ ਕੁੱਲ 59 ਦੇਸ਼ਾਂ ਦੇ ਲੱਗ-ਪੱਗ 28.12 ਕਰੋੜ ਲੋਕ 2023 ਵਿੱਚ ਭੁੱਖੇ ਰਹਿਣ ਲਈ ਮਜਬੂਰ ਹੋਏ। ਇਸ ਰਿਪੋਰਟ ਮੁਤਾਬਿਕ ਯੁੱਧ ਦੀ ਲਪੇਟ ਵਿਚ ਗਾਜ਼ਾ-ਪੱਟੀ ਅਤੇ ਸੂਡਾਨ ਦੇ ਵਿਗੜੇ ਖਾਧ ਸੁਰੱਖਿਆ ਦੇ ਹਾਲਾਤਾਂ ਕਾਰਨ 2022 ਵਿੱਚ 21.4 ਕਰੋੜ ਤੋਂ ਵੀ ਵੱਧ ਲੋਕਾਂ ਨੂੰ ਭੁੱਖੇ ਰਹਿਣਾ ਪਿਆ। ਭੋਜਨ ਤੋਂ ਬਿਨ੍ਹਾਂ ਭੁੱਖੇ ਰਹਿਣ ਦੀ ਰਿਪੋਰਟ 2016 ਵਿੱਚ ਪਹਿਲਾਂ ਸੰਯੁਕਤ ਰਾਸ਼ਟਰ ਨੇ ਸ਼ੁਰੂ ਕੀਤੀ ਸੀ। ਪਹਿਲੀ ਰਿਪੋਰਟ ਦੀ ਤੁਲਨਾ ਵਿੱਚ 'ਤੇ ਤਾਜ਼ਾ ਰਿਪੋਰਟ ਵਿੱਚ ਲੋਕਾਂ ਦੇ ਭੁੱਖੇ ਰਹਿਣ ਦੀ ਗਿਣਤੀ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਨਾਲ ਦੀ ਨਾਲ ਖਾਧ ਸਮੱਗਰੀ ਤੋਂ ਬਿਨ੍ਹਾਂ ਵੀ ਭੁੱਖ ਨਾਲ ਤੜਫਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਭਾਂਵੇਂ ! ਭੁੱਖੇ ਰਹਿਣ ਦਾ ਇਕ ਕਾਰਨ ਗਰੀਬੀ 'ਤੇ ਬੇਰੁਜ਼ਗਾਰੀ ਵੀ ਹੋਵੇਗਾ; ਜੋ ਭੋਜਨ ਤੋਂ ਬਿਨਾਂ ਭੁੱਖ ਨਾਲ ਮਰਨ ਦਾ ਪ੍ਰਤੀਕ ਰੂਪ ਵਿਚ ਸਾਫ ਦਿਖਾਈ ਦਿੰਦਾ ਹੈ। ਜਿਨ੍ਹਾਂ ਵਿਚ ਭਾਰਤ ਵੀ ਇਕ ਦੇਸ਼ ਆਉਂਦਾ ਹੈ।



ਦੁਨੀਆਂ ਭਰ ਦੇ ਅਰਥਸ਼ਾਸਤਰੀਆਂ ਤੇ ਵਿਗਿਆਨੀਆਂ ਨੇ ਭੁੱਖ-ਮਰੀ ਦੀ ਸਮੱਸਿਆਂ ਨੂੰ ਸਮਝਣ ਲਈ ਇਕ ਪੈਮਾਨਾ ਨਿਰਧਾਰਿਤ ਕੀਤਾ ਹੈ। ਸੰਯੁਕਤ-ਰਾਸ਼ਟਰ ਦੇ "ਖਾਧ ਅਤੇ ਖੇਤੀ ਸੰਗਠਨ" (ਡਬਲਯੂ. ਐਫ. ਓ.) ਦੇ ਅਰਥ ਸ਼ਾਸਤਰੀ "ਮੈਕਿਸਮੋ ਟੋਰੇਰੋ" ਦੇ ਅਨੁਸਾਰ ਇਸ ਦੇ ਕੁੱਲ ਪੰਜ ਕਾਰਣ ਹਨ। ਇਸ ਵਿਚ ਭੁੱਖ ਨਾਲ (ਸੰਵਿਧਾਨਕ) ਪੀੜਤ ਲੋਕਾਂ ਨੂੰ ਪੰਜਵੇਂ ਥਾਂ 'ਤੇ ਰੱਖਿਆ ਗਿਆ ਹੈ। ਜਿਸ ਦੇ ਅੰਤਰਗਤ ਭਾਰਤ ਸਮੇਤ ਪੰਜ ਦੇਸ਼ਾਂ ਦੇ ਸਤਰ ਲੱਖ ਪੰਜ ਹਜ਼ਾਰ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿੱ 80ਫੀ-ਸੱਦ ਜਾਂ 57,07,000 ਤਾਂ ਕੇਵਲ ਇਕਲੇ ਹੀ ਯੁੱਧ ਪੀੜਤ ਗਾਜ਼ਾਪੱਟੀ ਵਿਚ ਹਨ। ਵਿਸ਼ਵ ਭੁੱਖ ਸੂਚਕ ਅੰਕ 2023 ਅਨੁਸਾਰ ਭਾਰਤ ਭੁੱਖ-ਮਰੀ ਦੇ ਸਿਕਾਰ 125-ਦੇਸ਼ਾਂ ਦੀ ਸੂਚੀ ਵਿਚ 111-ਵੇਂ ਸਥਾਨ 'ਤੇ ਸੀ।

ਦੇਸ਼ ਦੀ ਰਾਜ ਸਤਾ 'ਤੇ ਕਾਬਜ਼ ਰਾਜਨੀਤਕ ਲੋਕਾਂ ਨੂੰ ਖਾਸ ਕਰਕੇ ਤੀਜੀ ਵਾਰ 2024 ਵਿਚ ਐਨ.ਡੀ.ਏ. ਦੀ ਬਣੀ ਮੋਦੀ ਸਰਕਾਰ ਨੂੰ ਇਹ ਵੀ ਸੋਚਣਾ ਚਾਹੀਦਾ ਹੈ, ਕਿ ਅਸੀਂ 21-ਵੀਂ ਸਦੀ ਵਿਚ ਤਾਂ ਪਹੁੰਚ ਗਏ ਹਾਂ, 'ਤੇ ਪੰਜਵੀਂ ਸੰਸਾਰ ਆਰਥਿਕ ਸ਼ਕਤੀ ਵੀ ਬਣ ਗਏ ਹਾਂ! ਪਰ ਸਾਡੇ ਦੇਸ਼ ਦੀ ਭੁੱਖ ਮਰੀ ਨਾਲ ਪੀੜਤ ਲੋਕਾਂ ਵਾਲੇ ਦੇਸ਼ਾਂ ਦੇ ਰੂਪ ਵਿਚ ਪਹਿਜਾਣ ਅੱਜੇ ਵੀ ਹੋ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ 2024 ਦੀਆਂ ਸੰਸਦ ਚੋਣਾਂ ਵਿਚ ਚੋਣ ਦਾ ਮੁੱਖ ਮੁੱਦਾ ਦੇਸ਼ ਵਿਚੋਂ 25 ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢਣ ਦੀਆਂ ਟਾਹਰਾਂ ਮਾਰੀਆਂ ਸਨ। ਪਰ! ਦੇਸ਼ ਵਿਚ ਗਰੀਬੀ ਤੇ ਭੁੱਖ ਮਰੀ ਦੇ ਅੰਕੜੇ ਡਰਾਉਣ ਵਾਲੇ ਆਏ ਹਨ। ਅਸੀਂ ਭਾਵੇਂ! ਕਹਿ ਰਹੇ ਹਾਂ, ਕਿ ਅਸੀਂ ਆਤਮ ਨਿਰਭਰ ਤੇ ਆਧੁਨਿਕ ਵਿਗਿਆਨਕ ਤਰੱਕੀ ਕਰਕੇ ਚੰਦ ਤਕ ਪਹੁੰਚਣ 'ਤੇ ਰੱਖਿਆ ਉਪਕਰਣਾਂ ਦਾ ਨਿਰਮਾਣ ਅਤੇ ਨਿਰਯਾਤ ਸਮੇਤ ਵੱਖ-ਵੱਖ ਖੇਤਰਾਂ ਵਿਚ ਆਤਮ ਨਿਰਭਰ ਬਣ ਗਏ ਹਾਂ? ਇਹ ਵੀ ਕਹਿ ਰਹੇ ਹਾਂ, ਕਿ ਸਾਡੀ ਵਿਦੇਸ਼ੀ ਨੀਤੀ, ਕੂਟਨੀਤਕ ਸੁਰੱਖਿਆ ਪ੍ਰਣਾਲੀ ਅਤੇ ਸਾਡੇ ਲੋਕਤੰਤਰ, ਸਾਹਿਤ-ਸੱਭਿਆਚਾਰ 'ਤੇ ਕਲਾਅਤਮਕ ਤੌਰ 'ਤੇ ਦੁਨੀਆਂ ਵਿਚ ਸਾਡੀ ਪਹਿਚਾਣ ਹੋ ਰਹੀ ਹੈ ? ਅਸੀਂ ਪੰਜਵੀਂ ਅਰਥ-ਵਿਵਸਥਾ 'ਚ ਪਹੁੰਚ ਗਏ ਹਾਂ ਅਤੇ ਜਲਦੀ ਹੀ ਕੁਝ ਸਾਲਾਂ ਵਿਚ ਦੁਨੀਆਂ ਦੀ ਤੀਸਰੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਾਉਣ ਦੀਆਂ ਡੀਗਾਂ ਵੀ ਮਾਰ ਰਹੇ ਹਾਂ! ਪਰ ਭੁੱਖ ਦੁੱਖੋਂ ਲੋਕ ਮਰ ਰਹੇ ਹਨ। ਦੁਨੀਆਂ ਭਰ ਵਿਚ ਇਹ ਵੀ ਇਕ ਚਰਚਾ ਹੈ, "ਕਿ ਭਾਰਤ ਦੇਸ਼ ਵਿਚ ਲੋਕ ਭੁੱਖ ਦੁਖੋਂ ਮਰ ਰਹੇ ਹਨ (ਮੀਡੀਆ ਰਿਪੋਰਟਾਂ)

"ਯੂ.ਐਨ.ਈ.ਪੀ. ਅਨੁਸਾਰ ਖਾਧ ਬਰਬਾਦੀ ਸੂਚਕ ਅੰਕ" 2024 ਦੀ ਰਿਪੋਰਟ ਵਿਚ ਕਿਹਾ ਗਿਆ ਹੈ, ਕਿ ਰੋਜਾਨਾਂ ਦੁਨੀਆ ਭਰ ਵਿਚ ਜਿੰਨੇ ਭੁੱਖੇ ਲੋਕ ਸੌਂਦੇ ਹਨ, ਉਸ ਤੋਂ ਕਿਤੇ ਜ਼ਿਆਦਾ ਅਨਾਜ ਬਰਬਾਦ ਹੋ ਜਾਂਦਾ ਹੈ। ਜਿਸ ਵਿਚ ਸਭ ਤੋਂ ਵੱਡੀ ਭੂਮਿਕਾ ਹੋਟਲ, ਰੇਸਤਰਾ ਤੇ ਵਿਆਹਾਂ-ਸ਼ਾਦੀਆਂ, ਸਮਾਗਮਾਂ, ਭੰਡਾਰਿਆਂ ਅਤੇ ਧਾਰਮਿਕ ਸਕਾਨਾਂ ਰਾਂਹੀ ਨਿਭਾਈ ਜਾਂਦੀ ਹੈ। ਇਕ ਹੋਰ ਰਿਪੋਰਟ ਦੇ ਅਨੁਸਾਰ 2022 ਵਿਚ ਸੰਸਾਰ ਭਰ ਵਿੱਚ ਕੁੱਲ ਅਨਾਜ ਦੇ ਉਤਪਾਦਨ ਦਾ 19-ਫੀ ਸੱਦ ਭਾਵ ! ਲੱਗ-ਪੱਗ 1105 ਅਰਬ ਟਨ ਅਨਾਜ ਬਰਬਾਦ ਹੋ ਗਿਆ ਸੀ। ਇਸ ਰਿਪੋਰਟ ਮੁਤਾਬਿਕ, ਇਹ ਅਨਾਜ ਖੇਤ ਤੋਂ ਲੈ ਕੇ ਥਾਲੀ ਤੱਕ ਪਹੁੰਚਦਿਆਂ-ਪਹੁੰਚਦਿਆਂ 13-ਫੀਸਦ ਅਨਾਜ ਬਰਬਾਦ ਹੋ ਜਾਂਦਾ ਹੈ।

"ਸੰਯੁਕਤ ਰਾਸ਼ਟਰ ਵਾਤਾਵਰਣ ਸਰਗਰਮੀ" ਦੀ ਖਾਧ ਬਰਬਾਦੀ ਸੂਚਕ ਅੰਕ ਦੀ ਰਿਪੋਰਟ ਸਾਲ 2030 ਤੱਕ ਭੋਜਨ ਦੀ ਬਰਬਾਦੀ ਨੂੰ ਅੱਧਾ ਕਰਨ ਦੇ ਲਈ ਦੇਸ਼ਾਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ, ਕਿ ਜੇਕਰ ਅਨਾਜ ਦੀ ਬਰਬਾਦੀ ਨੂੰ ਰੋਕ ਲਿਆ ਜਾਵੇ ! ਤਾਂ ਦੁਨੀਆਂ ਵਿਚ ਹੋ ਰਹੀ ਭੁੱਖ ਮਰੀ ਖ਼ਤਮ ਹੋ ਸਕਦੀ ਹੈ। ਕਿਉਂਕਿ ਅੱਜ ਦੁਨੀਆਂ ਵਿਚ ਰੋਜ਼ਾਨਾ 78.3 ਕਰੋੜ ਲੋਕ ਗੰਭੀਰ ਭੁੱਖ ਦਾ ਸਾਹਮਣਾ ਕਰ ਰਹੇ ਹਨ। ਜਦ ਕਿ ਇਕ ਅਰਬ

*(ਬਾਕੀ ਅਗਲੇ ਸਫੇ 'ਤੇ)*

# ਬਦਲ ਰਹੇ ਸਿਆਸੀ ਸਮੀਕਰਣ ਪੰਜਾਬ ਦੇ



ਗੁਰਮੀਤ ਪਲਾਹੀ
91-98158-02070

ਸੂਬੇ ਪੰਜਾਬ ਦੇ ਸਿਆਸੀ ਹਾਲਾਤ ਨਿੱਤ ਪ੍ਰਤੀ ਬਦਲ ਰਹੇ ਹਨ। ਪਾਰਲੀਮੈਂਟ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਤ ਕੁਝ ਗੁਆ ਲਿਆ ਹੈ, ਹੁਣ ਉਹ ਵੋਟ ਪ੍ਰਤੀਸ਼ਤ ਸ਼੍ਰੋਮਣੀ ਅਕਾਲੀ ਦੇ ਪੱਲੇ ਨਹੀਂ ਰਹੀ, ਜੋ ਕਦੇ ਉਸਦਾ ਇੱਕ ਇਲਾਕਾਈ ਪਾਰਟੀ ਦੇ ਤੌਰ 'ਤੇ ਪ੍ਰਭਾਵੀ ਸਿਆਸੀ ਪਾਰਟੀ ਵਾਲਾ ਅਕਸ ਉਭਾਰਦੀ ਸੀ।

ਪਾਰਲੀਮੈਂਟ ਚੋਣਾਂ ਉਪਰੰਤ ਪੰਜਾਬ 'ਚ ਪੰਜ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਹਨਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਜਨ ਸਮਾਜ ਪਾਰਟੀ ਨਾਲ ਮੁੜ ਸਾਂਝ ਭਿਆਲੀ ਪਾਈ ਹੈ ਅਤੇ ਜਲੰਧਰ ਪੱਛਮੀ, ਚੱਬੇਵਾਲ (ਦੋਵੇਂ ਰਾਖਵੇਂ ਹਲਕੇ) ਚੋਣ ਹਲਕੇ ਤੋਂ ਬਸਪਾ ਚੋਣ ਲੜੇਗੀ ਅਤੇ ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਵਾਹਾ ਤੋਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਚੋਣ ਲੜਨਗੇ। ਇਹ ਜ਼ਿਮਨੀ ਚੋਣਾਂ ਅਗਲੇ ਛੇ ਮਹੀਨਿਆਂ 'ਚ ਹੋਣਗੀਆਂ। ਸ਼ਾਇਦ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਇਹ ਸਾਂਝ ਭਿਆਲੀ ਜਾਰੀ ਰਹੇ ਅਤੇ ਸਾਰੀਆਂ ਰਾਖਵੀਆਂ ਸੀਟਾਂ ਬਸਪਾ ਅਤੇ ਅਣ-ਰਾਖਵੀਆਂ ਸੀਟਾਂ ਉਤੇ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਖੜੇ ਹੋਣ। ਪਰ ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਹੁਣ ਨਾ ਬਸਪਾ ਦਾ ਰਾਖਵੀਆਂ ਸੀਟਾਂ ਉਤੇ ਕੋਈ ਵੱਡਾ ਬੋਲਬਾਲਾ ਹੈ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਆਪਣਾ ਅਧਾਰ ਬਚਾਕੇ ਰੱਖ ਸਕਿਆ ਹੈ।

ਪਿਛਲੀਆਂ ਦੋ-ਤਿੰਨ ਚੋਣਾਂ 'ਚ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਉਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਉਸ ਦੀ ਪਾਰਟੀ ਦੇ ਵੱਡੇ ਨੇਤਾ ਉਸਦਾ ਸਾਥ ਛਡ ਰਹੇ ਹਨ। ਬਾਗੀ ਹੋ ਰਹੇ ਹਨ। ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੁਖਬੀਰ ਸਿੰਘ ਬਾਦਲ ਤੋਂ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਕਾਟੋ-ਕਲੇਸ਼ ਇਥੋਂ ਤੱਕ ਵਧ ਚੁੱਕਾ ਹੈ ਕਿ ਜਲੰਧਰ ਪੱਛਮੀ ਤੋਂ ਸੁਖਬੀਰ ਸਿੰਘ ਬਾਦਲ ਨੇ ਬੀਬੀ ਸੁਰਜੀਤ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਥਾਪਿਆ ਸੀ, ਇਹ ਨਾਂਅ ਬੀਬੀ ਜਗੀਰ ਕੌਰ ਨੇ ਸੁਝਾਇਆ ਸੀ ਪਰ ਕਿਉਂਕਿ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬਮਧਕ ਕਮੇਟੀ ਹੁਣ ਵਿਰੋਧੀਆਂ ਦੇ ਖੇਮੇ ਦੀ ਮੁੱਖ ਨੇਤਾ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਨੇ ਸੁਰਜੀਤ ਕੌਰ ਨੂੰ ਆਪਣੇ ਉਮੀਦਵਾਰ ਵਜੋਂ ਹਿਮਾਇਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਐਲਾਨ ਕੀਤਾ ਹੈ। ਇਸ ਸਥਿਤੀ ਨਾਲ ਸੁਖਬੀਰ ਸਿੰਘ ਬਾਦਲ ਪ੍ਰਤੀ ਪਾਰਟੀ ਦੇ ਵਿਰੋਧੀ ਖੇਮੇ 'ਚ ਵੱਡਾ ਰੋਸ ਹੈ।

ਖਡੂਰ ਸਾਹਿਬ ਅਤੇ ਫਰੀਦਕੋਟ ਪਾਰਲੀਮਾਨੀ ਚੋਣਾਂ 'ਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਉਪਰੰਤ ਉਤਸ਼ਾਹਤ ਹੋਈਆਂ ਪੰਥਕ ਧਿਰਾਂ ਵਲੋਂ ਭਗਵੰਤ ਸਿੰਘ ਬਾਜੇਕੇ ਉਰਫ਼ ਪ੍ਰਧਾਨ ਮੰਤਰੀ ਗਿੱਦੜਵਾਹਾ, ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਅਤੇ ਕੁਲਵੰਤ ਸਿੰਘ ਰਾਊਕੇ ਬਰਨਾਲਾ ਵਿਧਾਨ ਸਭਾ ਚੋਣ ਹਲਕੇ ਤੋਂ ਚੋਣ ਲੜਨਗੇ। ਚੱਬੇਵਾਲ ਰਾਖਵਾਂ ਹਲਕਾ ਹੈ, ਇਸ ਧਿਰ ਵਲੋਂ ਇਥੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਹੈ।

ਇਥੇ ਵੇਖਣ ਯੋਗ ਗੱਲ ਇਹ ਵੀ ਹੋਵੇਗੀ ਕਿ ਕੀ ਸ਼੍ਰੋਮਣੀ ਅਕਾਲੀ ਦਲ (ਬ) ਦੋ ਫਾੜ ਹੋ ਜਾਏਗਾ ਤੇ ਇੱਕ ਹੋਰ ਨਵਾਂ ਅਕਾਲੀ ਦਲ ਬਣੇਗਾ। ਇਹ ਅਕਾਲੀ ਦਲ ਦੀ ਦੂਜੀਆਂ ਪੰਥਕ ਧਿਰਾਂ ਨਾਲ ਹੱਥ ਮਿਲਾਏਗਾ? ਸਿਮਰਨਜੀਤ ਸਿੰਘ ਮਾਨ ਦਾ ਧੜਾ ਵੀ ਪਹਿਲਾਂ ਦੀ ਤਰ੍ਹਾਂ ਆਪਣੇ ਉਮੀਦਵਾਰ ਖੜੇ ਕਰੇਗਾ। ਖੱਬੀਆਂ ਧਿਰਾਂ ਵੀ ਮੈਦਾਨ 'ਚ ਆਉਣਗੀਆਂ, ਕਿਉਂਕਿ ਪੰਜਾਬ 'ਚ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਪਾਰਲੀਮਾਨੀ ਚੋਣਾਂ ਸਮੇਂ ਕੁਝ ਨਾ ਕੁਝ ਖੱਟਿਆ ਹੈ, ਇਸ ਕਰਕੇ ਕਿ ਚੋਣਾਂ ਆਹਮੋ- ਸਾਹਮਣੇ ਨਹੀਂ ਪੰਜ ਕੋਨੀਆਂ ਲੜੀਆਂ ਗਈਆਂ।

ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਉਪਰੰਤ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਇਹ ਸਪਸ਼ਟ ਕਰ



ਦਿੱਤਾ ਹੈ ਕਿ ਸੂਬੇ ਪੰਜਾਬ 'ਚ ਅਗਲੀਆਂ ਚੋਣਾਂ 'ਚ 'ਆਪ' ਨਾਲ ਉਹ ਕੋਈ ਭਾਈਵਾਲੀ ਨਹੀਂ ਕਰਨਗੇ। ਪੰਜਾਬ ਵਿੱਚ ਵੱਖਰੀਆਂ ਚੋਣਾਂ ਲੜਕੇ ਕਾਂਗਰਸ ਨੇ ਕੁਝ ਖੱਟਿਆ ਹੀ ਹੈ, ਗੁਆਇਆ ਨਹੀ।

ਭਾਰਤੀ ਜਨਤਾ ਪਾਰਟੀ ਪੰਜਾਬ 'ਚ ਪਾਰਲੀਮਾਨੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਵੋਟ ਪ੍ਰਤੀਸ਼ਤ ਪ੍ਰਾਪਤ ਕਰਕੇ ਉਤਸ਼ਾਹਤ ਹੈ ਅਤੇ ਜ਼ਿਮਨੀ ਚੋਣਾਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਪਾਰਟੀ ਵਲੋਂ ਦੂਜੇ ਖੇਮਿਆਂ 'ਚ ਸੰਨ ਲਾਉਣ ਦੀਆਂ ਤਰਤੀਬਾਂ ਲਗਾਤਾਰ ਜਾਰੀ ਹਨ। ਸਿਆਸੀ ਹਲਕੇ ਤਾਂ ਇਹ ਵੀ ਮੰਨਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਮੌਜੂਦਾ ਭੰਨ ਤੋੜ ਵੀ ਆਰ।ਐਸ।ਐਸ।, ਭਾਜਪਾ ਦੀ ਸ਼ਹਿ ਉਤੇ ਹੋ ਰਹੀ ਹੈ।

ਆਮ ਆਦਮੀ ਪਾਰਟੀ ਦਾ ਚੋਣ ਗ੍ਰਾਫ ਘਟਿਆ ਹੈ। ਵੋਟ ਪ੍ਰਤੀਸ਼ਤ ਵੀ ਗੜਬੜ ਹੋਈ ਹੈ ਅਤੇ ਪਾਰਲੀਮੈਂਟ 'ਚ ਉਸਦੇ ਸਿਰਫ਼ ਤਿੰਨ ਉਮੀਦਵਾਰ ਜੇਤੂ ਰਹੇ ਹਨ, ਹਾਲਾਂਕਿ ਉਸ ਵਲੋਂ ਆਪਣੇ ਕੰਮ ਦੇ ਅਧਾਰ 'ਤੇ 13 ਸੀਟਾਂ ਜਿੱਤਣ ਦਾ ਦਾਅਵਾ ਸੀ। ਇਹ ਦਾਅਵਾ ਉਂਜ ਕਾਂਗਰਸ ਵਲੋਂ ਵੀ ਕੀਤਾ ਗਿਆ ਸੀ। ਪੰਜਾਬ ਦੀ ਹਾਕਮ ਧਿਰ ਪੰਜਾਬ 'ਚ ਪੂਰੀਆਂ ਸੀਟਾਂ ਜਿੱਤਣ ਦੇ ਮਾਮਲੇ 'ਚ ਉਸੇ ਤਰ੍ਹਾਂ ਭਰੋਸੇ 'ਚ ਸੀ, ਜਿਵੇਂ ਦਿੱਲੀ ਦਾ ਹਾਕਮ 400 ਸੀਟਾਂ ਜਿੱਤਣ ਦੀ ਗੱਲ, ਦੇਸ਼ 'ਚ ਵਿਕਾਸ, ਲੋਕ ਹਿਤੂ ਕਾਰਜਾਂ ਅਤੇ ਧਾਰਮਿਕ ਪੱਤਾ ਖੇਲ੍ਹਣ ਉਪਰੰਤ ਕਰ ਰਿਹਾ ਸੀ।

ਪਰ ਉਪਰ ਦਿੱਲੀ 'ਚ ਵੀ ਅਤੇ ਇਥੇ ਪੰਜਾਬ 'ਚ ਵੀ ਹਾਕਮ ਧਿਰ ਦੀ ਕਾਰਗੁਜ਼ਾਰੀ ਨੇ ਦਰਸਾ ਦਿੱਤਾ ਕਿ ਲੋਕ ਕੰਮ ਚਾਹੁੰਦੇ ਹਨ, ਰੁਜ਼ਗਾਰ ਚਾਹੁੰਦੇ ਹਨ, ਚੰਗਾ ਜੀਵਨ ਚਾਹੁੰਦੇ ਹਨ, ਸਿਰਫ਼ ਮੁਫ਼ਤ ਬਿਜਲੀ, ਪਾਣੀ ਜਾਂ ਕੁਝ ਲੋਕ ਲਭਾਊ ਨਾਹਰੇ ਜਾਂ ਸਹੂਲਤਾਂ ਤੱਕ ਸੀਮਤ ਨਹੀਂ ਰਹਿ ਸਕਦੇ।

ਪੰਜਾਬ ਇਸ ਵੇਲੇ ਸਿਆਸੀ ਦੁਬਿਧਾ ਵਿੱਚ ਹੈ। ਪੰਜਾਬ ਧੱਕਾ ਨਹੀਂ ਚਾਹੁੰਦਾ। ਪੰਜਾਬ ਵਾਸੀ ਫਰੇਬ ਵਾਲੀ ਰਾਜਨੀਤੀ ਨਹੀਂ ਚਾਹੁੰਦੇ। ਸਿੱਧਾ ਸਾਦਾ ਉਹਨਾ ਦਾ ਸਵਾਲ ਹੈ ਕਿ ਪੰਜਾਬ ਮੌਜੂਦਾ ਸਥਿਤੀ ਵਿੱਚੋਂ ਨਿਕਲੇਗਾ ਕਿਵੇਂ? ਕਿਵੇਂ ਪੰਜਾਬ ਬਚਿਆ ਰਹੇਗਾ ਪ੍ਰਵਾਸ ਤੋਂ ? ਇਸ ਧਰਤੀ ਦੇ ਉਜਾੜੇ ਤੋਂ ? ਆਰਥਿਕ ਮੰਦਹਾਲੀ ਤੋਂ? ਪੰਜਾਬ ਨਾਲ ਜੋ ਨਿਰੰਤਰ ਧੱਕਾ ਹੋਇਆ ਹੈ, ਉਸ ਦਾ ਇਨਸਾਫ ਕੌਣ ਕਰੇਗਾ?

ਜਦੋਂ ਇਹਨਾ ਸਵਾਲਾਂ ਦੇ ਜਵਾਬ ਜਾਂ ਆਸ ਕਿਸੇ ਸਿਆਸੀ ਧਿਰ ਵਲੋਂ ਮਿਲਦਾ ਹੈ ਜਾਂ ਉਸਨੂੰ ਇਹਨਾ ਸਵਾਲਾਂ ਦੇ ਜਵਾਬ ਦੀ ਆਸ ਬੱਝਦੀ ਹੈ, ਉਹ ਉਸ ਵੱਲ ਹੀ ਉਲਰ ਪੈਂਦਾ ਹੈ। ਮਿਸਾਲ ਆਮ ਆਦਮੀ ਪਾਰਟੀ ਦੀ ਪਿਛਲੀ ਸਰਕਾਰ ਦੀ ਹੈ, ਜਦੋਂ 2022 'ਚ 92 ਵਿਧਾਨ ਸਭਾ ਪ੍ਰਤੀਨਿਧ ਉਸਦੇ ਹੀ ਪੰਜਾਬੀਆਂ ਚੁਣ ਦਿੱਤੇ ਤੇ ਧੁਰੰਤਰ ਸਿਆਸਤਦਾਨਾਂ ਨੂੰ ਸਮੇਤ ਪ੍ਰਕਾਸ਼ ਸਿੰਘ ਬਾਦਲ ਦੇ ਉਹਨਾ ਨੂੰ ਚਿੱਤ ਕਰ ਦਿੱਤਾ। ਪਰ ਦੋ ਵਰ੍ਹੇ ਹੀ ਬੀਤੇ ਹਨ, ਹਾਲਾਤ ਮੁੜ ਗੇੜ ਖਾ ਗਏ ਹਨ, ਉਲਾਰੂ ਸਿਆਸਤ ਨੇ ਫਿਰ ਖੰਭ ਫੈਲਾ ਲਏ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਿਆਸਤ ਨਾਲ ਪੰਜਾਬ ਦਾ ਕੁਝ ਸੌਰੇਗਾ? ਕੀ ਪੰਜਾਬ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦਾ ਰਹੇਗਾ? ਕੀ ਪੰਜਾਬ ਦੀ ਜਵਾਨੀ ਇੰਜ ਹੀ ਰੁਲਦੀ ਰਹੇਗੀ।

ਅੱਜ ਪੰਜਾਬ ਨਸ਼ਿਆਂ ਦੀ ਲਪੇਟ 'ਚ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਦੇ ਕੇਸਾਂ 'ਚ, ਪੰਜਾਬ ਦੇ ਨੌਜਵਾਨ ਵੱਡੀ ਗਿਣਤੀ 'ਚ ਬੈਠੇ ਹਨ। ਕਾਰਨ ਪੰਜਾਬ 'ਚ ਫੈਲਿਆ ਗੈਂਗਸਟਰ ਮਾਫੀਆ ਤੇ ਨਸ਼ਿਆਂ ਦੇ ਸੌਦਾਗਰ ਹਨ। ਕੀ ਇਹ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਵੱਧ-ਫੁੱਲ ਸਕਦੇ ਹਨ? ਕਦਾਚਿਤ ਵੀ ਨਹੀਂ। ਕੀ ਇਹ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਕਿ ਇਹਨਾ ਦੀ ਸਰਪ੍ਰਸਤੀ ਕੌਣ ਕਰ ਰਿਹਾ ਹੈ?

ਹੁਣ ਸਵਾਲ ਉਠਦੇ ਹਨ। ਫ਼ਰੀਦਕੋਟ ਤੇ ਖਡੂਰ ਸਾਹਿਬ ਤੋਂ ਉੱਠਦੀਆਂ ਗਰਮ ਹਵਾਵਾਂ ਕੀ ਪੰਜਾਬ ਵਿੱਚ ਭਗਵਿਆਂ ਨੂੰ ਆਪਣੀ ਸਿਆਸਤ ਜ਼ਰਖੇਜ਼ ਕਰਨ ਦਾ ਕਾਰਨ ਨਹੀਂ ਬਣੇਗੀ? ਤਾਂ ਫਿਰ ਪੰਜਾਬ ਦਾ ਭਵਿੱਖ ਕੀ ਹੋਵੇਗਾ? ਜੇਕਰ ਇੰਜ ਨਹੀਂ ਹੁੰਦਾ ਤਾਂ ਕੀ ਪੰਜਾਬ ਵੀ ਜੰਮੂ-ਕਸ਼ਮੀਰ ਵਾਂਗਰ ਤਿੰਨ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ 'ਚ ਵੰਡਿਆ ਜਾਏਗਾ?

ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋ ਕੇ ਸਜ਼ਾਵਾਂ ਲਗਵਾ ਕੇ ਆਪ ਦੁੱਧ ਧੋਤੇ ਹੋ ਜਾਣਗੇ?ਕੀ ਸੁਖਬੀਰ ਸਿੰਘ ਬਾਦਲ ਪਿਛਲੇ ਕੀਤਿਆਂ ਦੀਆਂ ਭੁਲਾ ਬਖ਼ਸ਼ਾਕੇ ਸਾਫ਼ ਸੁਥਰਾ ਹੋ ਗਿਆ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ।

ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ 'ਚ ਰਾਜਾਂ ਲਈ ਵਧ ਅਧਿਕਾਰ ਲੈਕੇ ਸੂਬੇ ਦਾ ਕੁਝ ਸੁਆਰ ਸਕੇ। ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁਦੱਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਨਾਉਣ ਦੇ ਚੱਕਰ 'ਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉਤੇ ਸਵਾਲ ਖੜੇ ਹੋ ਗਏ ਹਨ।

ਪੰਜਾਬ ਦੇ ਕੁਝ ਵਿਰਾਸਤੀ ਮੁੱਦੇ ਹਨ। ਇਹ ਮੁੱਦੇ ਪੰਜਾਬ ਦੇ ਅਣਖੀਲੇ ਲੋਕਾਂ ਦੀ ਸੋਚ ਨਾਲ ਜੁੜੇ ਹੋਏ ਹਨ। ਪੰਜਾਬ ਦੀ ਕੋਈ ਵੀ ਸਿਆਸੀ ਧਿਰ ਪਿਛਲੇ ਕੁਝ ਦਹਾਕਿਆਂ ਤੋਂ ਇਹਨਾ ਦੇ ਹੱਲ ਲਈ ਯਤਨਸ਼ੀਲ ਨਹੀਂ ਰਹੀ। ਸਿਆਸੀ ਧਿਰਾਂ ਬੱਸ ਓਪਰੇ -ਓਪਰੇ ਇਹਨਾ ਮੁੱਦਿਆਂ ਨੂੰ ਹੱਥ ਤਾਂ ਲਾਉਂਦੀਆਂ ਰਹੀਆਂ, ਪਰ ਇਹਨਾ ਦੇ ਹੱਲ ਕਰਨ ਲਈ ਹੌਂਸਲਾ ਨਹੀਂ ਕਰ ਰਹੀਆਂ। ਸਗੋਂ ਕਈ ਹਾਲਤਾਂ 'ਚ ਇਹਨਾ ਮੁੱਦਿਆਂ ਨੂੰ ਉਲਝਾ ਰਹੀਆਂ ਹਨ। ਜਿਸ ਨਾਲ ਪੰਜਾਬ ਦੀ ਸਮਾਜਿਕ, ਸਭਿਆਚਾਰਕ , ਆਰਥਿਕ ਸਥਿਤੀ ਪਚੀਦਾ ਹੁੰਦੀ ਜਾ ਰਹੀ ਹੈ।

ਪੰਜਾਬ 'ਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਹਨਾ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।

# ਭੁੱਖਮਰੀ ਦਾ ਸੰਕਟ, ਭਾਰਤ ਅੰਦਰ ਆਰਥਿਕ ਅਸਮਾਨਤਾ

*(ਸਫਾ 22 ਦੀ ਬਾਕੀ)*

ਲੋਕਾਂ ਦਾ ਖਾਣਾ ਬਰਬਾਦ ਹੋ ਜਾਂਦਾ ਹੈ।

ਅਨਾਜ ਦੀ ਹੋ ਰਹੀ ਬਰਬਾਦੀ ਦੇ ਸੁਧਾਰ ਚਾਹੁੰਣ ਵਾਲਿਆਂ ਦੇ ਅਨੁਸਾਰ ਪ੍ਰਤੀ ਵਿਅਕਤੀ ਲੱਗ-ਪੱਗ 79-ਕਿਲੋ ਗ੍ਰਾਮ ਹਰ ਸਾਲ ਭੋਜਨ ਬਰਬਾਦ ਹੋ ਜਾਂਦਾ ਹੈ? ਜੋ ਦੁਨੀਆਂ ਭਰ ਵਿਚ ਪ੍ਰਤੀ ਦਿਨ ਬਰਬਾਦ ਹੋਣ ਵਾਲੇ ਘੱਟੋ-ਘੱਟ ਇਕ ਅਰਬ ਲੋਕਾਂ ਦੇ ਭੋਜਨ ਦੀ ਥਾਲੀ ਦੇ ਬਰਾਬਰ ਹੈ। ਜੇਕਰ ਦੇਖਿਆ ਜਾਵੇ ਤਾਂ ਭੋਜਨ ਦੀ ਬਰਬਾਦੀ ਵੀ ਸੰਸਾਰ ਦੀ ਤਰਾਸਦੀ ਹੈ। ਜਿਸ ਨੂੰ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਸਮੱਸਿਆ ਸਾਰੇ ਸੰਸਾਰ ਦੀ ਅਰਥ ਵਿਵਸਥਾ 'ਤੇ ਨਿਕਾਰਆਤਮਿਕ ਪ੍ਰਭਾਵ ਹੀ ਨਹੀਂ ਪਾਉਂਦੀ ਸਗੋਂ 'ਤੇ ਜਲ-ਵਾਯੂ ਪ੍ਰੀਵਰਤਨ ਅਤੇ ਜੀਵਾਂ ਲਈ ਵੀ ਨੁਕਸਾਨ ਪਹੁੰਚਾਉਣ ਲਈ ਵੀ ਜਿੰਮਵਾਰ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਅੰਦਰ ਸਾਲ 2022-23 ਦੀ ਰਿਪੋਰਟ ਅਨੁਸਾਰ 74 ਮਿਲੀਅਨ ਖਾਧ ਪਦਾਰਥ ਬਰਬਾਦ ਹੋਇਆ ਸੀ। ਇਸੇ ਤਰ੍ਹਾਂ ਹੀ ਦੇਸ਼ ਅੰਦਰ ਪੈਦਾ ਹੋਏ ਅਨਾਜ ਦਾ 22-ਫੀ ਸੱਦ ਜਾਂ 10-ਫੀ ਸੱਦ ਕੁੱਲ ਪੈਦਾ ਹੋਏ ਅਨਾਜ, ਸਬਜ਼ੀਆਂ ਅਤੇ ਫਲਾਂ ਦੀ ਸਾਂਭ-ਸੰਭਾਲ ਅਤੇ ਦੁਰ-ਪ੍ਰਬੰਧਨ ਕਾਰਨ ਹੀ ਬਰਬਾਦ ਹੋ ਜਾਂਦਾ ਹੈ। ਸੰਸਾਰ ਅੰਦਰ ਪੈਦਾ ਹੋਏ 931-ਮਿਲੀਅਨ ਟਨ ਅਨਾਜ (17-ਫੀ ਸੱਦ ਹਿੱਸੇ 'ਚੋਂ) ਕੇਵਲ 8-ਫੀਸਦ ਹੀ ਭਾਰਤ ਦਾ ਹਿੱਸਾ ਹੈ (2019)। ''ਭਾਰਤੀ ਖੇਤੀ ਕੌਂਸਲ ਅਤੇ ਖੋਜ'' ਦਿੱਲੀ ਦੀ ਰਿਪੋਰਟ ਅਨੁਸਾਰ ਭਾਰਤ ਅੰਦਰ 10-ਫੀਸੱਦ ਅਨਾਜ, ਸਬਜ।ਆਂ, ਫੱਲ, ਦੁੱਧ ਅਤੇ ਅੰਡਿਆਂ ਦੀ ਪੈਦਾਵਾਰ ਦਾ ਮਨੁੱਖ ਦੀ ਥਾਲੀ ਤਕ ਪਹੁੰਚਦੇ-ਪਹੁੰਚੇ ਹੀ ਬਰਬਾਦ ਅਤੇ ਖਰਾਬ ਹੋ ਜਾਣਾ, ਇਕ ਬਹੁਤ ਵੱਡਾ ਦੁਖਾਂਤਾ ਹੈ! ਜਦ ਕਿ ਇਸ ਦੇ ਮੁਕਾਬਲੇ ਸੰਸਾਰ ਦੀ ਕੁੱਲ 15.3 ਬਿਲੀਅਨ ਸਲਾਨਾ ਖਾਧ ਦੀ ਪੈਦਾਵਾਰ ਵਿਚੋਂ ਕੇਵਲ 19-ਫੀ ਸੱਦ ਹੀ ਬਰਬਾਦੀ ਹੁੰਦੀ ਹੈ ।ਸੰਸਾਰ ਅੰਦਰ 121-ਕਿਲੋਗ੍ਰਾਮ ਪ੍ਰਤੀ ਵਿਅਕਤੀ ਸਲਾਨਾ ਅਨਾਜ ਦੀ ਬਰਬਾਦੀ ਹੁੰਦੀ ਹੈ, (ਸੰਯੁਕਤ ਰਾਸ਼ਟਰ ਆਰਥਿਕ ਵਾਧਾ 2021-ਰਿਪੋਰਟ)।

ਵਿਸ਼ਵ ਅਸਮਾਨਤਾ ਦੀ ਇਕ ਹੈਰਾਨੀ ਵਾਲੀ ਸੰਯੁਕਤ -ਰਾਸ਼ਟਰ ਦੀ ਇਕ ਤਾਜ਼ਾ ਰਿਪੋਰਟ ਮੁਤਾਬਿਕ ਦੁਨੀਆਂ ਵਿਚ ਲਗ-ਪੱਗ 80-ਕਰੋੜ ਲੋਕ ਰੋਜ਼ਾਨਾ ਭੁੱਖੇ ਸੌਂਦੇ ਹਨ ਅਤੇ ਦੂਸਰੇ ਪਾਸੇ ਭੋਜਨ ਦੀਆਂ ਲੱਗ-ਪੱਗ ''ਇਕ ਅਰਬ''ਥਾਲੀਆਂ ਬਰਬਾਦ ਕਰ ਦਿੱਤੀਆ ਜਾਂਦੀਆਂ ਹਨ। ''ਸੰਯੁਕਤ ਰਾਸ਼ਟਰ ਨੇ ਗਲੋਬਲ ਰਿਪੋਰਟ ਔਨਫੂਡ ਕਰਾਈਸਿਸ (ਖਾਧ ਸੰਕਟ ਤੇ ਵਿਸ਼ਵ ਰਿਪੋਰਟ) ਵਿੱਚ ਦੱਸਿਆ ਹੈ, ਕਿ ਭੁੱਖ ਨਾਲ ਤੜਫਨ ਵਾਲਿਆਂ ਵਿਚ ਬੱਚੇ, ਇਸਤਰੀਆਂ ਅਤੇ ਬਜ਼ੁਰਗ ਸਭ ਤੋਂ ਜ਼ਿਆਦਾ ਹਨ।''

ਭਾਰਤ ਭਾਵੇਂ ਚੀਨ ਅਤੇ ਅਮਰੀਕਾ ਬਾਦ ਅੰਨ ਦੀ ਪੈਦਾਵਾਰ 'ਚ ਮੋਹਰੀ ਦੇਸ਼ ਹੈ। ਕਿਉਂਕਿ? ਇਥੋਂ ਦੀ ਜ਼ਮੀਨ, ਪਾਣੀ (ਕਾਰਬਨ ਫੂਡ ਪ੍ਰਿੰਟ ਤੇ ਵਾਤਾਵਰਣ) ਖੇਤੀ ਲਈ ਅਨੁਕੂਲ ਹੁੰਦਾ ਹੈ। ਪਰ! ਇਥੇ ਭੁੱਖ-ਮਰੀ 'ਤੇ ਮਹਿੰਗਾਈ ਦੇ ਬਾਵਜੂਦ 50-ਕਿਲੋਗ੍ਰਾਮ ਪ੍ਰਤੀ ਵਿਅਕਤੀ ਹਰ ਸਾਲ ਖਾਧ ਪਦਾਰਥ ਬਰਬਾਦ ਅਤੇ ਖਰਾਬ ਹੋ ਜਾਂਦਾ ਹੈ। ਜਿਸ ਲਈ ਸਾਡੇ ਪਾਸ ਅਨਾਜ ਦੀ ਪੈਦਾਵਾਰ ਤੋਂ ਲੈ ਕੇ ਸਟੋਰ ਕਰਨ ਤੱਕ ਵਧੀਆ ਸਹੂਲਤਾਂ ਅਤੇ ਪ੍ਰਬੰਧ ਨਹੀਂ ਹਨ। ਫਸਲਾਂ ਦੀ ਕਟਾਈ, ਸਾਂਭ-ਸੰਭਾਲ, ਟਰਾਂਸਪੋਰਟ, ਮੰਡੀਕਰਨ, ਸੋਟਰ, ਕੋਲਡ ਸਟੋਰ 'ਤੇ ਫਸਲ ਬੀਜਣ ਤੋਂ ਲੈ ਕੇ ਮਨੁੱਖ ਦੀ ਥਾਲੀ ਤੱਕ ਸਾਰੇ ਰਾਹਾਂ 'ਤੇ ਵਿਚਲੇ ਸ਼ੋਸ਼ਣ ਕਰਨ ਲਈ ਬੈਠੇ ਹਨ। ਜਿਸ ਕਰਕੇ ਅਜੇ ਤੱਕ ਵੀ ਅਸੀਂ ਰਵਾਇਤੀ ਢੰਗ, ਤਰੀਕਿਆਂ 'ਤੇ ਗੈਰ-ਵਿਗਿਆਨਕ ਢੰਗਾਂ ਦੇ ਨਾਲ ਹੀ ਜੁੜੇ ਹੋਏ ਹਾਂ। 74-ਮਿਲੀਅਨ ਟਨ ਪੈਦਾਵਾਰ, ਉਪੱਜ ਦਾ 22-ਫੀਸਦ ਹਿੱਸਾ ਹਰ ਸਾਲ ਬਰਬਾਦ ਜਾਂ ਖਰਾਬ ਹੋ ਜਾਂਦਾ ਹੈ। ਜੋ ਕੁੱਲ ਪੈਦਾਵਾਰ ਦਾ 10-ਫੀਸਦ ਬਣਦ ਹੈ। ਇਸ ਕਰਕੇ ਹੀ ਭਾਰਤ ਦੇ ਲੋਕ ਹਰ ਸਾਲ ਭੁੱਖ ਨਾਲ ਵਿਆਕੁਲ ਹੁੰਦੇ ਹਨ। (ਗਲੋਬਲ ਹੰਗਰ ਇਡੈਕਸਰ ਰਿਪੋਰਟ)। ਭਾਰਤ ਅੰਦਰ ਹਿੰਦੂ ਦੀ ਰਿਪੋਰਟ ਨਵੰਬਰ 2021 ਕਿ 194.6 ਮਿਲੀਅਨ ਲੋਕ ਕੁਪੋਸ਼ਣ ਦੇ ਸ਼ਿਕਾਰ, ''ਖੁਰਾਕ ਤੇ ਖੇਤੀ ਸੰਸਥਾਂ ਦੀ ਰਿਪੋਰਟ ਅਨੁਸਾਰ 28.7 ਫੀ-ਸੱਦ ਲੋਕ ਭੱਖ-ਮਰੀ ਦਾ ਸ਼ਿਕਾਰ (2023) ਸਨ। ਡਾ:ਅਮ੍ਰਿਤਿਆ ਸੇਨ ਦਾ ਕਹਿਣਾ ਹੈ, ''ਕਿ ਲੋਕਾਂ ਕੋਲ ਖਾਧ ਪਦਾਰਥ ਖਰੀਦਣ ਦੀ ਸ਼ਕਤੀ ਨਹੀ ਹੈ। ਜਿਸ ਦਾ ਮੁੱਖ ਕਾਰਨ ਖਾਧ ਸਬੰਧੀ ਸਰਕਾਰੀ ਨੀਤੀਆਂ ਹੀ ਨੁਕਸਦਾਰ ਹਨ। ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਦੀਆਂ ਗਰੀਬਾਂ 'ਤੇ ਦੇਸ਼ ਦੇ ਹਰ ਵਰਗ ਅੰਦਰ ਕਿਸਾਨਾਂ, ਮਜ਼ਦੂਰਾਂ, ਦਲਿੱਤਾ, ਆਦਿਵਾਸੀਆਂ ਤੇ ਗਰੀਬੀ ਵਿਚ ਰਹਿ ਰਹੇ ਲੋਕਾਂ ਨੂੰ ਗਰੀਬੀ ਵਿਚੋਂ ਕੱਢਣ ਦੀਆ ਲੀਤੀਆਂ ਕਾਰਨ ਪਾੜਾ ਦਿਨੋ ਦਿਨ ਵੱਧ ਰਿਹਾ ਹੈ। ਜਦ ਕਿ ਉਪਰਲਾ ਵਰਗ ਜਿਸ ਨੂੰ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੈ, ਵੁਹ ਵਰਗ ਅੱਜ ਅਜ਼ਾਦੀ ਦੇ 75 ਸਾਲਾਂ ਬਾਦ ਵੀ ਹੋਰ ਅਮੀਰ ਤੋਂ ਅਮੀਰ ਹੋ ਰਿਹਾ ਹੈ। ਅੱਜ ਜਿਸ ਕਰਕੇ ਦੇਸ਼ ਅੰਦਰ ਆਰਥਿਕ ਪਾੜਾ ਵੱਧਣ ਕਾਰਨ ਗਰੀਬ,ਵਰਗ ਗਰੀਬੀ-ਗੁਰਬਤ ਵੱਲ ਜਾ ਰਿਹਾ ਹੈ। ਭਾਰਤ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਅਸੀਂ ਚੌਲਾਂ, ਕਣਕ, ਦਾਲਾਂ, ਦੁੱਧ, ਗੰਨਾ ਅਤੇ ਮੋਟੇ ਅਨਾਜ ਵਿਚ ਭਾਂਵੇਂ ! ਅਸੀਂ ਅੱਗੇ ਵੱਧ ਹਾਂ, ਪਰ! ਭੁੱਖ ਅਤੇ ਕੁਪੋਸ਼ਣ ਸਾਡਾ ਪਿੱਛਾ ਨਹੀਂ ਛੱਡ ਰਹੀ ਹੈ। ਅੱਜ ਅਸੀ 125-ਦੇਸ਼ਾਂ ਅੰਦਰ 'ਭੁੱਖਮਰੀ' ਦੇ 111-ਵੇਂ ਸਥਾਨ 'ਤੇ ਹਾਂ ! ਕਿਉਂਕਿ? ਸਾਨੂੰ ਗੁਣਵੰਤਾਂ ਵਾਲੀ ਖੁਰਾਕ ਅਤੇ ਪੇਟ ਭਰਵੀਂ ਰੋਟੀ ਨਹੀਂ ਮਿਲ ਰਹੀ ਹੈ ! ਅੱਜ ਵੀ 1.41 ਬਿਲੀਅਨ ਅਬਾਦੀ ਵਿਚੋਂ 190 ਮਿਲੀਅਨ ਭਾਰਤੀ ਭੁੱਖੇ ਹਨ। ਕਿਉਂਕਿ? ਦੇਸ਼ ਅੰਦਰ ਪੂੰਜੀਵਾਦੀ, ਫਿਰਕੂ ਅਤੇ ਅਜ਼ਾਰੇਦਾਰੀ ਪੱਖੀ ਆਰਥਿਕ ਨੀਤੀਆ ਨੂੰ ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਵਲੋਂ ਲਾਗੂ ਕਰਨ ਅਤੇ ਜਾਰੀ ਰੱਖਣ ਕਾਰਨ ਸਾਡੇ ਦੇਸ਼ ਦੀ ਕੌਮੀ ਸੰਪਤੀ ਅਤੇ ਆਰਥਿਕਤਾ ਇਕ ਪਾਸੜ ਵੱਧ ਰਹੀ ਹੈ। ਅੱਜ ਪੂੰਜੀ ਦਾ ਵਿਕਾਸ 'ਤੇ ਵਾਹਅ ਜੋ ਅਜਾਰੇਦਾਰ ਪੱਖੀ ਹੋਣ ਕਰਕੇ, 'ਆਰਥਿਕ ਨਾ-ਬਰਾਬਰੀਆਂ ਅਤੇ ਅਸਮਾਨਤਾਵਾਂ ਵਧੀਆਂ ਹਨ। ਇਸ ਨਾ-ਬਰਾਬਰੀ ਵਾਲੇ ਆਰਥਿਕ ਸਿਸਟਮ ਨੇ ਆਮ ਲੋਕਾਂ 'ਤੇ ਕਿਰਤੀ ਤੀ ਰੋਜ਼ੀ-ਰੋਟੀ ਬਰਬਾਦ ਕਰ ਦਿੱਤੀ ਗਈ ਅਤੇ ਖੋਹੀ ਜਾ ਰਹੀ ਹੈ। ਖੇਤੀ ਸੈਕਟਰ, ਮੌਜੂਦਾ ਉਦਾਰੀਵਾਦੀ ਆਰਥਿਕ ਨੀਤੀਆਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਜਿਸ ਕਾਰਨ ਅੱਜ! ਛੋਟਾ ਕਿਸਾਨ, ਪੇਂਡੂ ਮਜ਼ਦੂਰ ਅਤੇ ਕਿਰਤੀ ਲੋਕਾਂ ਦੀ ਬਹੁ-ਗਿਣਤੀ ਦਾ ਹਿੱਸਾ ਪ੍ਰਤੀ-ਦਿਨ ਦੋ ਡਾਲਰ ਜਾਂ ਇਸ ਤੋਂ ਵੀ ਘੱਟ ਰੋਜ਼ਾਨਾ ਆਮਦਨ ਹੋਣ ਕਾਰਨ ਦੋ ਵੇਲੇ ਦੀ ਰੋਟੀ ਖਾਣ ਤੋਂ ਵੀ ਆਤੁਰ ਹਨ। ਇਸ ਕਰਕੇ ਹੀ ਭਾਰਤ ਨੂੰ 'ਸਮੂਹਿਕ ਗਰੀਬੀ' ਭਾਵ! ਜਨ-ਗਰੀਬੀ ਦਾ ਦੇਸ਼ ਕਿਹਾ ਜਾ ਰਿਹਾ ਹੈ। ਜਦ ਕਿ ਕੇਂਦਰ ਦੀ ਸਰਕਾਰ ਖੁੱਦ ਮੰਨ ਰਹੀ ਹੈ, ''ਕਿ ਅਸੀਂ ਦੇਸ਼ ਦੇ 80-ਕਰੋੜ ਲੋਕਾਂ ਨੂੰ ਅਨਾਜ ਹਰ ਮਹੀਨੇ ਦੇ ਰਹੇ ਹਾਂ।'' ਭਾਵ! ਭਾਰਤ ਦਾ ਅਵਾਮ ਇਕ ਦਿਨ ਦਾ ਲੋੜ ਬਰਾਬਰ ਖੁਦ ਖਾਣਾ ਪੈਦਾ ਕਰਨ 'ਚ ਨਾ-ਕਾਮਯਾਬ ਹੈ। ਸਮੂਹਿਕ ਗਰੀਬੀ ਜਾਂ ਜਨ ਗਰੀਬੀ 'ਚੋਂ ਮੁਕਤੀ ਦਿਵਾਉਣ ਲਈ ਭਾਰਤ ਅੰਦਰ ਅਨਾਜ, ਸਬਜ਼ੀਆਂ, ਫੱਲ, ਦੁੱਧ, ਆਂਡੇ ਅਤੇ ਹੋਰ ਜ਼ਰੂਰੀ ਪਦਾਰਥਾਂ ਦੀ ਪੈਦਾਵਾਰ ਤੋਂ ਲੈ ਕੇ ਥਾਲੀ ਤੱਕ ਪਹੁੰਚਾਉਣ ਲਈ ਇਕ ਵਿਗਿਆਨਕ ਚੇਨ ਹੋਵੇ। ਜਿਸ ਵਿਚੋਂ ਵਿਚੋਲੇ ਕੱਢ ਦਿੱਤੇ ਜਾਣ 'ਤੇ ਜਨਤਕ ਜਮਹੂਰੀ ਢੰਗਾਂਨਾਲ ਚੁਣੇ ਲੋਕਾਂ ਦੇ ਨੁਮਾਇੰਦਿਆਂ ਦੀ ਦੇਖ-ਭਾਲ 'ਤੇ ਸਹਾਇਤਾ ਲਈ ਲੋਕ ਨਿਗਰਾਨੀ ਵਾਲੀ ਸਪਲਾਈ ਚੇਨ ਹੋਵੇ। ਨੁਕਸਦਾਰ ਸਾਰਾ ਢਾਂਚਾ ਜੋ 40-ਫੀਸੱਦ ਅਨਾਜ ਦੀ ਬਰਬਾਦੀ ਲਈ ਜਿੰਮੇਵਾਰ ਹੈ, ਬਦਲ ਦਿੱਤਾ ਜਾਵੇ। ਦੇਸ਼ ਅੰਦਰ ਖਾਧ-ਖੁਰਾਕ ਦੀ ਜਨਤਕ ਵੰਡ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ। ਅਜਿਹੇ ਜਮਹੂਰੀ ਪ੍ਰਬੰਧ ਹੀ ਕਿਸਾਨ ਤੇ ਖਪਤਕਾਰ ਨੂੰ ਪੂਰਾ ਇਨਸਾਫ ਦੇ ਸੱਕਣਗੇ ਅਤੇ ਹਰ ਭਾਰਤੀ ਨੂੰ ਖਾਣ ਲਈ 'ਤੇ ਪੇਟ ਭਰਨ ਲਈ ਦੋ ਛੰਗ ਦੀ ਰੋਟੀ ਦੇਣ ਦੇ ਯੋਗ ਬਣਾਉਣ ਯੋਗ ਹੋ ਸਕੇਗਾ। ਜਦੋਂ ਹਰ ਭਾਰਤੀ ਨੂੰ ਹਾਕਮ ਸਿਹਤ, ਸਿੱਖਿਆ, ਰੁਜ਼ਗਾਰ ਦੀ ਸੰਵਿਧਾਨਿਕ ਗ੍ਰੰਟੀ ਅਤੇ ਸਮਾਜਿਕ ਸੁਰੱਖਿਆ ਲਈ ਆਰਥਿਕ ਅਜ਼ਾਦੀ ਦੀ ਢਾਲ ਅਤੇ ਓਟ ਦੇਣ ਯੋਗ ਹੋਣਗੇ, ਉਦੋਂ ਦੇਸ਼ ਦਾ ਹਰ ਨਾਗਰਿਕ ਆਪਣੇ ਆਪ ਨੂੰ ਖੁਦ ਆਪਣੇ ਆਪ ਤੇ ਨਿਰਭਰ ਮਹਿਸੂਸ ਕਰੇਗਾ ਅਤੇ ਉਹ ਖੁਦ ਵੀ ਪੇਟ ਭਰਨ ਯੋਗ ਵੀ ਹੋ ਜਾਵੇਗਾ। ਫਿਰ ਭਾਰਤੀ ਨਾਗਰਿਕ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ''ਰਿਉੜੀਆਂ 'ਤੇ ਚੋਗੇ'' ਦੀ ਲੋੜ ਨਹੀ ਪਏਗੀ ? ਜੋ ਭੁੱਖਿਆਂ ਨੂੰ ਗੁੰਮਰਾਹ ਕਰਕੇ, ਵੋਟ ਪ੍ਰਾਪਤ ਕਰਕੇ ਫਿਰ ਲੋਕਾਂ ਨੂੰ ''ਗਰੀਬੀ-ਗੁਰਬਤ'' ਦੀ ਖਾਈ ਵਿਚ ਸੁੱਟ ਦਿੰਦੇ ਹਨ। ਲੋਕਾਂਅੰਦਰ ਇਕ ਜਾਗਰੂਕਤਾ ਦੀ ਲਹਿਰ ਅਤੇ ਆਪਣੀ ਹੋਂਦ ਨੂੰ ਸਮਝਣ ਲਈ ਰਾਜਨੀਤਕ-ਆਰਥਿਕ ਸੰਘਰਸ਼ ਕਰਨਾ ਪਏਗਾ ? ਤਾਂ ! ਹੀ, ਵੁਹ ਆਪਣੀ ਮੁਕਤੀ ਵੱਲ ਕਦਮ ਪੁੱਟ ਕੇ ਆਰਥਿਕ ਬਰਾਬਰਤਾ ਪ੍ਰਾਪਤ ਕਰ ਸਕਣਗੇ?

# ਨੌਜਵਾਨਾਂ ਦੇ ਸੁਪਨਿਆਂ ਦੀ ਧਰਤੀ ਕੈਨੇਡਾ -ਕੁੱਝ ਗੱਲਾਂ ਕੈਨੇਡਾ ਬਾਰੇ

**ਪਿਛਲੇ ਦਿਨੀ ਮੈਨੂੰ ਕੈਨੇਡਾ ਜੋ ਕਿ ਹੁਣ ਦੂਸਰਾ ਪੰਜਾਬ ਬਣ ਚੁੱਕਾ ਮੈਨੂੰ ਯਾਤਰਾ ਕਰਨ ਦਾ ਮੌਕਾ ਮਿਲਿਆ। ਉਹਨਾਂ 45 ਦਿਨਾਂ ਵਿੱਚ ਦੇਖੇ ਕੈਨੇਡਾ ਦੇ ਇਤਹਾਸ ਅਤੇ ਹੋਰ ਗੱਲਾਂ ਜਾਣਨ ਦਾ ਮੌਕ ਮਿਲਿਆ ਕੁਝ ਗੱਲਾਂ ਦੀ ਤੁਲਨਾ ਸਾਡੇ ਦੇਸ਼ ਨਾਲ ਵੀ ਕੀਤੀ। ਉਹ ਹਲਕੀਆਂ ਫੁਲਕੀਆਂ ਗੱਲਾਂ ਤੁਹਾਡੇ ਨਾਲ ਸਾਂਝੀ ਕਰ ਰਿਹਾ। ਆਪਣੇ ਸੁਝਾਅ ਜരੂਰ ਸਾਂਝੇ ਕਰਨਾ।**



ਡਾ. ਸੰਦੀਪ ਘੰਡ

**ਪਹਿਲੀ ਕਿਸ਼ਤ**

ਪਾਪਾ ਇਹ ਤੁਹਾਡਾ ਮਕਾਨ ਹੈ ਤੁਹਾਨੂੰ ਜਿਵੇਂ ਠੀਕ ਲੱਗਦਾ ਤੁਸੀਂ ਇਸ ਵਿੱਚ ਕੋਈ ਤਬਦੀਲੀ ਕਰਨੀ ਤਾਂ ਕਰ ਲਵੋ। ਜਦੋਂ ਮੈਂ ਆਪਣਾ ਮਕਾਨ ਬਣਾਇਆ ਤਾਂ ਉਹ ਮੈ ਆਪਣੀ ਪਸੰਦ ਅਨੁਸਾਰ ਬਣਾ ਲਵਾਗਾਂ। ਇਹ ਗੱਲ ਜਦੋਂ ਅਸੀਂ ਭਾਰਤੀ ਸੰਸਕ੍ਰਿਤੀ ਵਿੱਚ ਕਰਦੇ ਤਾਂ ਕਿੰਨਾ ਅਜੀਬ ਲੱਗਦਾ। ਪਰ ਕੈਨੇਡਾ ਜੋ ਹੁਣ ਪੰਜਾਬੀਆਂ ਲਈ ਦੂਜਾ ਘਰ ਬਣ ਗਿਆ ਉਥੋਂ ਦੇ ਨੌਜਵਾਨ ਆਪਣੇ ਮਾਪਿਆਂ ਨੂੰ ਇੰਝ ਹੀ ਕਹਿੰਦੇ ਹਨ। ਕੈਨੇਡਾ ਵਿੱਚ ਜਨਮ ਲੈਣ ਵਾਲੇ ਭਾਰਤੀ ਬੱਚਿਆਂ ਤੇ ਵੀ ਦਿਨੋਂ ਦਿਨ ਇਹ ਪ੍ਰਭਾਵ ਪੈ ਰਿਹਾ ਹੈ। 18 ਸਾਲ ਦੀ ਉਮਰ ਪੂਰੀ ਹੋਣ ਤੇ ਬੱਚੇ ਮਾਪਿਆਂ ਤੋਂ ਅਲੱਗ ਰਹਿਣ ਲੱਗ ਜਾਂਦੇ ਆਪਣਾ ਕੰਮ ਕਰਦੇ ਪੜਾਈ ਕਰਦੇ ਅਤੇ ਆਪਣਾ ਮਕਾਨ ਬਣਾਉਂਦੇ ਹਨ। ਇਹ ਗੱਲ ਦੇਖਣ ਸੁਣਨ ਨੂੰ ਬੇਸ਼ਕ ਅਜੀਬ ਲੱਗਦੀ ਪਰ ਬੱਚਿਆਂ ਨੂੰ ਆਪਣੀ ਜਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਇਹ ਇੱਕ ਚੰਗੀ ਪਿਰਤ ਹੈ। ਭਾਰਤ ਵਿੱਚ ਤਾਂ ਮਾਂ-ਬਾਪ ਆਪਣੀਆਂ ਸੱਤ ਪੁਸ਼ਤਾਂ ਲਈ ਕਮਾਈ ਕਰਕੇ ਦੇ ਕੇ ਜਾਂਦੇ ਇਸ ਲਈ ਬੇਸ਼ਕ ਉਹਨਾਂ ਨੂੰ ਕੋਈ ਵੀ ਗਲਤ ਤਰੀਕਾ ਅਪਣਾਉਣਾ ਪਵੇ। ਇਸ ਕਾਰਣ ਹੀ ਕਈ ਵਾਰ ਬੱਚੇ ਮਾਂ-ਬਾਪ ਦੀ ਗਲਤ ਢੰਗ ਨਾਲ ਕੀਤੀ ਕਮਾਈ ਕਾਰਣ ਗਲਤ ਆਦਤਾਂ ਵਿੱਚ ਪੈ ਜਾਂਦੇ। ਜਿਸ ਤਰਾਂ ਕਿਹਾ ਜਾਂਦਾ ਕਿ ਕੈਨੇਡਾ ਵਿੱਚ ਬੱਚੇ ਮਾਪਿਆਂ ਨੂੰ ਨਹੀਂ ਪੁੱਛਦੇ ਜਾਂ ਸਤਿਕਾਰ ਨਹੀਂ ਕਰਦੇ ਇਹ ਵੀ ਪੂਰੀ ਤਰਾਂ ਠੀਕ ਨਹੀਂ।ਭਾਰਤ ਵਾਂਗ ਜਿਹੜੇ ਬੱਚਿਆਂ ਨੂੰ ਮਾਂ-ਬਾਪ ਚੰਗੇ ਸੰਸਕਾਰ ਦਿੰਦੇ ਉਹ ਮਾਪਿਆਂ ਕੋਲ ਆਉਂਦੇ ਵੀ ਰਹਿੰਦੇ ਅਤੇ ਖੁਸ਼ੀ ਗਮੀ ਤੇ ਇਕੱਠੇ ਵੀ ਹੁੰਦੇ ਰਹਿੰਦੇ।

ਮੈਨੂੰ ਪਿਛਲੇ ਦਿਨੀਂ ਬੱਚਿਆਂ ਕਾਰਣ ਦੂਜੀ ਵਾਰ ਕੈਨੇਡਾ ਜਾਣ ਦਾ ਮੌਕਾ ਮਿਲਿਆ। ਪਹਿਲੀ ਵਾਰ ਮੈਂ ਕੇਵਲ 15-20 ਦਿਨਾਂ ਲਈ ਹੀ ਗਿਆ ਸੀ। ਪਰ ਇਸ ਵਾਰ ਕੋਈ ਨਾਂ ਤਾਂ ਕੋਈ ਇਤਰਾਜ਼ ਵਾਲਾ ਪ੍ਰਮਾਣ ਪੱਤਰ ਨਾਂ ਕੋਈ ਅਗਾਊਂ ਛੁੱਟੀ ਦੀ ਮਨਜ਼ੂਰੀ। ਇਸ ਲਈ ਇਸ ਵਾਰ ਮੇਰੀ ਯਾਤਰਾ ਪਹਿਲੀ ਯਾਤਰਾ ਨਾਲੋਂ ਤਿੰਨ ਗੁਣਾ ਸਮੇਂ ਦੀ ਯਾਨੀ ਕਿ 45 ਦਿਨਾਂ ਦੀ ਸੀ। ਇਸੇ ਕਾਰਣ ਇਸ ਵਾਰ ਬਹੁਤ ਕੁਝ ਦੇਖਣ ਅਤੇ ਜਾਣਨ ਦਾ ਮੌਕਾ ਮਿਲਿਆ। ਦੋਨੋਂ ਬੇਟੇ ਸਿਮਰਨ (ਮੋਂਟਰੀਅਲ) ਅਤੇ ਹਰਮਨ (ਕਿੰਗਸਟਨ) ਦੋ ਵੱਖ ਵੱਖ ਸ਼ਹਿਰਾਂ ਵਿੱਚ, ਰਿਸ਼ਤੇਦਾਰਾਂ ਦੀ ਗਿਣਤੀ ਵਿੱਚ ਵਾਧਾ ਅਤੇ ਬੇਟੀ (ਮੇਰੀ ਸਵਰਗਵਾਸੀ ਸਾਲੀ ਦੀ ਲੜਕੀ ਦੀਪੀ) ਦੀ ਮੈਰਿਜ ਉਹ ਵੀ ਇੱਕ ਅਲੱਗ ਸ਼ਹਿਰ ਇਸ ਕਾਰਣ ਸੁਭਾਵਿਕ ਸੀ ਕਿ ਅਲੱਗ ਅਲੱਗ ਸਥਾਨ ਦੇਖਣ ਦਾ ਚੰਗਾ ਮੌਕਾ ਸੀ।ਅਸਲ ਵਿੱਚ ਸਾਡੇ ਜਾਣ ਦਾ ਸਬ ਤੋਂ ਮੁੱਖ ਕਾਰਣ ਵੀ ਦੀਪੀ ਦਾ ਵਿਆਹ ਹੀ ਸੀ। ਦੀਪੀ ਦੇ ਪਾਪਾ (ਡਾ ਨਰੋਤਮ ਕੋਛੜ) ਅਤੇ ਭਰਾ (ਕੋਮਲ) ਨੂੰ ਵੀਜ਼ਾ ਨਾ ਮਿਲਿਆ ਅਤੇ ਉਸ ਦੀ ਮੰਮਾ ਦੀਪੀ ਦੇ ਕੈਨੇਡਾ ਜਾਣ ਤੋਂ ਕੁਝ ਸਮੇਂ ਬਾਅਦ ਹੀ ਨਾਮੁਰਾਦ ਬੀਮਾਰੀ ਕਾਰਣ ਸਾਨੂੰ ਛੱਡ ਗਈ ਸੀ। ਇਸ ਲਈ ਉਸ ਦੇ ਮਾਂ-ਬਾਪ ਵੱਜੋਂ ਸਾਡਾ ਜਾਣਾ ਜਰੂਰੀ ਵੀ ਅਤੇ ਸਾਡਾ ਫਰਜ਼ ਵੀ ਸੀ।








ਬੱਚਿਆਂ ਦਾ ਆਪਣੇ ਆਪਣੇ ਕੰਮਾਂ/ਨੌਕਰੀਆਂ ਵਿੱਚ ਸਥਾਪਿਤ ਹੋਣ ਕਰਕੇ ਬੇਫਿਕਰੀ ਨਾਲ ਘੁੰਮਣਾ ਵੀ ਇੱਕ ਕਾਰਣ ਸੀ। ਜਿਵੇਂ ਜਿਵੇਂ ਮੈ ਉਥੋਂ ਦੀਆਂ ਇਤਿਹਾਸਕ ਅਤੇ ਸੁੰਦਰ ਥਾਂਵਾਂ ਦੇਖਦਾ ਰਿਹਾ ਉਵੇਂ ਉਵੇਂ ਹੀ ਸਫ਼ਰਨਾਮੇ ਨੂੰ ਕਲਮਬੱਧ ਕਰਨ ਦਾ ਮਨ ਬਣਦਾ ਗਿਆ।

ਯਾਤਰਾਵਾਂ ਨਾਲ ਜਿਥੇ ਵਿਅਕਤੀ ਦਾ ਮਨੋਰੰਜਨ ਹੁੰਦਾ ਉਥੇ ਹੀ ਵਿਅਕਤੀ ਦੀ ਜਾਣਕਾਰੀ ਵਿੱਚ ਵੀ ਵਾਧਾ ਹੁੰਦਾ। ਇਸ ਜਾਣਕਾਰੀ ਵਿੱਚ ਇਤਿਹਾਸ ਦੀ ਜਾਣਕਾਰੀ ਪਹਿਰਾਵੇ ਦੀ ਜਾਣਕਾਰੀ ਦੇ ਨਾਲ ਨਾਲ ਉਥੋਂ ਦੇ ਲੋਕਾਂ ਦੀ ਭਾਸ਼ਾ, ਸਭਿਆਚਾਰ ਅਤੇ ਰਹਿਣ ਸਹਿਣ ਅਤੇ ਖਾਣ-ਪੀਣ ਦੀ ਜਾਣਕਾਰੀ ਵੀ ਮਿਲਦੀ।

ਯੂਨਾਈਟਿਡ ਸਿੱਖ ਮਿਸ਼ਨ ਕੈਲੇਫੋਰਨੀਆ ਯੂਐਸਏ ਦਾ ਮੁੱਖ ਉਦੇਸ਼ ਅੱਖਾਂ ਦੇ ਅਪਰੇਸ਼ਨ ਅਤੇ ਅੱਖਾਂ ਦੇ ਚੈਕਅੱਪ ਕੈਂਪ ਲਾਉਣਾ ਹੈ। ਸਾਲ 2023 ਵਿੱਚ ਇਸ ਸੰਸਥਾ ਵਲੋਂ ਭਾਣੋਕੀ(ਫਗਵਾੜਾ) ਵਿਖੇ 45, ਫਿਰੋਜ਼ਪੁਰ ਵਿਖੇ 83, ਸਰਹਾਲਾ (ਅੰਮ੍ਰਿਤਸਰ) ਵਿਖੇ 69, ਸਮੁੰਦਰਾ ਜਿਲਾ ਰੂਪਨਗਰ ਵਿਖੇ 32, ਹੇਂਲਰਾਂ (ਜਲੰਧਰ) ਵਿਖੇ 56, ਝਾਵਾਂ (ਹੁਸ਼ਿਆਰਪੁਰ) ਵਿਖੇ 70, ਉਪਲ ਤਰਨਤਾਰਨ ਵਿਖੇ 60, ਪੱਧਰੀ ਅੰਮ੍ਰਿਤਸਰ ਵਿਖੇ 16, ਬਿਆਸ 'ਚ 39, ਭਲੋਜਲਾ (ਤਰਨਤਾਰਨ) ਵਿਖੇ 58, ਰਸਤਗੋ ਜਲੰਧਰ 35, ਅਲੀਪੁਰ (ਹੁਸ਼ਿਆਰਪੁਰ) ਵਿਖੇ 36, ਭਾਸਵਾਨ ਜਲੰਧਰ 'ਚ 32, ਭੱਟੀਕੇ ਅੰਮ੍ਰਿਤਸਰ ਵਿਖੇ 168, ਸਿਧਵਾ ਦੋਨਾ ਵਿਖੇ 45, ਘੁਮਾਣ (ਗੁਰਦਾਸਪੁਰ) 27, ਪੁਰ ਹੀਰਾਂ ਵਿਖੇ 59, ਸਾਧੂ ਆਸ਼ਰਮ ਕੋਟਲ ਲੇਹਲ ਸੰਗਰੂਰ ਵਿਖੇ 172, ਧਾਮਕੋਟ (ਲੁਧਿਆਣਾ) 'ਚ 50, ਰੰਨਗੀਆਂ ਵਿਖੇ 18, ਸੁਲਤਾਨਵਿੰਡ 'ਚ 86, ਕੋਟਲੀਥਾਨ ਸਿੰਘ ਵਿਖੇ 26, ਜਲਵਾਨਾ (ਸੰਗਰੂਰ) 14, ਗਿੱਲ ਬੌਬ ਵਿਖੇ 60, ਬਿਲੀ ਬਰੈਚ 47, ਟਾਂਡਾ ਵਿਖੇ 54, ਮਾਨੋਹਰਪੁਰ 45, ਬਿਆਸ ਪਿੰਡ 46, ਸਾਧੂ ਆਸ਼ਰਮ ਮਾਨਸਾ 138, ਪੁਲ ਰੁਖੜਾ 42, ਜੈਨਪੁਰ 39, ਚੋਟੀਆਂ 49, ਔਲਖ 60, ਰੁਪਾਲਹੇਰੀ 48, ਮੁਹੱਦੀਆ 53, ਲਹਿਰਾ ਵਿਖੇ 33, ਬਜ਼ੁਰਗਾਂ ਦੇ ਅੱਖਾਂ ਦੀ ਸਰਜਰੀ ਕੀਤੀ ਗਈ ਤੇ ਅੱਖਾਂ ਦੇ ਲੈਂਨਜ਼ ਪੁਆਏ। ਇਸ ਤਰ੍ਹਾਂ ਸਾਲ 2023 'ਚ ਕੁਲ ਮਿਲਾਕੇ ਦਸ ਹਜ਼ਾਰ ਤੋਂ ਵਧ ਲੋਕਾਂ ਦੀਆਂ ਅੱਖਾਂ ਦੇ ਚੈਕ ਅੱਪ ਕਰਵਾਏ ਗਏ। ਸਾਲ 2024 ਵਿੱਚ ਵੀ ਇਹ ਕਾਰਜ ਨਿਰਵਿਘਨ ਜਾਰੀ ਹੈ।

ਯੂਨਾਈਟਿਡ ਸਿੱਖ ਮਿਸ਼ਨ ਅੱਖਾਂ ਦੇ ਕੈਂਪ ਲਗਾਕੇ ਪੰਜਾਬ ਦੇ ਬਜ਼ੁਰਗਾਂ, ਲੋੜਬੰਦਾਂ ਦੀ ਸਹਾਇਤਾ ਲਈ ਕਾਰਜਸ਼ੀਲ ਹੈ, ਕਿਉਂਕਿ ਪੰਜਾਬ ਦੇ ਲੋਕ ਅੱਖਾਂ ਪ੍ਰਤੀ ਖ਼ਾਸ ਤੌਰ 'ਤੇ ਅਵੇਸਲੇ ਹਨ, ਇਸੇ ਕਰਕੇ ਇੱਕ ਡੂੰਘੀ ਸੋਚ ਮਨ 'ਚ ਰੱਖਦਿਆਂ ਇਸ ਸੰਸਥਾ ਦੇ ਮੈਂਬਰਾਂ ਨੇ ਰਸ਼ਪਾਲ ਸਿੰਘ ਢੀਂਡਸਾ, ਵਰਿੰਦਰ ਕੌਰ ਸੰਘਾ, ਗੁਰਪਾਲ ਸਿਮਘ ਢੀਡਸਾ, ਰਣਜੀਤ ਸਿੰਘ, ਬਿੰਦਰ ਸਿੰਘ ਢਿਲੋਂ, ਬਲਵਿੰਦਰ ਸਿੰਘ ਬੜੈਚ ਅਤੇ ਹੋਰਨਾਂ ਦੀ ਅਗਵਾਈ ਵਿੱਚ ਇਸ ਸਬੰਧ ਵਿੱਚ ਵਡੇਰੇ ਕਦਮ ਪੁੱਟੇ। ਇਸ ਸੰਸਥਾ ਵਲੋਂ ਦੋ ਦਹਾਕਿਆਂ ਵਿੱਚ 250 ਤੋਂ ਵੱਧ ਅੱਖਾਂ ਦੇ ਕੈਂਪ ਪਿਛਲੇ ਪੰਜਾਂ ਸਾਲਾਂ ਵਿੱਚ ਅਤੇ 600 ਤੋਂ ਵੱਧ ਕੈਂਪ ਪਿਛਲੇ 19 ਸਾਲਾਂ ਵਿੱਚ ਲਗਾ ਚੁੱਕੀ ਹੈ, ਜਿਸ ਤੋਂ 3 ਲੱਖ ਤੋਂ ਵਧ ਲੋਕਾਂ ਨੇ ਫਾਇਦਾ ਲਿਆ ਹੈ। ਅੱਖਾਂ ਦੇ ਸਰਜਰੀ ਕਰਕੇ ਲੈਂਨਜ਼ ਹੀ ਨਹੀਂ ਪਾਏ ਗਏ, ਸਗੋਂ ਉਹਨਾ ਨੂੰ ਮੁਫਤ ਦਵਾਈਆਂ, ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ।

ਕੈਲੇਫੋਰਨੀਆ ਦੀ ਯੂਨਾਈਟਿਡ ਸਿੱਖ ਮਿਸ਼ਨ ਇੱਕ ਗੈਰ-ਸਰਕਾਰੀ ਅੰਤਰਰਾਸ਼ਟਰੀ ਸੰਸਥਾ ਹੈ, ਜੋ ਸਿਹਤ, ਸਿੱਖਿਆ, ਵਾਤਾਵਰਨ ਅਤੇ ਮਨੁੱਖੀ ਵਿਕਾਸ ਲਈ ਬਚਨਬੱਧਤਾ ਦੇ ਨਾਲ ਕੰਮ ਕਰਦੀ ਹੈ। ਇਹ ਸੰਸਥਾ ਅਮਰੀਕਾ ਵਿੱਚ ਵੱਖੋ-ਵੱਖਰੇ ਦੇਸ਼ਾਂ 'ਚ ਕੰਮ ਕਰਨ ਲਈ ਚੈਰੀਟੇਬਲ ਸੁਸਾਇਟੀ ਵਲੋਂ ਰਜਿਸਟਰਡ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਜਿਥੇ ਸਿਹਤ ਸੰਭਾਲ ਖ਼ਾਸ ਕਰਕੇ ਅੱਖਾਂ ਦੀ ਸੰਭਾਲ ਮੁੱਖ ਤੌਰ 'ਤੇ ਹੈ ਉਥੇ ਸੰਸਥਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।



ਸਾਲ 2021 ਵਿੱਚ ਰਛਪਾਲ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿੱਚ 1.2 ਮੈਗਾਵਾਟ ਦੇ ਸੋਲਰ ਸਿਸਟਮ ਲਗਾਏ ਗਏ, ਜਿਸ ਨਾਲ ਸਾਫ਼-ਸੁਥਰਾ ਵਾਤਾਵਰਨ ਬਣਾਉਣ ਵਿੱਚ ਤਾਂ ਫ਼ਾਇਦਾ ਹੋਇਆ ਹੀ ਪਰ ਨਾਲ ਦੀ ਨਾਲ ਬਿਜਲੀ ਖਪਤ ਅਤੇ ਖ਼ਰਚ ਵੀ ਘਟਿਆ।

ਇਸ ਸੰਸਥਾ ਦੇ ਕੰਮਾਂ ਅਤੇ ਭਵਿੱਖ ਯੋਜਨਾ ਬਾਰੇ ਜਦੋਂ ਪ੍ਰਧਾਨ ਰਛਪਾਲ ਸਿੰਘ ਢੀਂਡਸਾ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾ ਨੇ ਦੱਸਿਆ ਕਿ ਉਹਨਾ ਦੀ ਯੋਜਨਾ ਪੰਜਾਬ ਦੇ ਹਰ ਪਿੰਡਾਂ ਵਿੱਚ ਅੱਖਾਂ ਦੇ ਮਿਸ਼ਨ ਨੂੰ ਲੈ ਕੇ ਪਹੁੰਚਣ ਦੀ ਹੈ। ਉਹਨਾ ਨੇ ਇਹ ਵੀ ਕਿਹਾ ਕਿ ਅਮਰੀਕਾ ਵਸਦੇ ਪ੍ਰਵਾਸੀ ਵੀਰਾਂ ਵਲੋਂ ਉਹਨਾ ਦੀ ਸੰਸਥਾ ਨੂੰ ਇਸ ਕਾਰਜ ਵਿੱਚ ਵਿਸ਼ੇਸ਼ ਸਹਿਯੋਗ ਮਿਲਦਾ ਹੈ ਕਿਉਂਕਿ ਲੋਕ ਆਪਣੇ-ਆਪਣੇ ਪਿੰਡਾਂ ਵਿੱਚ ਅੱਖਾਂ ਦੇ ਕੈਂਪ ਲਗਵਾ ਕੇ ਉਹਨਾ ਨੂੰ ਮੁਫ਼ਤ ਸਹੂਲਤਾਂ ਦੇਣ ਲਈ ਯੋਗਦਾਨ ਪਾਉਂਦੇ ਹਨ। ਉਹਨਾ ਦੱਸਿਆ ਕਿ ਉਹਨਾ ਦਾ ਮਿਸ਼ਨ ਪੰਜਾਬ ਦੇ ਹਰ ਪਿੰਡ ਵਿੱਚ ਪਹੁੰਚਣ ਦਾ ਹੈ ਅਤੇ ਸਾਲ ਦਰ ਸਾਲ ਉਹਨਾਂ ਦੀ ਸੰਸਥਾ ਅੱਖਾਂ ਦੇ ਕੈਂਪ ਲਗਾਉਣ 'ਚ ਵਾਧਾ ਕਰਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ। ਰਛਪਾਲ ਸਿੰਘ ਢੀਂਡਸਾ ਅਤੇ ਉਹਨਾ ਦੀ ਟੀਮ ਦਾ ਸੁਪਨਾ ਪੰਜਾਬ ਵਿੱਚ ਇੱਕ ਵੱਡਾ ਸੁਪਰਸਪੈਸ਼ਲਿਟੀ ਹਸਪਤਾਲ ਬਣਾਉਣ ਦਾ ਹੈ, ਜਿਥੇ ਮਾਡਰਨ ਸੁਵਿਧਾਵਾਂ ਤਾਂ ਪ੍ਰਦਾਨ ਕੀਤੀਆਂ ਹੀ ਜਾਣਗੀਆਂ ਸਗੋਂ ਮਾਹਰ ਡਾਕਟਰ ਦੀ ਸੇਵਾ ਵੀ ਲਈ ਜਾਵੇਗੀ।

# ਹਰਾ ਇਨਕਲਾਬ ਬਨਾਮ ਹਰਾ ਅੱਤਵਾਦ



ਪਰਗਟ ਸਿੰਘ ਜੰਬਰ
85280-26566

ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ 1947 ਵਿੱਚ ਅਜ਼ਾਦ ਹੋਇਆ। ਉਸ ਵਕਤ ਭਾਰਤ ਵਿੱਚ ਭੁੱਖਮਰੀ ਆਪਣੀ ਚਰਮ ਸੀਮਾਂ ਤੇ ਸੀ। ਭਾਰਤ ਦੇ ਉੜੀਸਾ, ਬਿਹਾਰ, ਯੂ।ਪੀ। ਅਤੇ ਪੱਛਮੀ ਬੰਗਾਲ ਵਰਗੇ ਰਾਜ ਭੁੱਖਮਰੀ ਨਾਲ ਘੁੱਲ ਰਹੇ ਸਨ। ਹਰ ਰੋਜ਼ ਸੈਂਕੜੇ ਲੋਕ ਭੁੱਖਮਰੀ ਨਾਲ ਮਰ ਰਹੇ ਸਨ। ਬੱਚੇ ਕੁਪੋਸ਼ਣ ਦਾ ਸ਼ਿਕਾਰ ਸਨ। ਭਾਵ ਉਹਨਾਂ ਨੂੰ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ ਸੀ। ਅਨਾਜ ਦੀ ਭਾਰੀ ਕਮੀ ਸੀ।

ਪੰਜਾਬ ਦੀ ਧਰਤੀ ਉਪਜਾਊ ਸੀ। ਉਸ ਵਕਤ ਹਰਿਆਣਾ ਅਤੇ ਹਿਮਾਚਲ ਪੰਜਾਬ ਦਾ ਹਿੱਸਾ ਸਨ। ਭਾਰਤ ਨੂੰ ਅਨਾਜ ਲਈ ਰੂਸ ਅਤੇ ਅਮਰੀਕਾ ਵਰਗੇ ਦੇਸ਼ਾਂ ਅੱਗੇ ਹੱਥ ਅੱਡਣੇ ਪੈਂਦੇ ਸਨ। ਬਹੁਤ ਸਾਰੀਆਂ ਬਿਮਾਰੀਆਂ ਦੀ ਜੜ੍ਹ ਗਾਜਰ ਬੂਟੀ ਵੀ ਅਮਰੀਕਾ ਦੀ ਦੇਣ ਹੈ। ਜੋ ਅਮਰੀਕੀ ਬੀਜਾਂ ਦੇ ਨਾਲ ਭਾਰਤ ਵਿੱਚ ਪ੍ਰਵੇਸ਼ ਹੋਈ। ਕੋਈ ਦੇਸ਼ ਕਿਸੇ ਦੀ ਸਹਾਇਤਾ ਕਰਨ ਤੋਂ ਪਹਿਲਾਂ ਆਪਣੀਆਂ ਸ਼ਰਤਾਂ ਮਨਾਉਦਾ ਹੈ। ਪਾਕਿਸਤਾਨ ਦੇ ਪੱਛੜੇਪਣ ਦਾ ਕਾਰਣ ਅਮਰੀਕੀ ਸ਼ਰਤਾਂ ਹੀ ਹਨ। ਜੋ ਉਹ ਪਾਕਿਸਤਾਨ ਨੂੰ ਸਹਾਇਤਾ ਦੇਣ ਤੋਂ ਪਹਿਲਾਂ ਆਪਣੀਆਂ ਸ਼ਰਤਾਂ ਮਨਾਉਂਦਾ ਹੈ। ਜੇਕਰ ਭਾਰਤ ਦਾ ਪ੍ਰਧਾਨ ਮੰਤਰੀ ਅੱਜ ਛਾਤੀ ਤਾਣ ਕੇ ਸੰਸਾਰ ਵਿੱਚ ਵਿਚੱਰ ਰਿਹਾ ਹੈ। ਇਸ ਦਾ ਕਾਰਣ ਵੀ ਪੰਜਾਬ ਹੀ ਹੈ। ਪੰਜਾਬ ਦੇ ਕਿਸਾਨਾਂ ਨੇ ਭਾਰਤ ਦੇ ਭੁੱਖੇ ਲੋਕਾਂ ਦਾ ਢਿੱਡ ਭਰਨ ਲਈ ਅਨਾਜ ਪੈਦਾ ਕਰਕੇ ਦਿੱਤਾ। ਜਿਸ ਨਾਲ ਭਾਰਤ ਨੂੰ ਅਨਾਜ ਲਈ ਬਾਹਰਲੇ ਦੇਸ਼ਾਂ ਅੱਗੇ ਹੱਥ ਨਹੀਂ ਅੱਡਣੇ ਪੈਂਦੇ।

ਪੰਜਾਬ ਦੇ ਲੋਕਾਂ ਨੇ ਖੇਤੀਬਾੜੀ ਨਵੇਂ ਢੰਗਾਂ ਨਾਲ ਕਰਨੀ ਸ਼ੁਰੂ ਕੀਤੀ। ਪੰਜਾਬ ਦੀ ਧਰਤੀ ਨੇ ਫਸਲਾਂ ਦੇ ਅੰਬਾਰ ਲਗਾ ਦਿੱਤੇ। ਇਸ ਨੂੰ ਹਰਾ ਇੰਨਕਲਾਬ ਦਾ ਨਾਮ ਦਿੱਤਾ ਗਿਆ। ਪੰਜਾਬ ਦੇ ਕਿਸਾਨਾਂ ਨੇ 1960 ਅਤੇ 1970 ਦੇ ਦਰਮਿਆਨ ਅਨਾਜ ਦੀਆਂ ਵਿਕਸਿਤ ਕਿਸਮਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਖੂਹਾਂ ਨਾਲ ਸਿੰਚਾਈ ਕਰਨੀ ਛੱਡਕੇ ਬਿਜਲੀ ਦੀਆਂ ਮੋਟਰਾਂ, ਟਿਊਬਵੈੱਲ ਅਤੇ ਨਹਿਰੀ ਪਾਣੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਸੰਸਾਰ ਪੱਧਰ ਤੇ 1960 ਵਿੱਚ ਜਦੋਂ ਹਰਾ ਇੰਨਕਲਾਬ ਆਇਆ ਭਾਵ ਖੇਤੀ ਕਰਨ ਦੇ ਸਾਧਨਾਂ ਵਿੱਚ ਵੱਡੇ ਪੱਧਰ ਤੇ ਤਬਦੀਲੀ ਹੋਈ। ਖੋਜਾਂ ਅਤੇ ਤਕਨੀਕੀ ਪੰਖ ਤੋਂ ਇਸ ਵਿੱਚ ਵੱਡਾ ਸੁਧਾਰ ਹੋਇਆ। ਹਰੇ ਇੰਨਕਲਾਬ ਦੇ ਪਿਤਾਮਾ ਨੋਰਮਨ ਬਰੋਲੱਗ ਨੂੰ ਖੇਤੀਬਾੜੀ ਵਿੱਚ ਕ੍ਰਾਂਤੀਕਾਰੀ ਸੁਧਾਰਾਂ ਦੇ ਸਿਹਰਾ ਬੱਜਦਾ ਹੈ। ਵਿਲੀਅਮ ਗੋਰਡ ਨੇ 1968 ਵਿੱਚ ਪਹਿਲੀ ਵਾਰ ਹਰੀ ਕ੍ਰਾਂਤੀ ਸ਼ਬਦ ਵਰਤਿਆ।

ਭਾਰਤ ਵਿੱਚ ਇੱਕ ਸਮਾਂ ਸੀ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਅਨਾਜ ਦੀ ਘਾਟ ਨਾਲ ਲੜਨ ਲਈ ਭਾਰਤ ਦੇ ਲੋਕਾਂ ਨੂੰ ਵਰਤ ਰੱਖਣ ਲਈ ਭਾਵ ਹਫਤੇ ਵਿੱਚ ਇਕ ਦਿਨ ਭੁੱਖੇ ਰਹਿਣ ਲਈ ਪ੍ਰੇਰਿਤ ਕਰਦਾ ਸੀ। ਪੰਜਾਬ ਦੇ ਕਿਸਾਨਾਂ ਨੇ ਖੇਤੀ ਕਰਨ ਦੇ ਆਧੁਨਿਕ ਢੰਗ, ਤਰੀਕੇ ਅਪਣਾਉਣ ਨਾਲ ਭਾਰਤ ਅਨਾਜ ਵਿੱਚ ਆਤਮ ਨਿਰਭਰ ਹੋ ਗਿਆ। ਭਾਵੇਂ ਕਿ ਪੰਜਾਬ ਦੇ ਕਿਸਾਨਾਂ ਨੇ ਹੱਡ ਭੰਨਵੀਂ ਮਿਹਨਤ ਵੀ ਬਹੁਤ ਕੀਤੀ। ਪੰਜਾਬ ਸਮੇਤ ਭਾਰਤ ਦੇ ਕੁੱਝ ਹਿੱਸਿਆਂ ਵਿੱਚ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਸਿੰਚਾਈ ਕਰਨ ਲਈ ਟਿਊਬਵੈੱਲ, ਹੱਲ ਵਹਾਉਣ ਲਈ ਟਰੈਕਟਰ, ਫਸਲ ਦੀ ਕਟਾਈ ਕਰਨ ਲਈ ਕੰਬਾਈਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਨਾਲ ਖੇਤੀ ਕਰਨੀ ਕੁੱਝ ਅਸਾਨ ਵੀ ਹੋ ਗਈ ਹੈ। ਅਸਾਨ ਹੋਣ ਨਾਲ ਅਤੇ ਟਰੈਕਟਰਾਂ ਦੀ ਵਰਤੋਂ ਨਾਲ ਬੰਜਰ ਅਤੇ ਰੇਤਲੀ ਜ਼ਮੀਨ ਨੂੰ ਵੀ ਵਾਹੀਯੋਗ ਬਣਾ ਲਿਆ ਹੈ। ਇਸ ਨਾਲ ਭਾਰਤ ਵਿੱਚ ਅਨਾਜ ਦੀ ਪੈਦਾਵਾਰ ਬੇਤਹਾਸ਼ਾ ਵੱਧ ਗਈ ਹੈ। ਪੰਜਾਬ ਦੇ ਲੋਕ ਚਾਵਲ ਨਹੀਂ ਖਾਂਦੇ। ਪਰ ਫਿਰ ਵੀ ਝੋਨ ਦੀ ਬੰਪਰ ਫਸਲ ਹੋ ਰਹੀ ਹੈ। ਸਾਰਾ ਦੇਸ਼ ਪੰਜਾਬ ਦੀਆਂ ਸਿਫਤਾਂ ਕਰਦਾ ਨਹੀਂ ਥੱਕਦਾ ਸੀ। ਜੇਕਰ ਅੱਜ ਅਸੀ 30-32 ਰੁਪਏ ਆਟਾ ਖਾ ਰਹੇ ਹਾ ਤਾਂ ਇਸ ਦਾ ਸਿਹਰਾ ਵੀ ਪੰਜਾਬ ਨੂੰ ਜਾਂਦਾ ਹੈ। ਨਹੀਂ ਤਾਂ ਅੱਜ ਆਟੇ ਦੀ ਕੀਮਤ 100 ਰੁਪਏ ਤੋਂ ਉੱਪਰ ਹੋਣੀ ਸੀ।



ਭਾਰਤ ਨੂੰ ਅਨਾਜ ਦੇ ਤੌਰ ਤੇ ਆਤਮ ਨਿਰਭਰ ਬਣਾਉਣ ਵਾਲਾ ਪੰਜਾਬ ਅੱਜ ਦੇਸ਼ ਦਾ ਸਭ ਤੋਂ ਵੱਡਾ ਖਲਨਾਇਕ ਲੱਗ ਰਿਹਾ ਹੈ। ਕਿਸਾਨ ਜਦੋਂ ਹੱਕ ਮੰਗਣ ਲਈ ਦਿੱਲੀ ਜਾਣਾ ਚਾਹੁੰਦੇ ਹਨ। ਉਹਨਾਂ ਨੂੰ ਦਿੱਲੀ ਨਹੀਂ ਜਾਣ ਦਿੱਤਾ ਚਾਹੁੰਦਾ। ਕੱਲ ਦੇ ਜੰਮੇ ਲੀਡਰ ਬਿਨਾਂ ਪਿਛਲਾ ਇਤਿਹਾਸ ਪੜਿਆ ਪੰਜਾਬ ਦੇ ਕਿਸਾਨਾਂ ਨੂੰ ਅੱਤਵਾਦੀ, ਖਾਲਿਸਤਾਨੀ ਕਹਿ ਰਹੇ ਹਨ। ਇਹੀ ਕਿਸਾਨ ਜਦੋਂ ਭਾਰਤ ਦੀ ਭੁੱਖਮਰੀ ਖਤਮ ਕਰ ਰਿਹਾ ਸੀ ਤਾਂ ਇਸਨੂੰ ਅੰਨਦਾਤਾ ਕਿਹਾ ਜਾਂਦਾ ਸੀ। ਪਰ ਸਰਕਾਰਾਂ ਦੀ ਬੇਰੁਖੀ ਨੇ ਇਸਨੂੰ ਮੰਗਤਾ ਬਣਾ ਦਿੱਤਾ ਹੈ। ਜਦੋਂ ਤਰੱਕੀ ਹੁੰਦੀ ਹੈ ਉਸਦੇ ਨਾਲ ਨਾਲ ਸਮੱਸਿਆਵਾਂ ਵੀ ਆਉਂਦੀਆਂ ਹਨ। ਉਹਨਾਂ ਸਮੱਸਿਆਵਾਂ ਦਾ ਹੱਲ ਕੇਂਦਰ ਸਰਕਾਰ ਨੇ ਕਰਨਾ ਹੁੰਦਾ ਹੈ। ਜੇਕਰ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਰਹੇਗੀ ਤਾਂ ਇਹ ਦੇਸ਼ ਹਿੱਤ ਦੇ ਵਿੱਚ ਨਹੀਂ ਹੋਵੇਗਾ। ਕਿਸਾਨ ਅਨਾਜ ਨਾਲ ਭਾਰਤ ਦੇ ਭੰਡਾਰ ਭਰ ਰਿਹਾ ਹੈ। ਉਸ ਨੂੰ ਪਰਿਵਾਰ ਦੇ ਪਾਲਣ ਪੋਸ਼ਣ ਲਈ ਫਸਲ ਦੀ ਵਾਜਬ ਕੀਮਤ ਵੀ ਚਾਹੀਦੀ ਹੈ। ਕੇਂਦਰ ਸਰਕਾਰ ਅਤੇ ਕਿਸਾਨਾਂ ਵਿੱਚ ਜੋ ਅੱਜਕੱਲ੍ਹ ਟਕਰਾਅ ਦੀ ਸਥਿਤੀ ਬਣੀ ਹੋਈ ਹੈ। ਉਸਦਾ ਕਾਰਣ ਫਸਲਾਂ ਦਾ ਸਨਮਾਨਜਨਕ ਕੀਮਤ ਨਾ ਮਿਲਣਾ ਹੀ ਹੈ। ਜੇਕਰ ਕੇਂਦਰ ਸਰਕਾਰ ਕਿਸਾਨਾਂ ਨੂੰ ਠੀਕ ਢੰਗ ਨਾਲ ਸਮਝੇ ਉਹਨਾਂ ਦੇ ਸਾਰੇ ਮਸਲੇ ਹੱਲ ਹੋ ਸਕਦੇ ਹਨ। ਦਿੱਲੀ ਦੇ ਬਾਰਡਰ ਤੇ ਕਿਸਾਨੀ ਸੰਘਰਸ਼ ਦੌਰਾਨ ਸਰਕਾਰ ਨੇ ਜੋ ਵਤੀਰਾ ਅਪਣਾਇਆ ਉਹ ਕਿਸੇ ਵੀ ਢੰਗ ਨਾਲ ਜਾਇਜ਼ ਨਹੀਂ ਕਿਹਾ ਜਾ ਸਕਦਾ। ਹੁਣ ਵੀ ਕੇਂਦਰ ਸਰਕਾਰ ਅਤੇ ਕਿਸਾਨ ਯੂਨੀਅਨਾਂ ਨੂੰ ਲੋਕ ਹਿੱਤ ਵਿੱਚ ਆਪਸ ਵਿੱਚ ਬੈਠ ਕੇ ਮਸਲੇ ਹੱਲ ਕਰਨੇ ਚਾਹੀਦੇ ਹਨ। ਧਰਨੇ ਪ੍ਰਦਰਸ਼ਨ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੇ। ਧਰਨੇ ਪ੍ਰਦਰਸ਼ਨ ਸਿਰਫ ਸ਼ਕਤੀ ਪ੍ਰਦਰਸ਼ਨ ਹੀ ਹੁੰਦਾ ਹੈ। ਪ੍ਰਦਰਸ਼ਨ ਸਰਕਾਰ ਨੂੰ ਆਪਣੀ ਨਰਾਜ਼ਗੀ ਦਿਖਾਉਣ ਦਾ ਢੰਗ ਹੈ। ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਮੇਰੇ ਦੇਸ਼ ਦਾ ਅੰਨਦਾਤਾ ਨਰਾਜ਼ ਕਿਉਂ ਹੈ? ਉਸ ਦੀ ਨਰਾਜ਼ਗੀ ਦੂਰ ਕਰਨ ਲਈ ਉੱਚਿਤ ਕਦਮ ਚੁੱਕਣੇ ਚਾਹੀਦੇ ਹਨ।

ਜਦੋਂ ਹਰਾ ਇਨਕਲਾਬ ਆਇਆ ਸਾਰਾ ਦੇਸ਼ ਖੁਸ਼ ਹੋ ਕੇ ਅੰਨਦਾਤਾ ਦੀ ਜੈ ਜੈ ਕਾਰ ਕਰ ਰਿਹਾ ਸੀ। ਨਾਅਰਾ ਲਾਇਆ ਗਿਆ ਜੈ ਜਵਾਨ ਜੈ ਕਿਸਾਨ। ਪਰ ਅੱਜਕੱਲ ਜਵਾਨ ਅਗਨੀਵੀਰ ਬਣ ਗਿਆ ਹੈ। ਚਾਰ ਸਾਲ ਦੀ ਨੌਕਰੀ ਤੋਂ ਬਾਅਦ ਰਿਟਾਇਰ ਹੋ ਰਿਹਾ ਹੈ। ਕਿਸਾਨ ਸੜਕਾਂ ਤੇ ਰੁਲਣ ਲਈ ਮਜ਼ਬੂਰ ਹੈ। ਜਦੋਂ ਕਿਸਾਨ ਨੇ ਬੇਤਹਾਸ਼ਾ ਅਨਾਜ ਪੈਦਾ ਕਰ ਦਿੱਤਾ। ਦੇਸ਼ ਦਾ ਬਿਜਲੀਕਰਨ ਹੋ ਗਿਆ ਅਤੇ ਸੰਚਾਰ ਕ੍ਰਾਂਤੀ ਆ ਗਈ। ਉਦੋਂ ਸਭ ਨੂੰ ਪਤਾ ਹੈ ਕਿ ਅਨਾਜ ਦੀ ਰਹਿੰਦ ਖੂੰਹਦ ਸਾੜੀ ਜਾਂਦੀ ਹੈ। ਇਹ ਮੁੱਢ ਕਦੀਮ ਤੋਂ ਖੇਤ ਵਿੱਚ ਪਈ ਪਰਾਲੀ ਅਤੇ ਨਾੜ ਨੂੰ ਅੱਗ ਲਾਕੇ ਸਾੜਿਆ ਜਾਂਦਾ ਹੈ। ਇਸ ਨਾਲ ਪ੍ਰਦੂਸ਼ਣ ਦੀ ਜਿਹੜੀ ਗੱਲ ਅੱਜ ਹੋ ਰਹੀ ਹੈ। ਉਸ ਲਈ ਇੱਕਲਾ ਕਿਸਾਨ ਜਿੰਮੇਵਾਰ ਨਹੀਂ ਹੈ। ਉਸ ਪਿੱਛੇ ਭਾਰਤ ਦੀ ਸੱਨਅਤੀ ਤਰੱਕੀ ਵੀ ਜਿੰਮੇਵਾਰ ਹੈ। ਜੇਕਰ ਕਿਸਾਨ ਅਨਾਜ ਪੈਦਾ ਕਰ ਰਿਹਾ ਹੈ। ਉਸ ਦੀ ਰਹਿੰਦ ਖੂੰਹਦ ਸੰਭਾਲਣ ਦੀ ਜਿੰਮੇਵਾਰੀ ਸਰਕਾਰ ਦੀ ਹੈ। ਅੱਜ ਤੋਂ ਕੁੱਝ ਸਾਲ ਪਹਿਲਾਂ ਕਿਸਾਨ ਪਰਾਲੀ ਨੂੰ ਸਰਦੀਆਂ ਵਿੱਚ ਅੱਗ ਸੇਕਣ ਲਈ ਜਾਂ ਪਸ਼ੂਆਂ ਨੂੰ ਗਰਮ ਕਰਨ ਲਈ ਵਰਤ ਲੈਂਦੇ ਸਨ। ਪਰ ਲਾਈ ਉਦੋਂ ਵੀ ਅੱਗ ਹੀ ਸੀ। ਅੱਜ ਘਰ ਘਰ ਹੀਟਰ ਹਨ। ਪਸ਼ੂਆਂ ਲਈ ਵਧੀਆਂ ਬਰਾਂਡੇ ਬਣੇ ਹੋਏ ਹਨ। ਇਸ ਲਈ ਕਿਸਾਨਾਂ ਨੇ ਤਾਂ ਖੇਤ ਵਿੱਚ ਪਿਆ ਫਾਲਤੂ ਕੱਖ ਅੱਗ ਲਾ ਕੇ ਹੀ ਸਾੜਨਾ ਹੈ।

ਪਰਾਲੀ ਦੀ ਸਾਂਭ ਸੰਭਾਲ ਦਾ ਜਿੰਮਾ ਸਰਕਾਰ ਨੂੰ ਹੀ ਚੁੱਕਣਾ ਚਾਹੀਦਾ ਹੈ। ਜੇਕਰ ਸਰਕਾਰ ਪਰਾਲੀ ਸਾੜਣ ਦੀ ਸਮੱਸਿਆ ਦਾ ਹੱਲ ਚਾਹੁੰਦੀ ਹੈ। ਉਸ ਨੂੰ ਅਗਲੇ ਪੰਜ ਸਾਲਾਂ ਦੇ ਵਿੱਚ ਵਿੱਰ 12000 ਹੈਪੀ ਸੀਡਰ ਮਸ਼ੀਨਾਂ ਦੀ ਲੋੜ ਹੈ। ਹੈਪੀ ਸੀਡਰ ਮਸ਼ੀਨ ਦੀ ਕੀਮਤ ਲਗਭਗ ਡੇਢ ਲੱਖ ਦੇ ਕਰੀਬ ਹੈ। ਸਰਕਾਰ ਹਰ ਪਿੰਡ ਨੂੰ ਰਕਬੇ ਦੇ ਹਿਸਾਬ ਨਾਲ ਮਸ਼ੀਨਾਂ ਲੈ ਕੇ ਦੇਵੇ। ਫਿਰ ਧੂੰਆਂ ਪ੍ਰਦੂਸ਼ਣ ਤੋਂ ਰਾਹਤ ਮਿਲ ਸਕਦੀ ਹੈ। ਜੇਕਰ ਕਿਸਾਨ ਨੂੰ ਵਿਲੇਨ ਬਣਾਕੇ ਹੀ ਪੇਸ਼ ਕਰਨਾ ਹੈ। ਫਿਰ ਸਰਕਾਰ ਦੀ ਮਰਜ਼ੀ ਹੈ। ਇਸ ਮਸਲੇ ਤੇ ਸਿਆਸਤ ਨਹੀਂ ਹੋਣੀ ਚਾਹੀਦੀ। ਪੰਜਾਬੀ ਦੀ ਕਹਾਵਤ ਹੈ। ਖਾਣ ਪੀਣ ਨੂੰ ਬਾਂਦਰੀ ਟੰਬੇ ਖਾਣ ਨੂੰ ਰਿੱਛ।

# ਪੰਜਾਬੀ ਸੂਬਾ ਮੋਰਚਾ 1955



ਆਜ਼ਾਦ ਹਿੰਦੁਸਤਾਨ ਦੀ ਰਾਜਨੀਤੀ ਵਿਚ 'ਪੰਜਾਬੀ ਸੂਬਾ' ਦੀ ਮੰਗ ਦਾ ਰਾਹ ਬੜਾ ਸੰਘਰਸ਼ਸ਼ੀਲ ਹੈ। 'ਸਾਕਾ ਗੁਰੂ ਕਾ ਬਾਗ' ਸਿੱਖਾਂ ਦਾ ਇਕ ਲੰਮਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਆਪ ਫੈਸਲਾ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵੱਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਵਿਚ ਪੰਜਾਬੀਆਂ ਦੀ ਵੱਡੀ ਵੱਸੋਂ ਸੀ। ਖੇਤੀ, ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿਚ ਵਿਤਕਰਾ ਕੀਤਾ। ਸਿੱਖਾਂ ਨੂੰ ਕਾਂਗਰਸ ਦੀ ਫਿਰਕਾਪ੍ਰਸਤੀ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ ਦਾ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬਾ ਦੀ ਮੰਗ ਉਠਾਈ। ਸੰਨ 1948 ਵਿਚ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਲਈ ਅਯੋਗ ਬਣਾਇਆ। ਜਿਸਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਹੀ ਸੀ। ਉੱਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿਚ ਆਏ। ਸੰਨ 1953 ਵਿਚ ਰਾਜ ਪੁਨਰਗਠਨ ਆਯੋਗਬਣਿਆ। ਕਾਂਗਰਸ ਵੱਲੋਂ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਨਵੀਂ ਹੱਦਬੰਦੀ ਦਾ ਅਸੂਲ ਮੰਨਿਆ ਜਾ ਚੁੱਕਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵਿਚਾਰਿਆ ਕਿ ਜੇਕਰ ਪੰਜਾਬ, ਪੈਪਸੂ ਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਵੱਖ ਕਰਕੇ ਪੰਜਾਬੀ ਸੂਬਾ ਬਣਾ ਦਿੱਤਾ ਜਾਵੇ ਤਾਂ ਸਿੱਖਾਂ ਦੀ ਹਾਲਤ ਕੁਝ ਸੁਧਰ ਸਕਦੀ ਹੈ। ਇਸ ਤਰ੍ਹਾਂ ਪੰਜਾਬੀ ਸੂਬਾ ਦੀ ਮੰਗ ਪੇਸ਼ ਹੋਈ ਤੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਗੂੰਜਣ ਲੱਗ ਪਏ।

ਦੇਸ਼ ਦੀ ਵੰਡ ਪਿਛੋਂ ਪੰਜਾਬ ਵਿਚ ਜੋ ਪਹਿਲੀਆਂ ਆਮ ਚੋਣਾਂ ਹੋਈਆਂ, ਉਸ ਸਮੇਂ ਗੁਰਦੁਆਰਾ ਚੋਣਾਂ ਵੀ ਆ ਗਈਆਂ। ਕਾਂਗਰਸੀ ਸਿੱਖਾਂ ਨੇ ਖਾਲਸਾ ਦਲ ਦੇ ਨਾਮ ਦੀ ਇਕ ਨਵੀਂ ਜਥੇਬੰਦੀ ਇਹ ਚੋਣਾਂ ਲੜਨ ਲਈ ਬਣਾ ਲਈ। ਚੋਣਾਂ ਵਿਚ 132 ਸੀਟਾਂ ਵਿਚੋਂ ਕਾਂਗਰਸੀ ਸਿੱਖ ਇਕ ਵੀ ਸੀਟ ਨਾ ਜਿੱਤ ਸਕੇ। ਸਰਦਾਰ ਈਸ਼ਰ ਸਿੰਘ ਮਝੈਲ ਵੀ ਚੋਣ ਹਾਰ ਗਏ। ਸੌ ਫੀਸਦੀ ਅਕਾਲੀ ਉਮੀਦਵਾਰ ਸਫਲ ਹੋਏ। ਨਾਲ ਹੀ ਦੇਸ਼ ਭਗਤ ਬੋਰਡ ਦੇ ਕੁਝ ਮੈਂਬਰ ਸਫਲ ਹੋਏ, ਜਿਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਸੀ। ਪੰਜਾਬੀ ਸੂਬਾ ਦੀ ਮੰਗ ਤੇ ਰੋਕਾਂ ਪਾਈਆਂ ਜਾਣ ਲੱਗੀਆਂ ਕਿ ਇਸ ਨਾਲ ਹਿੰਦੂਆਂ ਦਾ ਨੁਕਸਾਨ ਹੋਵੇਗਾ। ਹੱਦਬੰਦੀ ਆਯੋਗ ਮਾਰਚ-ਅਪ੍ਰੈਲ 1955 ਨੂੰ ਪੰਜਾਬ ਆ ਰਿਹਾ ਸੀ। ਇਸ ਲਈ ਪੰਜਾਬੀ ਸੂਬਾ ਪ੍ਰਚਾਰ ਤੇ ਰੋਕ ਲਾਉਣ ਲਈ ਨਾਅਰਿਆਂ ਤੇ ਰੋਕ ਲਗਾ ਦਿੱਤੀ। ਲੁਧਿਆਣਾ 31 ਦਸੰਬਰ, 1954 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮਾਗਮ ਜਲੂਸ ਵਿਚ ਡਾਕਟਰ ਕਾਲੀਚਰਨ ਤੋਂ ਹਮਲਾ ਕਰਵਾ ਦਿੱਤਾ।ਜਿਸਨੇ ਮੰਨਿਆ ਕਿ ਅਸੀਂ ਪੰਜਾਬੀ ਸੂਬਾ ਦੀ ਫਿਰਕੂ ਮੰਗ ਨੂੰ ਰੋਕਣ ਲਈ ਮਹਾਂ ਪੰਜਾਬ ਦੀ ਲਹਿਰ ਚਲਾਈ ਹੈ। ਪਰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਖਾਮੋਸ਼ ਸੀ। ਕਿਉਂਕਿ ਇਹ ਸਭ ਕੁਝ ਉਸਦੀ ਸ਼ਹਿ ਤੇ ਹੋਇਆ ਸੀ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਾਂ ਵਿਚ ਵਿਘਨ ਪਾਉਣਾ ਚਾਹੁੰਦੇ ਸਨ। ਗੁਰਦੁਆਰਾ ਚੋਣਾਂ ਦੇ ਨਤੀਜਿਆਂ ਦੇ ਨਾਂ ਜਾਰੀ ਹੋਣ ਅਤੇ ਪਹਿਲੀ ਇੱਕਤਰਤਾ 4 ਜਨਵਰੀ 1955 ਨੂੰ ਰੱਖੀ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਮੁਖੀ ਚੁਣਿਆ ਗਿਆ। ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੇ ਨਾਮਜ਼ਦਗੀਆਂ ਦਾ ਕੰਮ ਸਿਰੇ ਨਹੀਂ ਚੜ੍ਹਨ ਦਿੱਤਾ। ਚੰਡੀਗੜ੍ਹ ਤੋਂ ਐਲਾਨ ਹੋਇਆ ਕਿ ਇੱਕਤਰਤਾ ਦੀ ਕਾਰਵਾਈ ਰੱਦ ਕੀਤੀ ਜਾਂਦੀ ਹੈ। ਅਗਲੀ ਇੱਕਤਰਤਾ ਦੀ ਤਾਰੀਖ 27 ਜਨਵਰੀ, 1955 ਰੱਖ ਦਿੱਤੀ। ਸਰਦਾਰ ਈਸ਼ਰ ਸਿੰਘ ਮਝੈਲ ਉਸ ਸਮੇਂ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਸੀ। ਸਰਕਾਰ ਨੇ ਨਵੀਂ ਚੁਣੀ ਕਮੇਟੀ ਦੇ ਕੰਮਾਂ ਵਿਚ ਮੁਸ਼ਕਿਲਾਂ ਪਾਉਣ ਲਈ ਉਸਦੀ ਸਹਾਇਤਾ ਕੀਤੀ।

7 ਜਨਵਰੀ ਨੂੰ ਗੁਰਦੁਆਰਾ ਨਿਆਂ ਆਯੋਗ ਦੇ ਮੁਖੀ ਸਰਦਾਰ ਬੂਟਾ ਸਿੰਘ ਜੀ ਨੂੰ ਬਰਖਾਸਤ ਕਰ ਦਿੱਤਾ। ਵਕੀਲ ਸ. ਸਰਦੂਲ ਸਿੰਘ ਨੂੰ ਆਯੋਗ ਦਾ ਜੱਜ ਬਣਾ ਦਿੱਤਾ। ਨਵੀਂ ਚੁਣੀ ਕਮੇਟੀ ਵਿਚ ਗੁੱਸੇ ਦੀ ਲਹਿਰ ਪੈਦਾ ਹੋ ਗਈ ਕਿ ਇਹ ਲੋਕਤੰਤਰ ਦੇ ਖਿਲਾਫ ਹੈ। ਗੁਰਦੁਆਰਾ ਕਾਨੂੰਨ ਅਨੁਸਾਰ ਸਥਾਨਕ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਾਰੀਆਂ ਕਮੇਟੀਆਂ ਵਿਚ ਆਪਣਾ ਇਕ-ਇਕ ਪ੍ਰਤੀਨਿਧ ਮੈਂਬਰ ਨਾਮਜ਼ਦ ਕਰਦੀ ਹੈ। ਪਰ ਸਰਕਾਰ ਨੇ 10-11 ਜਨਵਰੀ 1955 ਨੂੰ ਸਰਕਾਰ ਪੱਖੀ ਖਾਲਸਾ ਦਲ ਦੇ ਮੈਂਬਰਾਂ ਨੂੰ ਸਥਾਨਕ ਕਮੇਟੀਆਂ ਵਿਚ ਨਾਮਜ਼ਦ ਕਰ ਦਿੱਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਆਯੋਗ ਨਾਮਜ਼ਦਗੀਆਂ ਨਾ ਕੀਤੀਆਂ ਜਾਣ।

ਅਕਾਲੀ ਆਗੂਆਂ ਨੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨਾਲ ਗੱਲ ਕਰਨੀ ਚਾਹੀ। ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਜੋਗਿੰਦਰ ਸਿੰਘ ਰੇਖੀ, ਸ਼੍ਰੋਮਣੀ ਕਮੇਟੀ ਦੇ ਦੋਹਾਂ ਸਕੱਤਰਾਂ ਸ. ਰਵੇਲ ਸਿੰਘ ਤੇ ਸ. ਹਰਨਾਮ ਸਿੰਘ ਸਮੇਤ 21 ਜਨਵਰੀ 1955 ਨੂੰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਇਸ ਸਮੇਂ ਸਰਦਾਰ ਹਰਬੰਸ ਸਿੰਘ ਗੁਜਰਾਲ ਐਡਵੋਕੇਟ ਵੀ ਨਾਲ ਸਨ। ਮਾਸਟਰ ਜੀ ਨੇ ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦੇ ਦਖਲ ਦਾ ਇਲਜ਼ਾਮ ਲਾਇਆ। ਮੁੱਖ ਮੰਤਰੀ ਨੇ ਵਿਸ਼ੇ ਦੀ ਗੱਲਬਾਤ ਤੋਂ ਪਾਸੇ ਹੋ ਕੇ ਬਿਆਨ ਦਿੱਤਾ ਕਿ ਮਾਸਟਰ ਜੀ ਪੰਜਾਬੀ ਸੂਬਾ ਹੀ ਨਹੀਂ, ਸਗੋਂ ਸਿੱਖ ਰਾਜ ਮੰਗਦੇ ਹਨ। ਉਸ ਵੇਲੇ ਪੰਜਾਬ ਵਿਰੋਧੀ ਧਿਰ ਦਾ ਪੱਖ ਮੁੱਖ ਮੰਤਰੀ ਪੂਰ ਰਹੇ ਸਨ। ਸਿੱਖ ਕੌਮ ਨੇ ਜਾਣ ਲਿਆ ਕਿ ਇਨਸਾਫ ਲਈ ਕੁਰਬਾਨੀਆਂ ਦੀ ਲੋੜ ਹੈ। ਪਰ ਫਿਰ ਵੀ ਸਬਰ ਤੋਂ ਕੰਮ ਲਿਆ। ਸਰਕਾਰ ਦਾ ਵਤੀਰਾ ਸਿੱਖ ਵਿਰੋਧੀ ਰਿਹਾ। ਵਿਸਾਖੀ ਤੇ ਅੰਮ੍ਰਿਤਸਰ ਸੀਸ ਭੇਂਟ ਮੁਹੱਲੇ ਦੇ ਹੋਣ ਵਾਲੇ ਜਲੂਸ ਵਿਚ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ 14 ਅਪ੍ਰੈਲ 1955 ਨੂੰ ਪਾਬੰਦੀ ਲਗਾ ਦਿੱਤੀ। ਮਾਸਟਰ ਜੀ ਅਤੇ ਸਰਦਾਰ ਹੁਕਮ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਨਾਅਰੇ ਨਾ ਲਾਉਣ। ਜਲੂਸ ਘੰਟਾ ਘਰ ਚੌਂਕ ਤੱਕ ਪੁੱਜਾ। ਲੁਧਿਆਣਾ ਦੇ ਡਾਕਟਰ ਕਾਲੀਚਰਨ ਦੇ ਗੁੰਡੇ ਚੌਕ ਵਿਚ ਖੜ੍ਹੇ ਸਨ। ਦਸੰਬਰ 1954 ਨੂੰ ਲੁਧਿਆਣਾ ਦੇ ਫਸਾਦ ਵਾਂਗ ਅੰਮ੍ਰਿਤਸਰ ਵਿਚ ਵੀ ਜਲੂਸ ਤੇ ਇੱਟਾਂ ਪੈਣ ਲੱਗੀਆਂ। ਜਲੂਸ ਵਿਚ ਸ਼ਾਂਤੀਪੂਰਨ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲੱਗਣ ਲੱਗੇ। ਜਲੂਸ ਅੱਗੇ ਵਧਿਆ ਪਰ ਪ੍ਰਸ਼ਾਸਨ ਅਤੇ ਪੁਲਿਸ ਦਾ ਇਕਤਰਫਾ ਇਤਰਾਜ਼ਯੋਗ ਵਤੀਰਾ ਸੀ। ਜਲੂਸ ਤੋਂ ਬਾਅਦ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੋਲਦਿਆਂ ਮਾਸਟਰ ਜੀ ਨੇ ਕਿਹਾ ਕਿ ਹੁਣ ਜਲੂਸ ਉਤੇ ਹਮਲੇ ਨਹੀਂ ਸਹਾਰੇ ਜਾਣਗੇ। ਸਿੱਖ ਕੌਮ ਨੇ 'ਸੱਚਰ ਮੁਰਦਾਬਾਦ' ਦੇ ਨਾਅਰੇ ਲਾਏ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੜਬੜ ਮਚਾਉਣ ਵਾਲੇ ਕੁਝ ਫੜੇ ਗਏ। ਪੁਰਅਮਨ ਸਿੱਖ ਨੌਜਵਾਨ ਵੀ ਗ੍ਰਿਫਤਾਰ ਕੀਤੇ। ਗੁਰੂ ਕਾ ਬਾਗ ਤੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ 24 ਅਪ੍ਰੈਲ 1955 ਤੱਕ ਪੰਜਾਬੀ ਸੂਬਾ ਦੇ ਨਾਅਰਿਆਂ ਤੋਂ ਪਾਬੰਦੀ ਹਟਾਈ ਜਾਵੇ। ਪਰ ਸੱਚਰ ਸਰਕਾਰ ਨੇ ਨਾ ਸੁਣੀ। ਪਾਬੰਦੀ ਹਟਾਉਣ ਦੀ ਮੰਗ ਭਾਰਤ ਸਰਕਾਰ ਕੋਲ ਰੱਖੀ ਕਿ 9 ਮਈ 1955 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਨਹੀਂ ਤਾਂ ਮੋਰਚਾ ਲੱਗੇਗਾ। ਮੋਰਚੇ ਨੂੰ ਚਲਾਉਣ ਦੇ ਅਧਿਕਾਰ ਮਾਸਟਰ ਜੀ ਨੂੰ ਦਿੱਤੇ ਗਏ। ਮਈ 1, 1955 ਨੂੰ ਦੀਵਾਨ ਚਮਨ ਲਾਲ ਵੱਲੋਂ ਸੱਦੀ ਇੱਕਤਰਤਾ ਵਿਚ ਅਕਾਲੀਆਂ ਵੱਲੋਂ ਸ. ਗੋਪਾਲ ਸਿੰਘ ਖਾਲਸਾ, ਸ. ਰਾਮਦਿਆਲ ਸਿੰਘ ਤੇ ਸ. ਅਜਮੇਰ ਸਿੰਘ ਸ਼ਾਮਲ ਹੋਏ। ਮਹਾਂ ਪੰਜਾਬ ਵੱਲੋਂ ਡਾਕਟਰ ਕਾਲੀਚਰਨ ਤੇ ਸਾਥੀ ਸਨ। ਫੈਸਲਾ ਹੋਇਆ ਕਿ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ ਜਵਾਬੀ ਨਾਅਰੇ ਨਹੀਂ ਲਗਾਏ ਜਾਣਗੇ।

ਮਈ 3, 1955 ਨੂੰ ਸੱਚਰ ਮੁੱਖ ਮੰਤਰੀ ਨੇ ਸ. ਅਜਮੇਰਸਿੰਘ ਅਤੇ ਸਾਥੀਆਂ ਨਾਲ ਮੁਲਾਕਾਤ ਵਿਚ ਕਿਹਾ ਕਿ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਜਾਵੇਗੀ। ਪਰ ਦਿੱਲੀ ਦੇ ਚੱਕਰ ਲਾ ਕੇ ਆਉਂਦਿਆਂ 7 ਮਈ, 1955 ਨੂੰ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਕੁਚਲ ਦਿੱਤਾ ਜਾਵੇਗਾ। ਮਈ 9, 1955 ਲੁਧਿਆਣਾ ਵਿਖੇ ਲਾਲਾ ਕੇਦਾਰ ਨਾਥਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਇੱਕਤਰਤਾ ਵਿਚ ਮੋਰਚੇ ਦੀ ਹਮਾਇਤ ਦਾ ਐਲਾਨ ਹੋਇਆ। ਮੋਰਚੇ 'ਤੇਅਮਲ ਸ਼ੁਰੂ ਹੋਇਆ। ਮਾਸਟਰ ਜੀ ਨੇ ਸੰਗਤਾਂ ਨੂੰ ਕਿਹਾ ਕਿ ਇਹ ਸਿੱਖ ਕੌਮ ਦੀ ਅਣਖ ਦਾ ਸਵਾਲ ਹੈ। ਮੋਰਚਾ ਲਾ ਦਿਓ। ਸੰਗਤਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਮਾਸਟਰ ਜੀ ਨੇ 4-4 ਦੇ ਜਥਿਆਂ ਨੂੰ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਨਾਲ ਗ੍ਰਿਫਤਾਰੀਆਂ ਦੇਣ ਲਈ ਕਿਹਾ। ਮਈ 10, 1955 ਨੂੰ ਮਾਸਟਰ ਜੀ ਦੀ ਗ੍ਰਿਫਤਾਰੀ ਮੰਜੀ ਸਾਹਿਬ ਤੋਂ ਹੋਈ। ਉਸ ਦਿਨ 10 ਹੋਰ ਸਿੰਘਾਂ ਨੇ ਵੀ ਗ੍ਰਿਫਤਾਰੀ ਦਿੱਤੀ। ਪੁਲਿਸ ਨੇ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ ਨੂੰ ਪਹਿਲਾਂ ਅੰਮ੍ਰਿਤਸਰ ਫਿਰ ਰੋਹਤਕ ਜੇਲ੍ਹ ਭੇਜ ਦਿੱਤਾ।

ਮੋਰਚੇ ਦੇ ਦੂਸਰੇ ਮੁਖੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਇਕ ਮਹੀਨਾ ਮੋਰਚਾ ਚਲਾਇਆ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ 25 ਮਈ 1955 ਨੂੰ ਪੰਜਾਬੀ ਸੂਬਾ ਦਿਨ ਮਨਾਉਣ ਲਈ ਚੁਣਿਆ। ਸਰਕਾਰ ਨੇ ਪ੍ਰੋਗਰਾਮ ਨੂੰ ਫੇਲ੍ਹ ਕਰਨ ਲਈ ਗ੍ਰਿਫਤਾਰੀਆਂ ਦਾ ਦੌਰ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿਚ ਗ੍ਰਿਫਤਾਰਆਂ ਦੀ ਮੁਹਿਮ ਸ਼ੁਰੂ ਹੋ ਗਈ। ਸਰਕਾਰ ਨੇ ਅਕਾਲੀ ਦਲ ਦਾ ਇਕ ਵੀ ਮੈਂਬਰ ਅਤੇ ਆਗੂ ਜੇਲ੍ਹ ਤੋਂ ਬਾਹਰ ਨਹੀਂ ਰਹਿਣ ਦਿੱਤਾ। ਮੋਰਚਾ ਬੇਪਨਾਹ ਜੋਸ਼ ਨਾਲ ਅੱਗੇ ਵਧਣ ਲੱਗਾ। ਜੁਲਾਈ 25 ਨੂੰ ਪੰਜਾਬ ਅਸੈਂਬਲੀ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਅਤੇ ਪੰਜਾਬ ਕੌਂਸਲ ਦੇ ਸਭਾਪਤੀ ਸ. ਕਪੂਰ ਸਿੰਘ ਨੇ ਅਖਬਾਰਾਂ ਰਾਹੀਂ ਸਰਕਾਰੀ ਤਜਵੀਜ਼ ਦਿੱਤੀ ਕਿ ਸਰਕਾਰ ਨਾਲ ਗੱਲਬਾਤ ਕਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਇਕਬਾਲ ਸਿੰਘ ਜੀ ਵੱਲੋਂ ਇਹ ਤਜਵੀਜ਼ ਠੁਕਰਾ ਦਿੱਤੀ ਗਈ।

ਸੰਗਤਾਂ ਵਿਚ ਹੋਰ ਉਤਸ਼ਾਹ ਜਾਗ ਪਿਆ। ਪੈਪਸੂ, ਪੰਜਾਬ, ਉੱਤਰ ਪ੍ਰਦੇਸ਼, ਬੰਬਈ, ਕਾਨਪੁਰ ਤੇ ਕਲਕੱਤੇ ਤੱਕ ਤੋਂ ਜਥਿਆਂ ਨੇ ਅੰਮ੍ਰਿਤਸਰ ਵੱਲ ਵਹੀਰਾ ਘੱਤ ਦਿੱਤੀਆਂ। ਮੋਰਚੇ ਦੇ ਪਹਿਲੇ ਇਕ ਮਹੀਨੇ ਵਿਚ ਹੀ 5000 ਗ੍ਰਿਫਤਾਰੀਆਂ ਹੋਈਆਂ। ਮੋਰਚੇ ਵਿਚ ਆਉਂਦੀ ਤੇਜੀ ਵੇਖ ਕੇ ਕਾਂਗਰਸੀ ਅਤੇ ਆਰੀਆ ਸਮਾਜੀ ਅਖਬਾਰਾਂ ਨੇ ਕਾਂਗਰਸੀ ਸਿੱਖਾਂ ਨੂੰ ਮੋਰਚੇ ਦੇ ਮੁਕਾਬਲੇ ਵਿਚ ਆਉਣ ਦਾ ਪ੍ਰਚਾਰ ਕੀਤਾ ਕਿ ਉਹਨਾਂ ਨੂੰ ਵਜ਼ੀਰੀਆਂ ਦਿਵਾਈਆਂ ਹਨ। ਜੂਨ 1955 ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਕਿ ਗੁਰਦੁਆਰੇ ਵਿਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਜੀ ਸਾਹਿਬ ਦੇ ਦੀਵਾਨ ਵਿਚ ਜੋ ਰਾਜਸੀ ਤਕਰੀਰਾਂ ਹੁੰਦੀਆਂ ਹਨ, ਨੂੰ ਰੋਕਣ ਲਈ ਉਹ 25 ਜੂਨ 1955 ਨੂੰ 25 ਕਾਂਗਰਸੀ ਸਿੰਘਾਂ ਦਾ ਜਥਾ ਲੈ ਕੇ ਜਾਣਗੇ। ਕਾਂਗਰਸੀ ਸਿੱਖਾਂ ਨੇ ਇਸਦੀ ਹਮਾਇਤ ਦਾ ਐਲਾਨ ਕਰ ਦਿੱਤਾ।

ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ. ਈਸ਼ਰ ਸਿੰਘ ਮਝੈਲ ਨੇ ਅਕਾਲੀ ਆਗੂਆਂ ਨੂੰ ਧਮਕਾਉਣ ਦਾ ਯਤਨ ਕੀਤਾ ਕਿ ਕਾਂਗਰਸੀ ਸਿੱਖਾਂ ਦਾ ਜਥਾ ਮੰਜੀ ਸਾਹਿਬ ਦੀਵਾਨ ਵਿਚ ਜਾ ਕੇ ਫਸਾਦ ਕਰੇਗਾ। ਫਿਰ ਪੁਲਿਸ ਦੀ ਸਖਤੀ ਨਾਲ ਮੋਰਚਾ ਕੁਚਲ ਦਿੱਤਾ ਜਾਵੇਗਾ। ਜਥੇਦਾਰ ਭਾਨ ਸਿੰਘ ਨੇ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸ. ਸਰੂਪ ਸਿੰਘ ਵਿਧਾਇਕ ਨੇ ਕਿਹਾ ਕਿ ਮੁਕਾਬਲੇ ਦੀ ਕਮਾਨ ਮੈਂ ਸੰਭਾਲਾਂਗਾ, ਵੇਖਦੇ ਹਾਂ ਦੀਵਾਨ ਵੱਲ ਕੌਣ ਆਉਂਦਾ ਹੈ। ਸ. ਅਮਰ ਸਿੰਘ ਦੁਸਾਂਝ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦੇ ਐਲਾਨ ਕੀਤਾ ਕਿ ਮੰਜੀ ਸਾਹਿਬ ਦੀਵਾਨ ਵੱਲ ਜੇਕਰ ਫੇਰੂਮਾਨ ਨੇ ਉਂਗਲ ਕੀਤੀ ਤਾਂ ਉਂਗਲ ਕੱਟ ਦਿੱਤੀ ਜਾਵੇਗੀ। ਜੇਕਰ ਅੱਖ ਚੁੱਕੀ ਤਾਂ ਉਹ ਕੱਢ ਕੇ ਸੁੱਟ ਦਿੱਤੀ ਜਾਵੇਗੀ। ਸੰਗਤਾਂ ਵਿਚ ਅਥਾਹ ਜੋਸ਼ ਭਰ ਗਿਆ। ਬਾਬਾਹਰਿਕ੍ਰਿਸ਼ਨ ਸਿੰਘ ਜੀ ਨੇ ਮਾਮਲਾ ਸੁਲਝਾਉਣ ਲਈ ਐਲਾਨ ਕੀਤਾ ਕਿ ਅੱਗੇ ਤੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਕਾਂਗਰਸੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਹੁਣ ਜਵਾਬੀ ਮੋਰਚੇ ਲਈ ਜਥਾ ਲੈ ਕੇ ਨਹੀਂ ਜਾਣਗੇ।

ਮੰਜੀ ਸਾਹਿਬ ਦੇ ਦੀਵਾਨ ਤੋਂ ਤਕਰੀਰਾਂ ਹੁੰਦੀਆਂ ਰਹੀਆਂ। ਮੋਰਚਾ ਜੋਸ਼ ਨਾਲ ਅੱਗੇ ਵਧਦਾ ਗਿਆ। ਜੂਨ 15, 1955 ਤੱਕ ਗ੍ਰਿਫਤਾਰੀਆਂ ਦੀ ਗਿਣਤੀ 5000 ਤੋਂ ਉਪਰ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਧਰਮਸ਼ਾਲਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅਕਾਲੀਆਂ ਨੇ ਐਲਾਨ ਕੀਤਾ ਕਿ ਮੋਰਚਾ ਉਦੋਂ ਤੱਕ ਚੱਲੇਗਾ, ਜਦੋਂ ਤੱਕ ਨਾਅਰਿਆਂ ਤੋਂ ਪਾਬੰਦੀ ਨਹੀਂ ਹਟਾ ਲਈ ਜਾਂਦੀ। ਸਿੱਖਾਂ ਨੇ ਕਈ ਖਾਸ ਦਿਨਾਂ ਤੇ ਵੀ ਗ੍ਰਿਫਤਾਰੀਆਂ ਦਿੱਤੀਆਂ। ਜਿਵੇਂ ਮਾਸਟਰ ਤਾਰਾ ਸਿੰਘ ਜੀ ਦੇ 71ਵੇਂ ਜਨਮ ਦਿਨ 271 ਗ੍ਰਿਫਤਾਰੀਆਂ ਹੋਈਆਂ। ਜੂਨ 29, 1955 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ 117ਵੀਂ ਬਰਸੀ ਤੇ ਗ੍ਰਿਫਤਾਰੀਆਂ ਹੋਈਆਂ। ਜੂਨ 29 ਆਜ਼ਾਦ ਪੰਜਾਬ ਦਿਨ, ਜੂਨ 30, 1955 ਨੂੰ ਘੱਲੂਘਾਰਾ ਦਵਸ ਤੇ ਜੁਲਾਈ 3, 1955 ਨੂੰ ਵੀ ਗ੍ਰਿਫਤਾਰੀਆਂ ਹੋਈਆਂ, ਜੋ ਸ਼ਹਿਰੀ ਆਜ਼ਾਦੀ ਦਾ ਦਿਨ ਸੀ।

ਪੰਜਾਬ ਦੇ ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਅਤੇ ਉਪ ਇੰਸਪੈਕਟਰ ਜਨਰਲ ਪੁਲਿਸ ਨੇ ਪ੍ਰਸ਼ਾਸਨ ਨਾਲ ਮਿਲ ਕੇ ਮੋਰਚੇ ਨੂੰ ਸਖਤੀ ਨਾਲ ਦਬਾਅ ਦੇਣ ਦਾ ਫੈਸਲਾ ਕਰ ਲਿਆ। ਮੁੱਖ ਮੰਤਰੀ ਨੇ ਕਾਂਗਰਸੀ ਸਿੱਖਾਂ ਨੂੰ ਕਿਹਾ ਕਿ ਉਹ ਪਿੰਡਾਂ ਵਿਚ ਜਾ ਕੇ ਪੰਜਾਬੀ ਸੂਬਾ ਮੋਰਚਾ ਵਿਰੁੱਧ ਪ੍ਰਚਾਰ ਕਰਨ। ਪਰ ਮੋਰਚਾ ਹੋਰ ਵੀ ਤੇਜੀ ਨਾਲ ਅੱਗੇ ਵਧਦਾ ਗਿਆ। ਪੈਪਸੂ ਅਕਾਲੀ ਦਲ ਦੇ ਜਨਰਲ ਸਕੱਤਰ ਸ. ਰਾਜਿੰਦਰ ਸਿੰਘ ਪੱਤਰਕਾਰ ਵੀ ਗ੍ਰਿਫਤਾਰੀ ਦੇਣ ਅੰਮ੍ਰਿਤਸਰ ਪਹੁੰਚ ਗਏ। ਉਹਨਾਂ 2 ਜੁਲਾਈ 1955 ਨੂੰ ਮੰਜੀ ਸਾਹਿਬ ਦੀਵਾਨ ਤੋਂ ਐਲਾਨ ਕੀਤਾ ਕਿ ਸਿੱਖ ਕੌਮ ਮੋਰਚਾ ਫਤਿਹ ਕਰਨ ਤੋਂ ਬਿਨਾਂ ਪਿੱਛੇ ਨਹੀਂ ਹਟੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਾਰੀ ਸਿੱਖ ਕੌਮ ਖੜ੍ਹੀ ਹੋ ਗਈ ਸੀ। ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਨਹਿਰੂ ਨੂੰ ਕਿਹਾ ਕਿ ਅਕਾਲੀ 1500 ਕੁ ਹੋਣਗੇ ਪਹਿਲਾਂ ਹੀ ਗ੍ਰਿਫਤਾਰ ਕਰ ਲਓ, ਮੋਰਚਾ ਖਤਮ ਹੋ ਜਾਵੇਗਾ। ਜਦੋਂ ਮੋਰਚੇ ਦੇ ਦੋ ਮਹੀਨੇ ਬੀਤੇ ਤਾਂ 8 ਹਜ਼ਾਰ ਜੇਲ੍ਹ ਜਾ ਚੁੱਕੇ ਸਨ।

ਜੂਨ ਦੇ ਅਖੀਰਲੇ ਹਫਤੇ, ਜਲੰਧਰ ਡਵੀਜ਼ਨ ਦੇ ਉਪ ਇੰਸਪੈਕਟਰ ਜਨਰਲ ਪੁਲਿਸ ਅਸ਼ਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣਦੀ ਵਿਉਂਤ ਬਣਾਈ। ਉਸਨੇ ਮੁੱਖ ਮੰਤਰੀ ਨੂੰ ਕਿਹਾ ਕਿ ਮੈਨੂੰ 5 ਦਿਨਾਂ ਲਈ ਕਾਰਵਾਈ ਕਰਨ ਦੀ ਆਜ਼ਾਦੀ ਦੇਵੋ, ਮੈਂ ਮੋਰਚਾ ਕੁਚਲ ਦੇਵਾਂਗਾ। ਇਸ ਤਰ੍ਹਾਂ ਉਸਨੇ 4 ਜੁਲਾਈ, 9 ਜੁਲਾਈ 1955 ਤੱਕ ਛੋਟ ਮੰਗੀ ਸੀ। ਪੁਲਿਸ ਨੇ ਪ੍ਰੇਮ ਹੋਟਲ ਦੇ ਅਖੀਰ ਵਿਚ ਜੰਗਲਾ ਲਵਾ ਲਿਆ। ਜਿਸਦੀ ਨਿਗਰਾਨੀ ਅਕਾਲੀ ਦਲ ਦੇ ਸੇਵਾਦਾਰ ਕਰਦੇ ਸਨ। ਪੁਲਿਸ ਉਸ ਤੋਂ ਪਿੱਛੇ ਖੜ੍ਹੀ ਹੁੰਦੀ ਸੀ। ਜਦ ਸਤਿਆਗ੍ਰਹਿ ਨਾਅਰੇ ਮਾਰਦੇ ਜੰਗਲੇ ਤੋਂ ਅੱਗੇ ਵਧਦੇ ਤਾਂ ਪੁਲਿਸ ਗ੍ਰਿਫਤਾਰ ਕਰਦੀ ਸੀ। ਜੂਨ 1955 ਦੇ ਅਖੀਰ ਵਿਚ ਪੁਲਿਸ ਨੇ ਜੰਗਲਾ ਚੁਕਵਾ ਦਿੱਤਾ। ਪੁਲਿਸ ਗੁਰੂਰਾਮਦਾਸ ਸਰਾਂ ਤੋਂ ਅਕਾਲੀ ਦਫਤਰ ਤੱਕ ਗਸ਼ਤ ਕਰਨ ਲੱਗੀ। ਪੁਲਿਸ ਨੇ ਗੁਰਦੁਆਰਾ ਮੰਜੀ ਸਾਹਿਬ ਜਾ ਕੇ ਸੰਗਤਾਂ ਨੂੰ ਜਲੀਲ ਕਰਕੇ ਉਥੋਂ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਜਾਇਜ਼ ਲਾਇਸੈਂਸੀ ਬੰਦੂਕਾਂ ਜਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜਬਤ ਕਰ ਲਈਆਂ।

ਪੁਲਿਸ ਦੀ ਅਸਲ ਕਾਰਵਾਈ 3-4 ਜੁਲਾਈ 1955 ਦੀ ਅੱਧੀ ਰਾਤ ਤੋਂ ਸ਼ੁਰੂ ਹੋ ਗਈ। ਬਿਨਾਂ ਵਰੰਟਾਂ ਦੇ ਗ੍ਰਿਫਤਾਰੀਆਂ ਹੋਈਆਂ। ਸਵੇਰੇ 3-4 ਵਜੇ ਹਜ਼ਾਰਾਂ ਪੁਲਿਸ ਵਾਲੇ ਲੈ ਕੇ ਅਸ਼ਵਨੀ ਕੁਮਾਰ ਨੇ ਆਪ ਧਾਵਾ ਬੋਲਿਆ। ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਪੁਲਿਸ ਦਾ ਸਖਤ ਪਹਿਰਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਫਤਰਾਂ 'ਤੇ ਹਮਲਾ ਕੀਤਾ ਗਿਆ। ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਦੇ ਸਤਿਆਗ੍ਰਹੀ ਗ੍ਰਿਫਤਾਰ ਕਰ ਲਏ ਅਤੇ ਹੋਰ ਮੁਸਾਫਰ ਵੀ ਟਰੱਕਾਂ ਵਿਚ ਬਿਠਾ ਕੇ ਜੇਲ੍ਹ ਵਿਚ ਲੈ ਗਏ।

ਮੰਜੀ ਸਾਹਿਬ ਦੀਵਾਨ ਤੇ ਧਾਰਾ 144 ਲਗਾ ਕੇ ਦੀਵਾਨ ਰੋਕਣ ਦਾ ਐਲਾਨ ਕਰ ਦਿੱਤਾ। ਪੁਲਿਸ ਨੇ ਗਸ਼ਤ ਤੇਜ ਕਰ ਦਿੱਤੀ। ਪੁਲਿਸ ਵਾਲੇ ਬਾਵਾ ਹਰਿਕ੍ਰਿਸ਼ਨ ਨਾਲ ਉਲਝ ਪਏ ਕਿ ਬਾਵਾ ਜੀ ਜੰਗਲੇ ਉਤੇ ਚੜ੍ਹ ਕੇ ਜੈਕਾਰੇ ਲਾਉਣ ਲੱਗ ਪਏ। ਸਰਦਾਰ ਹੁਕਮ ਸਿੰਘ ਨੇ ਕਿਹਾ ਕਿ ਫੌਜ ਨੂੰ ਵਾਪਸ ਭੇਜੋ। ਫੌਜ ਵਾਪਸ ਚਲੀ ਗਈ। ਪੁਲਿਸ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸਰਦਾਰ ਹੁਕਮ ਸਿੰਘ ਨੇ ਐਲਾਨ ਕੀਤਾ ਕਿ ਸਿੰਘੋ ਹੁਣ ਸਾਨੂੰ ਗੋਲੀਆਂ ਖਾਣੀਆਂ ਪੈਣੀਆਂ ਹਨ। ਜੋ ਗੋਲੀ ਖਾਣ ਲਈ ਤਿਆਰ ਹਨ ਇੱਥੇ ਰਹਿਣ, ਬਾਕੀ ਚਲੇ ਜਾਣ। ਸਭ ਗੋਲੀਆਂ ਅੱਗੇ ਡਟ ਗਏ।

ਸੰਗਤਾਂ ਨੇ ਮੰਜੀ ਸਾਹਿਬ ਦਾ ਰਾਹ ਸ਼ਾਂਤੀਪੂਰਵਕ ਰੋਕ ਲਿਆ। ਪੁਲਿਸ ਨੇ ਅੱਥਰੂ ਗੈਸ ਅਤੇ ਡਾਂਗਾਂ ਦੀ ਵਰਤੋਂ ਕੀਤੀ। ਸੰਗਤਾਂ ਵਿਚ ਭਗਦੜ ਮੱਚ ਗਈ। ਸਿੰਘ ਡਟੇ ਰਹੇ। ਪੁਲਿਸ ਤਸ਼ੱਦਦ ਕਰਦੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ 'ਤੇ ਪੁੱਜ ਗਈ। ਬਹੁਤ ਸਾਰੀ ਸੰਗਤ ਪੁਲਿਸ ਕਾਰਵਾਈ ਵਿਚ ਜ਼ਖਮੀ ਹੋ ਗਈ। ਅਸ਼ਵਨੀ ਕੁਮਾਰ ਨੇ ਸੰਗਤਾਂ ਤੇ ਇਲਜ਼ਾਮ ਲਾਇਆ ਕਿ ਪ੍ਰਕਰਮਾ ਵਿਚੋਂ ਇੱਟਾਂ ਪੱਥਰ ਮਾਰੇ ਜਾ ਰਹੇ ਹਨ ਅਤੇ 7 ਗੋਲੀਆਂ ਵੀ ਚੱਲੀਆਂ ਹਨ। ਪਰ ਪੁਲਿਸ ਵਾਲੇ ਜ਼ਖਮੀ ਨਹੀਂ ਹੋਏ। ਆਗੂਆਂ ਨੇ ਕਿਹਾ ਕਿ ਪੱਥਰ ਤਾਂ ਭੜਕੀ ਭੀੜ ਵੱਲੋਂ ਮਾਰੇ ਜਾ ਸਕਦੇ ਹਨ ਪਰ ਗੋਲੀਆਂ ਚੱਲਣ ਦੀ ਗੱਲ ਝੂਠੀ ਹੈ। ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਚੇਤ ਸਿੰਘ ਦੇ ਮਕਾਨ 'ਤੇ ਅੱਥਰੂ ਗੈਸ ਛੱਡੀ ਗਈ ਅਤੇ ਉਹਨਾਂ ਦਾ ਪਰਿਵਾਰ ਉਥੋਂ ਕੱਢ ਦਿੱਤਾ। ਪੁਲਿਸ ਅਫਸਰਾਂ ਦੀ ਅਗਵਾਈ ਹੇਠ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਇੱਟਾਂ, ਪੱਥਰ ਅਤੇ ਗੈਸ ਦੇ ਗੋਲੇ ਛੱਡੇ। ਪ੍ਰਕਰਮਾ ਵਿਚ ਇਕ ਦੀਵਾਰ ਡਿੱਗ ਪਈ। ਜਿਸ ਹੇਠ ਬਹੁਤ ਸਾਰੀ ਸੰਗਤ ਜ਼ਖਮੀ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਰਦਾਰ ਅਜਾਇਬ ਸਿੰਘ ਨੇ ਦੱਸਿਆ ਕਿ ਦੋ ਸਿੱਖ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਹਨ। ਪਰ ਪੁਲਿਸ ਨੇ ਤਸਦੀਕ ਨਹੀਂ ਕੀਤੀ।

ਗੈਸ ਦਰਬਾਰ ਸਾਹਿਬ ਦੀ ਮੰਜ਼ਿਲ ਵੱਲ ਪੁੱਜ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਸੇਵਾਦਾਰਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੋਲੀਆਂ ਦੀ ਮਾਰ ਅਕਾਲ ਤਖਤ ਸਾਹਿਬ ਤੱਕ ਹੋਈ। ਸਾਰੀ ਕਾਰਵਾਈ ਦੀਆਂ ਤਸਵੀਰਾਂ ਲਈਆਂ ਗਈਆਂ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ। ਪਰ ਸਤਿਆਗ੍ਰਹਿ ਨਹੀਂ ਰੁਕਿਆ। ਅਖਬਾਰਾਂ ਵਿਚ ਤਸਵੀਰਾਂ ਸਮੇਤ ਵੇਰਵਾ ਛਪਿਆ। ਮੰਜੀ ਸਾਹਿਬ ਤੇ ਪੁਲਿਸ ਦਾ ਕਬਜ਼ਾ ਸੀ। ਪ੍ਰਕਰਮਾ ਵਿਚ ਜਾਣ ਦਾ ਦਰਵਾਜ਼ਾ ਬੰਦ ਸੀ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਸਨ। ਡਾਂਗਾਂ ਖੜਕ ਰਹੀਆਂ ਸਨ। ਪਿਸਤੌਲਾਂ ਤਣੀਆਂ ਹੋਈਆਂ ਸਨ। ਪਰ ਸਤਿਆਗ੍ਰਹਿ ਨੌਜਵਾਨ ਪਿੱਛੇ ਨਹੀਂ ਹਟੇ। ਅਕਾਲ ਤਖਤ ਸਾਹਿਬ ਦੇ ਸਾਹਮਣੇ ਦੀਵਾਨ ਲੱਗਾ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਬੂਟਾ ਸਿੰਘ, ਜਥੇਦਾਰ ਤਾਰਾ ਸਿੰਘ ਜੀ ਨੇ ਸਿੱਖਾਂ ਨੂੰ ਅੱਗੇ ਆਉਣ ਲਈ ਕਿਹਾ। ਸਿੱਖ ਸ਼ਾਂਤਮਈ ਡਟ ਗਏ। ਨੌਜਵਾਨ ਕੰਧ ਟੱਪ ਕੇ ਮੰਜੀ ਸਾਹਿਬ ਪਹੁੰਚੇ। ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਡਾਂਗਾਂ ਖਾਂਦੇ ਤੇ ਉਹ ਗ੍ਰਿਫਤਾਰ ਹੋ ਜਾਂਦੇ। ਸਰਕਾਰ ਨੇ ਰੋਜ਼ਾਨਾ ਪ੍ਰਭਾਤ ਅਤੇ ਅਕਾਲੀ ਅਖਬਾਰਾਂ ਦੇ ਪ੍ਰਕਾਸ਼ਨ ਰੋਕ ਦਿੱਤੇ। ਅਜੀਤ ਅਤੇ ਅਕਾਲੀ ਪੱਤ੍ਰਿਕਾ ਤੇ ਰੋਕ ਦੀ ਕਾਰਵਾਈ ਹੋਈ। ਚਾਰੇ ਅਖਬਾਰਾਂ 4-9 ਜੁਲਾਈ 1955 ਤੱਕ ਬੰਦ ਰਹੀਆਂ ਤਾਂ ਜੋ ਪੁਲਿਸ ਤਸ਼ੱਦਦ ਦੀਆਂ ਖਬਰਾਂ ਅਖਬਾਰਾਂ ਰਾਹੀਂ ਬਾਹਰ ਨਾ ਨਿਕਲਣ। ਪੰਜ ਦਿਨਾਂ ਬਾਅਦ ਅਖਬਾਰ ਬਹਾਲ ਹੋਏ। ਭਾਵੇਂ ਬੀ. ਬੀ. ਸੀ. ਲੰਡਨ ਅਤੇ ਅਮਰੀਕਾ ਤੱਕ ਖਬਰਾਂ ਪੁੱਜ ਚੁੱਕੀਆਂ ਸਨ।

ਪੁਲਿਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਕਬਜ਼ਾ ਕਰਕੇ, ਦਰਬਾਰ ਸਾਹਿਬ ਦੀ ਨਾਕਾਬੰਦੀ ਕਰਕੇ ਉਹ ਮੋਰਚਾ ਕੁਚਲ ਦੇਣਗੇ। ਪੁਲਿਸ ਨੇ ਮੰਜੀ ਸਾਹਿਬ ਛਾਉਣੀ ਪਾ ਲਈ। ਗੁਰੂ ਰਾਮਦਾਸ ਸਰਾਂ, ਲੰਗਰ, ਪ੍ਰਕਾਸ਼ ਅਸਥਾਨ ਅਤੇ ਚਲਾਏ ਜਾ ਰਹੇ ਲੰਗਰਾਂ 'ਤੇ ਕਬਜ਼ਾ ਕਰ ਲਿਆ।

(ਬਾਕੀ ਅਗਲੇ ਸਫੇ 'ਤੇ)

# ਅੱਖੀਂ ਦੇਖਿਆ ਕੈਨੇਡਾ ਦਿਵਸ

ਲੇਖਕ: ਰਾਜਿੰਦਰ ਸਿੰਘ ਰਾਜਨ



ਕਿਚਨਰ, ਓਨਟੈਰੀਓ- ਕੈਨੇਡੀਅਨਜ਼ ਨੇ 1 ਜੁਲਾਈ ਨੂੰ ਆਪਣੇ ਦੇਸ਼ ਦਾ 157ਵਾਂ ਕੈਨੇਡਾ ਦਿਵਸ ਧੂਮਧਾਮ ਤੇ ਜੋਸ਼ੋ ਖਰੋਸ਼ ਨਾਲ ਵੱਖ ਵੱਖ ਸ਼ਹਿਰਾਂ ਵਿੱਚ ਮਨਾਇਆ। ਕੈਨੇਡਾ ਦਿਵਸ ਦੇ ਚੱਲਦੇ ਸਿਟੀ ਹਾਲ ਡਾਊਨ-ਟਾਊਨ ਕਿਚਨਰ, ਓਨਟੈਰੀਓ (ਕੈਨੇਡਾ) ਵਿਖੇ ਕੈਨੇਡਾ ਦਿਵਸ ਸਮਾਗਮ ਦਾ ਆਯੋਜਨ ਕੀਤਾ। ਦੇਰ ਰਾਤ ਚੱਲੇ ਇਸ ਸਮਾਗਮ ਵਿੱਚ ਸ਼ਾਨਦਾਰ ਸੰਗੀਤਕ ਪਰਫ਼ਾਰਮੈਂਸਜ਼ ਦਿਖਾਈਆਂ ਗਈਆਂ ਜਿਸ ਦਾ ਹਜ਼ਾਰਾਂ ਦੀ ਤਾਦਾਦ ਵਿੱਚ ਇਕੱਤਰਤ ਕੈਨੇਡੀਅਨਜ਼ ਤੋਂ ਇਲਾਵਾ ਵੱਖ-ਵੱਖ ਦੇਸ਼ਾਂ-ਪ੍ਰਦੇਸ਼ਾਂ ਤੋਂ ਆਏ ਸੈਰ ਸਪਾਟੇ ਲਈ ਸੈਲਾਨੀਆਂ, ਵੱਖ-ਵੱਖ ਦੇਸ਼ਾ ਤੋਂ ਵਿੱਦਿਆ ਗ੍ਰਹਿਣ ਕਰਨਾ ਆਏ ਪੜਾਕੂਆਂ ਤੇ ਵੱਖ ਵੱਖ ਦੇਸ਼ ਦੇ ਪੀ ਆਰ, ਸਿਟੀਜਨ ਲੋਕਾਂ ਨੇ ਵੀ ਇਸ ਸਮਾਗਮ ਦਾ ਖੂਬ ਆਨੰਦ ਮਾਣਿਆ। ਇਸ ਸਮਾਗਮ ਵਿੱਚ ਸੰਗੀਤਕ ਪਰਫ਼ਾਰਮੈਂਸਜ਼ ਦੇਰ ਰਾਤ ਚਲਦੀ ਰਹੀ ਅਤੇ ਹਰ ਪਰਫਾਰਮੈਂਸ ਉਪਰੰਤ ਇਕੱਤਰ ਲੋਕਾਂ ਨੇ ਤਾੜੀਆਂ ਦੀ ਬਰਖਾ ਨਾਲ ਕਲਾਕਾਰਾਂ ਦੀ ਹੌਸਲਾ ਅਫਜ਼ਾਈ ਕਰਕੇ ਉਨ੍ਹਾਂ ਦਾ ਮਨੋਬਲ ਵਧਾਇਆ।

ਸਮਾਗਮ ਦੇ ਅਖੀਰ ਵਿੱਚ ਲੋਕਾ ਵੱਲੋਂ ਆਪਣੇ ਦੇਸ਼ ਦਾ ਨੈਸ਼ਨਲ ਗੀਤ ਗਾਇਆ ਗਿਆ ਜਿਸ ਤੋਂ ਉਪਰੰਤ ਤਾਬੜਤੋੜ ਆਤਿਸ਼ਬਾਜ਼ੀ ਇੱਕ ਵੱਖਰੀ ਅਮਿਟ ਛਾਪ ਛੱਡ ਗਈ। ਜ਼ਿਕਰਯੋਗ ਹੈ ਕਿ ਕੈਨੇਡਾ ਦਿਵਸ ਵਾਲੇ ਦਿਨ ਸੰਵਿਧਾਨਿਕ ਛੁੱਟੀ ਹੁੰਦੀ ਹੈ। ਇਸ ਦਿਨ ਸਾਰੇ ਦਫਤਰ, ਸਕੂਲਾ- ਕਾਲਜਾ ਵਿੱਚ ਛੁੱਟੀ ਹੁੰਦੀ ਹੈ। ਕੈਨੇਡੀਅਨ ਲੋਕ ਕੈਨੇਡਾ ਦਿਵਸ ਦੇ ਇਸ ਵਿਰਸੇ ਦਾ ਮਾਣ ਸਨਮਾਨ ਕਰਦੇ ਹੋਏ ਇਸ ਦਿਵਸ ਨੂੰ ਬੜੇ ਚਾਅ ਉਤਸਾਹ ਨਾਲ ਮਨਾਉਂਦੇ ਹਨ ਅਤੇ ਇਸ ਸਮਾਗਮ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਕੈਨੇਡਾ ਦਿਵਸ ਇਨਾਂ ਦਿਲਚਸਪ ਹੁੰਦਾ ਹੈ ਕਿ ਲੋਕਾਂ ਦੀ ਇਕੱਤਰਤਾ ਜਿਵੇਂ ਤਿਲ ਸੁੱਟਣ ਨੂੰ ਜਗ੍ਹਾ ਨਾ ਹੋਵੇ ਵਰਗੀ ਹੁੰਦੀ ਹੈ। ਵਿਸ਼ਾਲ ਮਈ ਇਕੱਤਰਤਾ ਵਿੱਚ ਹਰ ਨਾਗਰਿਕ ਪੂਰੇ ਅਨੁਸ਼ਾਸਨ ਵਿੱਚ ਦਿਖਾਈ ਦਿੰਦਾ ਹੈ। ਹਜ਼ਾਰਾ ਦੀ ਗਿਣਤੀ ਵਿੱਚ ਇਕੱਤਰਤ ਲੋਕਾ ਵਿੱਚ ਕੋਈ ਵੀ ਧੱਕਾ-ਮੁੱਕੀ ਵਾਲੀ ਗੱਲ ਕਿਧਰੇ ਨਜ਼ਰੀ ਨਹੀਂ ਚੜ੍ਹਦੀ। ਹਲੀਮ ਤੇ ਪਿਆਰ ਜਿਵੇਂ ਲੋਕ ਅੰਦਰ ਕੁੱਟ-ਕੁੱਟ ਕੇ ਭਰਿਆ ਹੋਵੇ ਅਤੇ ਦੂਸ਼ਰੇ ਨੂੰ ਪਹਿਲਾ ਲੰਘਣ ਦੀ ਪਹਿਲ ਦੇਣ ਦਾ ਜਜ਼ਬਾ ਬ-ਕਮਾਲ ਦੇਖਣ ਨੂੰ ਮਿਲਦਾ। ਪੀੜ-ਪੱੜਕੇ ਦੇ ਬਾਵਜੂਦ ਲੋਕ ਚੋਰੀ ਹੋਣ ਤੋਂ ਬੇਖੌਫ ਫ੍ਰੀ ਮਾਈਂਡ ਹੂੰਦੇ ਹਨ।

ਹਰ ਵਿਅਕਤੀ ਇਮਾਨਦਾਰ ਅਤੇ ਪਾਰਦਰਸ਼ੀ ਹੁੰਦਾ ਹੈ। ਬੇਈਮਾਨੀ ਨਾ ਦੀ ਚੀਜ਼ ਨਹੀ ਇੱਥੇ। ਇਹ ਕੇਵਲ ਤੇ ਕੇਵਲ ਇੱਕ ਪਹਿਲੂ ਹੈ ਜਿਸ ਇੱਕ ਪਹਿਲੂ ਵੱਲ ਵੇਖਕੇ ਆਪਣੇ ਭਾਰਤ ਦੇਸ਼ ਦੇ ਹਲਾਤਾ ਤੇ ਤਰਸ ਆਉਂਦਾ ਕਿ ਕੱਦ ਆਏਗੀ ਬਹਾਰ ਮੇਰੇ ਦੇਸ਼ ਵਿੱਚ --

# ਪੰਜਾਬੀ ਸੂਬਾ ਮੋਰਚਾ 1955

(ਸਫਾ 29 ਦੀ ਬਾਕੀ)

ਲੰਗਰਾਂ ਵਿਚੋਂ ਦਾਲ, ਆਟਾ, ਘਿਓ ਅਤੇ ਭਾਂਡੇ ਪੁਲਿਸ ਚੁੱਕ ਕੇ ਲੈ ਗਈ। ਬਾਬਾ ਅਟਲ ਅਤੇ ਕੋਲਸਰ ਸਰੋਵਰ ਦੀ ਪਵਿੱਤਰਤਾ ਭੰਗ ਹੋਈ। ਜੁਲਾਈ 4, 1955 ਨੂੰ ਦਰਬਾਰ ਸਾਹਿਬ ਵਾਸਤੇ ਕੜਾਹ ਪ੍ਰਸ਼ਾਦ ਅਤੇ ਪ੍ਰਸ਼ਾਦਿਆਂ 'ਤੇ ਵੀ ਰੋਕ ਲਗਾ ਦਿੱਤੀ। ਸੇਵਾਦਾਂ ਨੂੰ ਵੀ ਬੇਇਜ਼ਤ ਕੀਤਾ ਗਿਆ। ਸਖਤੀ ਦੇ ਬਾਵਜੂਦ ਵੀ ਅਕਾਲ ਤਖਤ ਸਾਹਿਬ ਤੇ ਪ੍ਰਸ਼ਾਦੇ ਦਾ ਭੰਡਾਰ ਲੱਗ ਗਿਆ। ਸੰਗਤਾਂ ਨੂੰ ਹੋਰ ਪ੍ਰਸ਼ਾਦੇ ਲਿਆਉਣ ਤੋਂ ਰੋਕਣਾ ਪਿਆ।

ਗ੍ਰਿਫਤਾਰੀਆਂ ਜਾਰੀ ਸਨ। ਪੁਲਿਸ ਨੇ ਹਿੰਦੂ ਸਿੱਖ ਫਸਾਦ ਕਰਵਾਉਣ ਦੀ ਸਾਜਿਸ਼ ਹੇਠ ਸ਼ਰਾਰਤੀ ਖੜ੍ਹੇ ਕਰ ਲਏ ਕਿ ਫਸਾਦ ਹੋਣ ਦੇ ਬਹਾਨੇ ਕਰਫਿਊ ਲਗਾ ਕੇ ਮੋਰਚਾ ਕੁਚਲ ਦਿੱਤਾ ਜਾਵੇ। ਪਰ ਇਹ ਸਾਜਿਸ਼ ਸਫਲ ਨਾ ਹੋਈ। ਰੋਜ਼ ਸੈਂਕੜੇ ਸਿੰਘ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੁੰਦੇ ਗਏ। ਚੀਫ ਖਾਲਸਾ ਦੀਵਾਨ ਨੇ ਵੀ ਆਵਾਜ਼ ਉਠਾਈ ਕਿ ਸਰਕਾਰ ਕੋਲੋਂ ਹੋ ਰਹੇ ਤਸ਼ੱਦਦ ਦੀ ਪੜਤਾਲ ਕਰਵਾਈ ਜਾਵੇ। ਸੰਤ ਮਹਾਤਮਾ ਵੀ ਮੋਰਚੇ ਵਿਚ ਕੁੱਦ ਪਏ। ਮਤਭੇਦ ਰੱਖਣਵਾਲੇ ਕਾਂਗਰਸੀ ਵੀ ਮੋਰਚੇ ਵਿਚ ਆ ਗਏ। ਸੱਚਰ ਸਰਕਾਰ ਬੁਖਲਾ ਗਈ। ਗ੍ਰਿਫਤਾਰੀਆਂ ਤੇ ਰੋਕ ਲਗਾ ਦਿੱਤੀ ਪਰ ਥੋੜ੍ਹੇ ਚਿਰ ਬਾਅਦ ਹੀ ਗ੍ਰਿਫਤਾਰੀਆਂ ਫਿਰ ਸ਼ੁਰੂ ਹੋ ਗਈਆਂ।

ਜੁਲਾਈ 11, 1955 ਨੂੰ 600 ਗ੍ਰਿਫਤਾਰੀਆਂ ਹੋਈਆਂ। ਜੁਲਾਈ 12, 1955 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਇਤਲਾਹ ਦਿੱਤੀ ਕਿ ਪ੍ਰਧਾਨ ਮੰਤਰੀ ਨਹਿਰੂ ਨੇ ਸਦਭਾਵਨਾ ਅਧੀਨ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਹੈ। ਜਥੇਦਾਰ ਗੁਰਬਚਨ ਸਿੰਘ ਜੀ ਫਤਿਹਗੜ੍ਹ ਦੀ ਕਮਾਨ ਹੇਠ ਸਰਕੂਲਰ ਰੋਡ ਅੰਮ੍ਰਿਤਸਰ ਤੇ 10-15 ਹਜ਼ਾਰ ਦੀ ਸੰਗਤ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਤਿਆਗ੍ਰਹੀ ਵਾਪਸ ਮੰਜੀ ਸਾਹਿਬ ਆ ਗਏ। ਇਹ ਮੋਰਚਾ 64 ਦਿਨਾਂ ਬਾਅਦ ਪੂਰੀ ਸ਼ਾਨ ਨਾਲ ਫਤਿਹ ਹੋਇਆ।

ਸਮੇਂ ਸਮੇਂ ਮੋਰਚਾ ਸਫਲਤਾ ਪੂਰਵਕ ਚਲਾਉਣ ਲਈ ਮਾਸਟਰ ਤਾਰਾ ਸਿੰਘ ਜੀ ਦੀ ਗ੍ਰਿਫਤਾਰੀ ਤੋਂ ਬਾਅਦ ਜਿਹਨਾਂ ਆਗੂਆਂ ਨੇ ਮੋਰਚੇ ਦੀ ਅਗਵਾਈ ਸੰਭਾਲੀ ਵਿਚ ਸ਼ਾਮਲ ਸਨ। ਪ੍ਰਿੰਸੀਪਲ ਇਕਬਾਲ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ, ਸਰਦਾਰ ਮੀਹਾਂ ਸਿੰਘ ਗਿੱਲ ਵਿਧਾਇਕ/ਵਜ਼ੀਰ (ਪੈਪਸੂ), ਸ. ਗੁਰਰਾਜ ਸਿੰਘ ਮੈਂਬਰ ਕੌਂਸਲ ਆਫ ਸਟੇਟ, ਸਰਦਾਰ ਨਰਿੰਦਰ ਸਿੰਘ ਭੁਲੇਰ, ਸਰਦਾਰ ਪ੍ਰੀਤਮ ਸਿੰਘ ਮੋਫਰ ਵਿਧਾਇਕ (ਪੈਪਸੂ)।

ਇਸ ਮੋਰਚੇ ਵਿਚ ਅਕਾਲੀਆਂ ਨੇ ਪੰਜ ਦੀ ਆਵਾਜ਼ ਤੇ ਸ਼ਾਨਦਾਰ ਹਿੱਸਾ ਲਿਆ। ਆਪਣੀਆਂ ਖੜ੍ਹੀਆਂ ਫਸਲਾਂ, ਚਲਦੇ ਵਪਾਰ, ਕਾਰੋਬਾਰ, ਨੌਕਰੀਆਂ, ਕੁਰਕੀਆਂ, ਪੜ੍ਹਾਈਆਂ ਦੀ ਪਰਵਾਹ ਨਾ ਕਰਦੇ ਹੋਏ 12000 ਜੇਲ੍ਹਾਂ ਵਿਚ ਗਏ। ਜੋ ਜੋਸ਼ ਰੋਹ, ਹਿੰਮਤ ਦਲੇਰੀ, ਬਹਾਦਰੀ, ਕੁਰਬਾਨੀ ਅਤੇ ਚੜ੍ਹਦੀ ਕਲਾ ਨਾਲ ਮੋਰਚੇ ਵੱਲ ਵਧੇ। ਸ਼੍ਰੋਮਣੀ ਕਮੇਟੀ ਦੇ 111 ਮੈਂਬਰ, ਸਾਰੇ ਅਕਾਲੀ ਮੈਂਬਰ ਪਾਰਲੀਮੈਂਟ, ਵਿਧਾਇਕ, ਮਿਊਂਸਪਲ ਕਮਿਸ਼ਨਰ, ਸਿਰਕੱਢ ਸਿੱਖ ਆਗੂ, ਨਿਆਂਇਕ ਅਮਲਾ, ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਡਾਕਟਰ, ਵਿਦਿਆਰਥੀ ਤੇ ਹਰ ਖਿੱਤੇ ਦੇ ਆਗੂ ਅਤੇ ਸੇਵਾਦਾਰ ਜੇਲ੍ਹ ਗਏ। ਬੀਬੀਆਂ ਨੇ ਵੀ ਸਰਗਰਮੀ ਨਾਲ ਮੋਰਚੇ ਵਿਚ ਹਿੱਸਾ ਲਿਆ।

ਸ਼੍ਰੋਮਣੀ ਅਕਾਲੀ ਦਲ ਨੇ ਦਰਬਾਰ ਸਾਹਿਬ ਤੇ ਹੋਏ ਪੁਲਿਸ ਹਮਲੇ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ। ਅਕਾਲੀ ਦਲ ਨੇ ਇਕ ਜਾਂਚ ਕਮੇਟੀ ਬਣਾਈ। ਸੇਵਾ ਮੁਕਤ ਜੱਜ ਸਰਦਾਰ ਤੇਜਾ ਸਿੰਘ, ਭਾਈ ਜੋਧ ਸਿੰਘ, ਕੰਵਰ ਦਲੀਪ ਸਿੰਘ ਮੈਂਬਰ ਸਨ। ਪੜਤਾਲੀਆ ਕਮੇਟੀ ਨੇ ਸਰਕਾਰ ਨੂੰ ਦੋਸ਼ੀ ਠਹਿਰਾਇਆ। ਮਾਸਟਰ ਜੀ ਨੂੰ 8 ਸਤੰਬਰ 1955 ਨੂੰ ਗੁੜਗਾਵਾਂ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਨੇ 10 ਨਵੰਬਰ 1955 ਨੂੰ ਅਕਾਲ ਤਖਤ ਸਾਹਿਬ ਤੇ ਆ ਕੇ ਮੁਆਫੀ ਮੰਗੀ। ਜਨਵਰੀ 21, 1956 ਨੂੰ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਬਣਾਇਆ। ਕਾਂਗਰਸ ਨਾਲ ਚਲਦੇ ਟਕਰਾਅ ਦੇ ਦੌਰ ਵਿਚ ਪੰਜਾਬੀ ਸੂਬਾ ਮੋਰਚਾ 1960 ਲੱਗਿਆ।

# ਮਹਾਨ ਕਵੀ-ਅੱਲਾ ਯਾਰ ਖਾਂ ਜੋਗੀ



ਡਾ. ਸੰਦੀਪ ਘੰਡ

ਬਸ ਏਕ ਹਿੰਦ ਮੈ ਤੀਰਥ ਹੈ ਯਾਤਰਾ ਕੇ ਲੀਏ
ਕਟਾਏ ਬਾਪ ਨੇ ਬੇਟੇ ਜਹਾਂ ਖੁਦਾ ਕੇ ਲਿਏ

ਇਹਨਾਂ ਸਤਰਾਂ ਦਾ ਲੇਖਕ ਕੋਈ ਆਮ ਕਵੀ ਨਹੀ ਬਲਕਿ ਸਿੱਖ ਇਤਹਾਸ ਅਤੇ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਨੂੰ ਬਾ-ਕਮਾਲ ਬਿਆਨ ਕਰਨ ਵਾਲਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਸਿੱਖ ਹੈ ਜਿਸ ਨੇ ਮਜਬ ਵੱਜੋਂ ਤਾਂ ਮੁਸਲਮਾਨ ਪ੍ਰੀਵਾਰ ਵਿੱਚ ਜਨਮ ਲਿਆ ਪਰ ਸਿੱਖੀ ਇਤਹਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੀ ਸਿੱਖੀ ਦਾ ਉਹ ਪੱਕਾ ਮੁਰੀਦ ਸੀ।ਅੱਲਾ ਯਾਰ ਖਾਂ ਜੋਗੀ ਜਿਸ ਨੂੰ ਸਿੱਖ ਇਤਹਾਸ ਵਿੱਚ ਮਿਰਜਾ,ਹਕੀਮ ਜੋਗੀ ਦੇ ਨਾਮ ਤੇ ਸਤਿਕਾਰ ਦਿੱਤਾ ਜਾਂਦਾ ਹੈ।ਵੈਸੇ ਤਾਂ ਸਿੱਖ ਇਤਹਾਸ ਇੱਕ ਅਜਿਹਾ ਇਤਹਾਸ ਹੈ ਜਿਸ ਵਿੱਚ ਹਰ ਧਰਮ ਦੇ ਪੀਰਾਂ ਫਕੀਰਾਂ ਨੇ ਸਿੱਖ ਇਤਹਾਸ ਦੀ ਕਿਰਤ ਕਰੋ ਵੰਡ ਛੱਕੋ,ਸੇਵਾ ਦੀ ਮਿਸਾਲ, ਕੁਰਬਾਨੀਆਂ ਅਤੇ ਸ਼ਹੀਦੀਆਂ ਬਾਰੇ ਜਿਕਰ ਕੀਤਾ ਪਰ ਉਹਨਾਂ ਸਬ ਵਿੱਚੋਂ ਅੱਲਾ ਯਾਰ ਖਾ ਜੋਗੀ ਜੀ ਦੀ ਵਿਲੱਖਣ ਥਾਂ ਹੈ। ਅੱਲਾ ਯਾਰ ਖਾਂ ਜੋਗੀ ਲਿਖਦੇ ਹਨ ਕਿ ਬੇਸ਼ਕ ਸਾਰੇ ਸਮੁੰਦਰਾਂ ਦੀ ਸਿਆਹੀ ਬਣਾ ਲਵੋ ਸਾਰੇ ਜੰਗਲ ਦੀ ਲੱਕੜੀ ਦੀ ਕਲਮ ਬਣਾ ਲਵੋ ਤਾਂ ਵੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪ੍ਰੀਵਾਰ ਦੀਆਂ ਕੁਰਬਾਨੀਆਂ ਬਾਰੇ ਜਿੰਨਾ ਵੀ ਲਿਖਿਆ ਜਾਵੇ ਘੱਟ ਹੈ। ਉਹ ਕਹਿੰਦੇ ਹਨ:

ਕਰਤਾਰ ਕੀ ਸਗੁੰਧ ਹੈ, ਨਾਨਕ ਕੀ ਕਸਮ ਹੈ ਜਿਤਨੀ ਬੀ ਹੋ ਤਾਰੀਫ ਗੋਬਿੰਦ ਕੀ ਵੋਹ ਕਮ ਹੈ।

ਇੱਕ ਮੁਸਲਮਾਨ ਕਵੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪ੍ਰੀਵਾਰ ਦੀਆਂ ਸ਼ਹੀਦੀਆਂ ਦੀ ਵਡਿਆਈ ਲਿਖਿਆ ਜਾਣਾ ਵਾਕਿਆ ਹੀ ਕਾਬਲੇ ਤਾਰੀਫ ਹੈ।ਅੱਲਾਂ ਯਾਰ ਖਾ ਜੋਗੀ ਦਾ ਜਨਮ 1870 ਈਸਵੀ ਨੂੰ ਭਾਰਤ ਦੇ ਦੱਖਣੀ ਖੇਤਰ ਵਿੱਚ ਹੋਇਆ ਪਰ ਬਾਅਦ ਵਿੱਚ ਉਹਨਾਂ ਦਾ ਸਾਰਾ ਪ੍ਰੀਵਾਰ ਅਨਾਰਕਲੀ ਲਾਹੋਰ ਵਿੱਚ ਪੱਕੇ ਤੋਰ ਤੇ ਰਹਿਣ ਲੱਗਾ।ਅੱਲਾ ਯਾਰ ਖਾਂ ਜੋਗੀ ਇਕ ਮੁਸਲਮਾਨ ਨਿਰਪੱਖ ਕਵੀ ਸੀ। ਉਹਨਾਂ ਦੀ ਕਲਮ ਵਿੱਚ ਅਜਿਹਾ ਜਾਦੂ ਸੀ ਕਿ ਮੁਸਲਮਾਨਾਂ ਵਿੱਚ ਉਹਨਾਂ ਦੀ ਬਹੁਤ ਇੱਜਤ ਹੁੰਦੀ ਸੀ। ਕਿਹਾ ਜਾਂਦਾ ਕਿ ਇੱਕ ਵਾਰ ਕੁਝ ਸਿੱਖ ਉਹਨਾਂ ਕੋਲ ਆਏ ਅਤੇ ਚਮਕੋਰ ਸਾਹਿਬ ਦੀ ਧਰਤੀ ਬਾਰੇ ਲਿੱਖਣ ਲਈ ਕਿਹਾ। ਉਹ ਦੱਸਦੇ ਸਨ ਕਿ ਉਹਨਾਂ ਨੂੰ ਸਿੱਖ ਇਤਹਾਸ ਬਾਰੇ ਆਪਣੇ ਬਜੁਰਗਾਂ ਤੋਂ ਸੁਣਿਆ ਸੀ ਪਰ ਬੁਹਤਾ ਨਹੀ ਸਨ ਜਾਣਦੇ ਜਿਸ ਲਈ ਉਹਨਾਂ ਨੂੰ ਕੁਝ ਉਹਨਾਂ ਸਿੱਖਾ ਨੇ ਅਤੇ ਕੁਝ ਇਤਹਾਸ ਬਾਰੇ ਪੜਿਆ ਜਿਸ ਤੋਂ ਬਾਅਦ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੱਕੇ ਮੁਰੀਦ ਬਣ ਗਏ। ਗੁਰਦੁਆਰਾ ਕਤਲਗੜ ਸਾਹਿਬ ਦੇ ਮੁੱਖ ਦੁਆਰ ਤੇ ਲਿਖੀਆਂ ਇਹ ਸਤਰਾਂ ਉਹਨਾਂ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਪਿਆਰ ਉਹਨਾਂ ਦੇ ਪ੍ਰੀਵਾਰ ਪ੍ਰਤੀ ਉਹਨਾਂ ਦੀ ਸ਼ਰਧਾ ਨੂੰ ਦਰਸਾਉਦਾ।



ਬਸ ਏਕ ਹਿੰਦ ਮੈ ਤੀਰਥ ਹੈ ਯਾਤਰਾ ਕੇ ਲੀਏ
ਕਟਾਏ ਬਾਪ ਨੇ ਬੇਟੇ ਜਹਾਂ ਖੁਦਾ ਕੇ ਲਿਏ

ਉਹ ਕਹਿੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਰੇ ਦਰਬਾਰ ਵਿੱਚ ਸਾਹਿਬਜਾਦਿਆਂ ਦੀ ਸ਼ਹੀਦੀ ਬਾਰੇ ਪਤਾ ਲੱਗਣ ਤੇ ਇਹ ਕਹਿਣਾ ਕਿ ਇਤਿਹਾਸ ਦੀ ਬਹੁਤ ਵੱਡੀ ਘਟਨਾ ਹੈ। ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜਾਰ ਇੰਨ ਪੁਤਰਨ ਕੇ ਸੀਸ ਪਰ ਵਾਰ ਦਿਏ ਪੁੱਤ ਚਾਰ

ਉਹ ਲਿਖਦੇ ਹਨ ਕਿ ਚਮਕੋਰ ਸਾਹਿਬ ਅਤੇ ਸਰਹੰਦ ਸਾਹਿਬ ਦੀ ਧਰਤੀ ਸਬ ਤੋਂ ਵੱਡੇ ਤੀਰਥ ਦੇ ਦਰਸ਼ਨ ਕਰਨ ਬਰਾਬਰ ਹੈ। ਸਿੱਖ ਇਤਹਾਸ ਬਾਰੇ ਲਿਖਦੇ ਉਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੀਵਾਰ ਦੀ ਸ਼ਹੀਦੀ ਦਾ ਮੁੱਢ ਤਾਂ ਨਨਕਾਣਾ ਸਾਹਿਬ ਤੋਂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਣ ਨਾਲ ਹੀ ਹੋ ਗਿਆ ਸੀ। ਸਿੱਖ ਇਤਹਾਸ ਅਤੇ ਗੁਰੂ ਸਹਿਬਾਨ ਬਾਰੇ ਲਿੱਖਣ ਕਾਰਣ ਮੁਸਲਮਾਨ ਉਹਨਾਂ ਨੂੰ ਨਫਰਤ ਕਰਨ ਲੱਗੇ। ਉਹਨਾਂ ਨੂੰ ਕਾਫਰ ਕਹਿ ਕੇ ਕੋਮ ਵਿੱਚੋਂ ਸ਼ੇਕ ਦਿੱਤਾ ਗਿਆ। ਉਹ ਪੰਜ ਵਕਤ ਦੇ ਨਿਮਾਜੀ ਸਨ ਅਤੇ ਹਰ ਸਮੇ ਤੱਸਵੀ ਹੱਥ ਵਿੱਚ ਰੱਖ ਕੇ ਅੱਲਾ ਅੱਲਾ ਦਾ ਜਾਪ ਕਰਦੇ ਰਹਿੰਦੇ ਸਨ। ਪਰ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪ੍ਰੀਵਾਰ ਦੀ ਵਡਿਆਈ ਕਾਰਨ ਉਹਨਾਂ ਨੂੰ 30 ਸਾਲ ਮਸਜਿਦ ਵਿੱਚ ਨਹੀ ਜਾਣ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੀਵਾਰ ਬਾਰੇ ਉਹਨਾਂ ਦੋ ਕਵਿਤਾਵਾਂ ਲਿਖੀਆਂ ਜਿੰਨਾ ਨੂੰ ਸੁਣ ਕੇ ਪੱਥਰ ਤੋਂ ਪੱਥਰ ਦਿਲ ਦੇ ਵਿਅਕਤੀ ਦਾ ਹਿਰਦਾ ਵੀ ਵਲੂਧਿਰਆ ਜਾਂਦਾ ਅਤੇ ਅੱਖਾ ਵਿੱਚ ਨੀਰ ਵਗਣ ਲੱਗਦਾ। ਛੋਟੇ ਸਾਹਿਬਜਾਦਿਆਂ ਛੋਟੀਆਂ ਜਿੰਦਾਂ ਜਿਸ ਤਾਰੀਕੇ ਨਾਲ ਨਵਾਬ ਵਜੀਰ ਖਾਂ ਨੂੰ ਭਰੀ ਕਚਿਹਰੀ ਵਿੱਚ ਜਵਾਬ ਦਿੰਦੇ ਹਨ ਉਸ ਨੂੰ ਅੱਲਾ ਯਾਰ ਖਾ ਜੋਗੀ ਇਸ ਤਰਾਂ ਬਿਆਨ ਕਰਦੇ

ਸ਼ਤਿਗੁਰ ਕੇ ਲਾਡਲੋਂ ਨੇ ਦਿਆ ਰੋਅਬ ਸੇ ਜਵਾਬ,ਆਤੀ ਨਹੀ ਏ ਸ਼ਰਮ ਤੁਝ ਕੋ ਏ ਨਵਾਬ
ਦੁਨੀਆਂ ਕੇ ਪੀਛੇ ਕਰਤਾ ਹੇ ਕਿਉਂ ਦੀਨ ਕੋ ਖਰਾਬ,
ਕਿਸ ਜਗਾ ਲਿਖਾ ਹੈ ਜੁਲਮ ਦਿਖਾ ਹਮੇ ਕਿਤਾਬ
ਤਾਲੀਮ ਜੋਰ ਕੀ ਕਹੀ ਕੁਰਾਨ ਮੈਂ ਨਹੀ
ਖੂਬੀ ਤੁਮਹਾਰੇ ਸਾਜ ਕੇ ਇਮਾਨ ਮੇ ਨਹੀ

ਜਦੋਂ ਅਸੀ ਇਹਨਾਂ ਸਤਰਾਂ ਨੂੰ ਪੜਦੇ ਜਾਂ ਸੁਣਦੇ ਹਾਂ ਤਾਂ ਇੰਝ ਪ੍ਰਤੀਤ ਹੁੰਦਾ ਜਿਵੇਂ ਕਚਿਹਰੀ ਲੱਗੀ ਹੋਵੇ ਅਤੇ ਛੋਟੇ ਸਾਹਿਬਜਾਦੇ ਸਾਡੇ ਸਾਹ-ਮਣੇ ਨਵਾਬ ਨੂੰ ਇਹ ਗੱਲਾਂ ਕਹਿ ਰਹੇ ਹੋਣ।ਵੀਰ ਰਸ ਦੀ ਮਿਸਾਲ ਇਹ ਕਿਤੇ ਨਹੀ ਮਿਲਦੀ।

ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜਾਦਿਆਂ ਬਾਰੇ ਜੋ ਸ਼ਬਦ ਜੋ ਪਿਆਰ ਹਾਕੀਮ ਅੱਲਾ ਯਾਰ ਖਾ ਜੋਗੀ ਜੀ ਨੇ ਆਪਣੀਆਂ ਦੋ ਕਵਿਤਾਵਾਂ ਵਿੱਚ ਪ੍ਰਗਟ ਕੀਤਾ ਉਸ ਦੀ ਮਿਸਾਲ ਸਿੱਖ ਇਤਹਾਸ ਵਿੱਚ ਕਿਧਰੇ ਨਹੀ ਮਿਲਦੀ। ਕਿਹਾ ਜਾਂਦਾ ਕਿ ਜਦੋਂ ਅੱਲਾ ਯਾਰ ਖਾਂ ਜੋਗੀ ਬੁੱਢਾ ਹੋ ਗਿਆ ਤਾਂ ਇੱਕ ਕਾਜੀ ਉਸ ਦੇ ਘਰ ਆਇਆ ਅਤੇ ਕਿਹਾ ਕਿ " ਚਲ ਜੋਗੀਆ, ਮੇਰੇ ਨਾਲ ਚੱਲ ਅਤੇ ਮੁਆਫੀ ਮੰਗ। ਤੁਸੀ ਬੁਢੇ ਹੋ ਗਏ ਹੋ ਅਤੇ ਤਹਾਨੂੰ ਇੱਕ ਸੱਚੇ ਮੁਸਲਮਾਨ ਵਜੋਂ ਮਰਨਾ ਚਾਹੀਦਾ ਹੈ। ਅੱਲਾ ਯਾਰ ਖਾਂ ਨੇ ਕਿਹਾ ਕਿ ਮੈਂ ਕੁਝ ਗਲਤ ਨਹੀ ਕੀਤਾ। ਮੈਂ ਗੁਰੂ ਜੀ ਬਾਰੇ ਜੋ ਲਿਖਿਆ ਹੈ ਉਹ ਸੱਚ ਲਿਖਿਆ ਹੈ ਮੈਂ ਪਿੱਛੇ ਨਹੀ ਹਟਾਂਗਾ। ਇਹ ਸੁਣ ਕੇ ਕਾਜੀ ਬਹੁਤ ਗੁੱਸੇ ਵਿੱਚ ਆ ਗਿਆ ਅਤੇ ਕਿਹਾ ਕਿ ਫੇਰ ਤੁਸੀਂ ਕਾਫਿਰ ਬਣ ਕੇ ਮਰਨਾ ਚਾਹੁੰਦੇ ਹੋ? ਅੱਲਾ ਯਾਰ ਖਾਂ ਨੇ ਜਵਾਬ ਦਿੱਤਾ, "ਮੈਂ ਮਹੁੰਮਦ ਤੋਂ ਕਾਫਿਰ ਹਾਂ ਪਰ ਗੁਰੂ ਗੋਬਿੰਦ ਸਿੰਘ ਜੀ ਲਈ ਨਹੀ। ਮੈਂ ਵੇਖਦਾ ਹਾਂ ਕਿ ਗੁਰੂ ਜੀ ਸਵਰਗ (ਬਹਿਸ਼ਤ) ਵਿੱਚ ਖੁੱਲੀਆਂ ਬਾਹਾਂ ਨਾਲ ਬੈਠੇ ਮੇਰੀ ਉਡੀਕ ਕਰ ਰਹੇ ਹਨ।ਮੈਂ ਉਹਨਾਂ ਦਾ ਪਿਆਰ ਚਾਹੁੰਦਾ ਹਾਂ ਅਤੇ ਗੁਰੂ ਜੀ ਦੇ ਸੇਵਕ ਵਜੋਂ ਮਰਨਾ ਚਾਹੁੰਦਾ ਹਾਂ। ਕਾਜੀ ਚਲਾ ਗਿਆ ਅਤੇ ਅੱਲਾ ਯਾਰ ਖਾਂ ਜੋਗੀ ਆਪਣੀ ਜਿੰਦਗੀ ਦੇ ਹਰ ਪਲ ਗੁਰੂ ਜੀ ਨੂੰ ਯਾਦ ਕਰਦਾ ਹੋਇਆ ਮਰ ਗਿਆ। ਪਰ ਮੈਂ ਸਮਝਦਾਂ ਕਿ ਉਸ ਨੂੰ ਸ਼ਹੀਦ ਦਾ ਦਰਜਾ ਦੇਣਾ ਚਾਹੀਦਾ। ਚਮਕੋਰ ਸਾਹਿਬ ਦੀ ਮਹੱਤਤਾ ਬਾਰੇ ਉਹ ਲਿਖਦਾ ਹੈ

ਭਟਕਤੇ ਫਿਰਤੇ ਹੈਂ ਕਿਉਂ? ਹਜ ਕਰੇ ਯਹਾਂ ਆ ਕਰ
ਯੇ ਕਾਬਾ ਪਾਸ ਹੈ ਹਰ ਏਕ ਖਾਲਸਾ ਕੇ ਲੀਏ।

ਅਜਿਹੀਆਂ ਸਤਰਾਂ ਕਿਸੇ ਮੁਸਲਮਾਨ ਕਵੀ ਵੱਲੋਂ ਲਿਖੀਆਂ ਜਾਣੀਆਂ ਇਕ ਮਿਸਾਲ ਹਨ।

ਪਰ ਇਤਿਹਾਸ ਦੇ ਜਾਣਕਾਰ ਦੱਸਦੇ ਹਨ ਕਿ ਜਦੋਂ ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿੱਚ ਨੰਗੇ ਪੈਰੀ ਸਨ ਉਹਨਾਂ ਆਪਣਾ ਸਾਰਾ ਪ੍ਰੀਵਾਰ ਵੀ ਗੁਆ ਦਿੱਤਾ ਪਰ ਉਹਨਾਂ ਹਿੰਮਤ ਨਹੀ ਹਾਰੀ। ਜੋਗੀ ਅੱਲਾ ਯਾਰ ਖਾਂ ਨੇ ਕਿਹਾ ਕਿ ਮੈਂ ਖੁਦਾ ਦੀ ਕਸਮ ਖਾ ਕੇ ਕਹਿ ਸਕਦਾਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਦਰਜਾ ਅਦੁੱਤੀ ਹੈ; ਉਹ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਵਰਗਾ ਸੰਸਾਰ ਵਿੱਚ ਅਜਿਹਾ ਕੋਈ ਪੈਗੰਬਰ ਨਹੀ ਦੇਖਿਆ ਜਿਸ ਨੇ ਆਪਣੇ ਚੇਲਿਆਂ ਨੂੰ ਗੱਦੀ ਤੇ ਬਿਠਾਇਆ ਹੋਵੇ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬੋਲਾਂ ਦਾ ਹਵਾਲਾ ਦਿੰਦੇ ਹਨ

ਖਾਲਸਾ ਮੇਰਾ ਰੂਪ ਹੈ ਖਾਸ,ਖਾਲਸੇ ਮਹਿ ਹਓ ਕਰੋ ਨਿਵਾਸ।

ਭਾਵ ਕਿ ਖਾਲਸਾ ਮੇਰਾ ਰੂਪ ਹੈ ਅਤੇ ਮੇ ਖਾਲਸਾ ਦੇ ਵਿੱਚ ਹੀ ਵਸਦਾ ਹਾਂ।

1913 ਵਿੱਚ ਲਿਖੀ ਗਈ ਕਵਿਤਾ ਜੰਗ ਏ ਸ਼ਹੀਦਾ ਅਤੇ 1915 ਵਿੱਚ ਲਿੱਖੀ ਗਈ ਰਚਨਾ ਸ਼ਹੀਦ ਏ ਵਫਾ ਸਿੱਖ ਇਤਹਾਸ ਵਿੱਚ ਇੱਕ ਵਿਲੱਖਣ ਸਥਾਨ ਰੱਖਦੀਆਂ ਹਨ। ਉਹ ਆਪ ਸ਼ਹੀਦੀ ਜੋੜ ਮੇਲੇ, ਨਨਕਾਣਾ ਸਾਹਿਬ ਅਤੇ ਸਿੱਖ ਇਤਹਾਸ ਦੇ ਹੋਰ ਪ੍ਰੋਗਰਾਮਾਂ ਤੇ ਉਹ ਇਸ ਦਾ ਗਾਇਨ ਕਰਦਾ ਸੀ ਉਸ ਦੀ ਰਲਵੀ ਮਿਲਵੀ ਭਾਸ਼ਾ ਸੁਣਨ ਵਾਲਿਆਂ ਨੂੰ ਬਹੁਤ ਪ੍ਰਭਾਵਿਤ ਕਰਦੀ ਸੀ। ਅੱਲਾ ਯਾਰ ਖਾਂ ਜੋਗੀ ਦੀ ਵਡਿਆਈ ਕਰਦਾ ਇਕ ਲੇਖਕ ਲਿਖਦਾ

ਵਾਹ ਓਏ ਜੋਗੀਆ ਆਪਣੇ ਨਾ ਤਾਂਈ,
ਹਰ ਪਾਸਿਉਂ ਠੀਕ ਠਹਿਰਾਇਆ ਤੂੰ
ਅੱਲਾ ਯਾਰ ਸੀ ਅੱਲਾ ਦਾ ਯਾਰ ਬਣਿਆ

ਅੱਲਾ ਯਾਰ ਖਾਂ ਜੋਗੀ ਜੀ ਨੇ ਆਪਣੀ ਕਵਿਤਾ ਜੰਗ ਏ ਸ਼ਹੀਦਾਂ ਵਿੱਚ ਗੁਰੂ ਜੀ ਦੀ ਤਾਰੀਫ ਵਿੱਚ ਜੋ ਸ਼ਬਦ ਲਿਖੇ ਉਹ ਇੰਝ ਲੱਗਦਾ ਜਿਵੇਂ ਉਹ ਖੁਦ ਵਾਪਰੇ ਸਾਕੇ ਦਾ ਗਵਾਹ ਹੋਵੇ। ਜੋ ਚਿੰਤਰਨ ਯਾਰ ਖਾਂ ਨੇ ਸਿਰਜਿਆ ਉਹ ਅੱਜ ਤੱਕ ਕੋਈ ਨਹੀ ਕਰ ਸਕਿਆ।ਗੁਰੂ ਜੀ ਦੀ ਵਡਿਆਈ ਕਰਦਾ ਉਹ ਲਿਖਦਾ:

ਉਲਫਤ ਕੇ ਯਹ ਜਜਬੇ ਨਹੀ ਦੇਖੇਂ ਨਹੀ ਹਮ ਨੇ ਹੈ ਦੇਖਣਾ ਇਕ ਬਾਤ ਸੁਨੇ ਭੀ ਨਹੀ ਹਮ ਨੇ
ਕਰਤਾਰ ਕੀ ਸੌਗੰਦ, ਨਾਨਕ ਕੀ ਕਸਮ ਜਿਤਨੀ ਭੀ ਹੋ ਗੋਬਿੰਦ ਕੀ ਤਅਰੀਫ ਵੋਹ ਕਮ ਹੈ।

ਅੱਲਾਂ ਯਾਰ ਖਾਂ ਜੋਗੀ ਸਿੱਖ ਧਰਮ ਵਿੱਚ ਇੱਕ ਵੱਖਰੀ ਪਹਿਚਾਣ ਬਣਾ ਗਿਆ। ਗੁਰੂ ਜੀ ਵੱਲੋਂ 9 ਸਾਲ ਦੀ ਉਮਰ ਵਿੱਚ ਪਿਤਾ ਨੂੰ ਸ਼ਹੀਦੀ ਲਈ ਕਹਿਣਾ ਅਤੇ ਚਾਰੇ ਸਾਹਿਬਜਾਦੇ ਸ਼ਹੀਦ ਕਰਵਾ ਕੇ ਚੜਦੀ ਕਲਾ ਦਾ ਪ੍ਰਤੀਕ ਸਨ। ਗੁਰੂ ਗੋਬਿੰਦ ਸਿੰਘ ਜੇਕਰ ਉਸ ਸਮੇ ਗੁਰੂ ਜੀ ਨੇ ਸਿੱਖ ਕੋਮ ਅਤੇ ਧਰਮ ਦੀ ਚੜਦੀ ਕਲਾ ਲਈ ਆਪਣਾ ਪ੍ਰੀਵਾਰ ਵਾਰ ਦਿਤਾ ਪਰ ਅੱਜ ਅਸੀ ਦੇਖਦੇ ਹਾਂ ਕਿ ਪ੍ਰੀਵਾਰ ਲਈ ਕੋਮ ਨੂੰ ਦਾਅ ਤੇ ਲਾ ਦਿੰਦੇ ਹਨ। ਅੱਲਾ ਯਾਰ ਖਾਂ ਜੋਗੀ ਗੁਰੂ ਜੀ ਵੱਲੋਂ ਪ੍ਰੀਵਾਰ ਦੀ ਸ਼ਹਾਦਤ ਬਾਰੇ ਲਿਖਦੇ ਹਨ

ਕਿਸ ਸਬਰ ਸੇ ਹਰ ਏਕ ਕੜੀ ਤੂੰ ਨੇ ਉਠਾਈ
ਕਿਸ ਸ਼ੁਕਰ ਸੇ ਹਰ ਚੋਟ ਕਲੇਜੇ ਪੇ ਖਾਈ
ਵਾਲਿਦ ਕੋ ਕਟਾਯਾ ਕਭੀ ਔਲਾਦ ਕਟਾਈ
ਕੀ ਫਕਰ ਮੈਂ ਫਾਕੇ ਮੈਂ ਹਜਾਰੋਂ ਸੇ ਲੜਾਈ

ਗੁਰੂ ਜੀ ਵੱਲੋਂ ਸਾਰੇ ਪ੍ਰੀਵਾਰ ਦੀਆਂ ਸ਼ਹੀਦੀਆਂ ਤੋ ਬਾਅਦ ਫਾਕੇ ਵਿੱਚ ਰਹਿ ਕੇ ਚੜਦੀ ਕਲਾ ਵਿੱਚ ਰਹਿ ਕੇ ਮੁਗਲਾਂ ਅਤੇ ਪਹਾੜੀ ਰਾਜਿਆਂ ਨੂੰ ਧੂੜ ਚਟਾਈ ਜਿਸ ਬਾਰੇ ਯਾਰ ਖਾਂ ਜੋਗੀ ਆਪਣੀ ਇਬਾਰਤ ਸ਼ਹੀਦ ਏ ਵਫਾ ਵਿੱਚ ਲਿਖਦੇ ਹਨ

ਸਤਗੁਰ ਨੇ ਰਾਜਪੂਤੋਂ ਕੇ ਛੱਕੇ ਛੁੜਾ ਦਿਏ,
ਮੁਗਲੋਂ ਕੇ ਵਲਵਲੇ ਭੀ ਜੋ ਥੇ ਸਬ ਮਿਟਾ ਦਿਏ
ਦੁਵੇਮਨ ਕੋ ਅਪਨੀ ਤੇਗ ਕੇ ਜੋਹਰ ਦਿਖਾ ਦਿਏ
ਕੁਵੇਤੋ ਕੋ ਏਕ ਆਨ ਮੈਂ ਪੁਵੇਤੇ ਲਗਾ ਦਿਏ
ਰਾਜਾ ਜੋ ਚੜ ਕੇ ਆਏ ਬਾਰਤ ਪਹਾੜ ਸੇ
ਪਛਤਾ ਰਹੇਥੇ ਜੀ ਵੋਹ ਗੁਰੂ ਕੀ ਲਤਾੜ ਸੇ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੀਵਾਰ ਦੀ ਸ਼ਹੀਦੀ ਧਰਮ ਅਤੇ ਸਿਖ ਕੋਮ ਲਈ ਸਹਿਣ ਕੀਤੀਆਂ ਤਕਲੀਫਾਂ ਨੂੰ ਇਕ ਮੁਸਲਮਾਨ ਕਵੀ ਦੁਆਰਾ ਇੰਨੀ ਸ਼ਿਦਤ, ਪਿਆਰ ਅਤੇ ਸਤਿਕਾਰ ਨਾਲ ਬਿਆਨ ਕਰਣਾ ਇਹ ਸਾਬਤ ਕਰਦਾ ਕਿ ਉਸ ਸਮੇ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਅਕ੍ਰਿਤਗਣ ਕੀਤਾ। ਉਸ ਦੀ ਸਜਾ ਉਹਨਾਂ ਨੂੰ ਝੱਲਣੀ ਪਈ। ਇਸ ਲਈ ਸਾਡਾ ਫਰਜ ਬਣਦਾ ਕਿ ਜਦੋਂ ਅਸੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆਂ ਦੇ ਸ਼ਹੀਦੀ ਦਿਨ ਬਣਾਈਏ ਤਾਂ ਇਸ ਮੁਸਲਮਾਨ ਕਵੀ ਨੂੰ ਵੀ ਜਰੂਰ ਸਿਜਦਾ ਕਰੀਏ ਜਿਸ ਨੇ ਆਪਣੇ ਧਰਮ ਦੇ ਲੋਕਾਂ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਜੀ ਅਤੇ ਉਹਨਾਂ ਪ੍ਰੀਵਾਰ ਵੱਲੋ ਦਿੱਤੀ ਸ਼ਹੀਦੀ ਨੂੰ ਬਿਆਨ ਕਰਦਿਆਂ ਲਿਖੀਆਂ ਦੋ ਕਵਿਤਾਵਾਂ ਸਿੱਖ ਇਤਹਾਸ ਵਿੱਚ ਇੱਕ ਯਾਦਗਰ ਬਣ ਗਈਆਂ।


ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਕਰਮਜੀਤ ਅਨਮੋਲ ਨੇ ਸੀ.ਐੱਮ ਨੂੰ ਦਿੱਤਾ 'ਗੁਲਦਸਤਾ 2023'

ਸਟਾਰ ਅਭਿਨੇਤਾ ਕਰਮਜੀਤ ਅਨਮੋਲ ਦਾ ਯਾਰਾਨਾ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਪੁਰਾਣਾ ਹੈ।



ਕਰਮਜੀਤ ਅਨਮੋਲ ਨੇ ਪੰਜਾਬ ਪੁਲਿਸ ਲਈ ਜਲੰਧਰ ਵਿਖੇ ਸਾਰੀ ਪੰਜਾਬੀ ਫ਼ਿਲਮ ਨਗਰੀ ਤੇ ਚੋਟੀ ਦੇ ਗਾਇਕ ਇਕੱਠੇ ਕਰ ਕਿ 'ਗੁਲਦਸਤਾ 2023' ਪ੍ਰੋਗਰਾਮ ਕਰਵਾ ਕਿ 'ਯਾਰੀਆਂ' ਨਿਭਾ ਦਿਖਾਈਆਂ। ਫ਼ਿਲਮਾਂ 'ਚ ਬੱਲੇ- ਬੱਲੇ ਹੈ ਤੇ ਗਾਇਕੀ ਸ਼ਿਖ਼ਰਾਂ ਵੱਲ ਹੈ। ਭਗਵੰਤ ਮਾਨ ਜੀ ਦੀ ਹਰ ਸੱਭਿਆਚਾਰਕ, ਕਲਾਕਾਰੀ ਸੋਚ ਨੂੰ ਅਸਲੀ ਜਾਮਾ ਕਰਮਜੀਤ ਅਨਮੋਲ ਬਾਖ਼ੂਬੀ ਪਹਿਨਾ ਰਹੇ ਹਨ। ਕਰਮਜੀਤ ਅਨਮੋਲ ਪ੍ਰਤੀ ਸੀ. ਐੱਮ. ਭਗਵੰਤ ਸਿੰਘ ਮਾਨ ਦੇ ਦਿਲ 'ਚ ਦਿਲੀ ਪਿਆਰ ਹੈ।

## ਇੰਦਰਜੀਤ ਕੁਮਾਰ ਬੋਲੇ 'ਕਿਸ ਮੀ ਕਰਸ'



ਹਾਲੀਵੁੱਡ ਲਈ ਨਵੀਂ ਫ਼ਿਲਮ 'ਕਿਸ ਮੀ ਕਰਸ' ਸ਼ੁਰੂ ਹੋਈ ਹੈ ਤੇ ਇਹ ਇੰਦਰ ਕੁਮਾਰ ਬਣਾ ਰਹੇ ਹਨ। ਇੰਦਰ ਦੀ ਇਹ ਫ਼ਿਲਮ ਰੁਮਾਂਟਿਕ ਹੋਏਗੀ। ਇੰਦਰ ਜਿਸਨੇ ਵਿਨ ਡੀਜਲ, ਸਕਾਰਲੈਟ, ਐਮਾ ਆਦਿ ਸਟਾਰਜ ਨਾਲ ਕੰਮ ਕੀਤਾ ਹੈ 'ਕਿਸ ਮੀ ਕਰਸ' ਨੂੰ ਨਵੇਂ ਹਾਲੀਵੁੱਡ ਪ੍ਰਤਿਭਾਵਾਨ ਸਿਤਾਰੇ ਵੀ ਦੇ ਰਹੇ ਹਨ। ਇੰਦਰ ਕੁਮਾਰ ਦੀ ਤਮੰਨਾ ਤਾਂ ਇਹ ਹੀ ਹੈ ਕਿ ਹਾਲੀਵੁੱਡ ਤੋਂ ਬਾਅਦ ਇਸ ਫ਼ਿਲਮ ਦਾ ਅਗਲਾ ਭਾਗ ਬਾਲੀਵੁੱਡ ਲਈ ਵੀ ਤਿਆਰ ਕੀਤਾ ਜਾਏ।

## ਯੋਗਰਾਜ ਸਿੰਘ ਦੀ ਤਾਕਤ



ਇਸ ਉਮਰ ਵਿੱਚ ਵੀ ਕੱਲ੍ਹ ਕਨੇਡਾ, ਪਰਸੋਂ ਆਸਟਰੇਲੀਆ ਤੇ ਫ਼ਲਾਇਟ ਲੈ ਕਿ ਸਿੱਧਾ ਗੰਗਾਨਗਰ ਤੋਂ ਉਥੋਂ ਪਟਿਆਲਾ ਲਗਾਤਾਰ 'ਉੱਚਾ ਦਰ ਬਾਬੇ ਨਾਨਕ ਦਾ', 'ਸ਼ਾਇਰ', 'ਕੁੜੀ ਹਰਿਆਣੇ ਵੱਲ ਦੀ' ਫ਼ਿਲਮਾਂ ਦੀ ਸ਼ੂਟਿੰਗ ਕਰਨ ਵਾਲੇ ਯੋਗਰਾਜ ਸਿੰਘ ਦੀ ਜੋਸ਼ੀਲੀ ਤਾਕਤ ਦਾ ਰਾਜ ਹੈ ਸਿਮਰਨ ਤੇ ਸੇਵਾ, ਹਰ ਸਮੇਂ ਤੂੰ ਹੀ ਤੂੰ ਹੀ ਅਕਾਲ ਪੁਰਖ, ਸਤਿਨਾਮ ਦਾ ਸਿਮਰਨ, ਚੁਪਿਹਰੇ ਤੇ ਭਗਤੀ ਨੇ ਜਵਾਨ ਕਰ ਦਿੱਤਾ ਹੈ। ਮੰਨਣਾ ਪਏਗਾ ਕਿ ਯੋਗਰਾਜ ਸਿੰਘ ਤੇ ਸੇਵਾ-ਸਿਮਰਨ ਦਾ ਅਸਰ ਅਕਾਲ ਪੁਰਖ ਸਿਹਤਯਾਬੀ ਨਾਲ ਦੇ ਰਿਹਾ ਹੈ।

## ਇਕਬਾਲ ਢਿੱਲੋਂ ਦੀ ਨਵੀਂ 'ਬਦਲਾ ਜੱਟੀ ਦਾ' ਫ਼ਿਲਮ



ਹਿੱਟ ਦਾ ਫ਼ਾਰਮੂਲਾ ਨਾਂਅ ਹੀ ਇਕਬਾਲ ਢਿੱਲੋਂ ਦਾ ਹੈ ਤੇ ਆਪਣੇ ਸਮੇਂ ਦੁਕਾਨਾਂ ਤੇ ਬਾਜਾਰ ਬੰਦ ਕਿ ਅੱਜ 'ਬਦਲਾ ਜੱਟੀ ਦਾ' ਟੀ. ਵੀ. ਤੇ ਆਉਣੀ ਏ ਤੇ ਇਹੀ ਦੇਖ ਹੁਣ 'ਬਦਲਾ ਜੱਟੀ ਦਾ' ਨਵੀਂ ਤਕਨੀਕ ਤੇ ਸੰਗੀਤ ਨਾਲ ਨਵੇਂ ਸਿਰੇ ਤੋਂ ਇਕਬਾਲ ਬਣਾਉਣ ਜਾ ਰਿਹਾ ਹੈ। ਗੁੱਗੂ ਗਿੱਲ ਪੱਕਾ ਹੋਏਗਾ ਤੇ ' ਜੱਗਾ', 'ਗੁਲਾਬੋ' ਤੇ 'ਬਾਕੀ ਕਿਰਦਾਰਾਂ' ਦੀ ਚੋਣ ਜਲਦੀ ਹੋਵੇਗੀ। ਯਾਦ ਰਹੇ 'ਅਰਜਨ ਵੈਲੀ' ਦਾ ਜਿਕਰ ਇਕਬਾਲ ਦੀ ਹੀ ਫ਼ਿਲਮ 'ਪੁੱਤ ਜੱਟਾਂ ਦੇ' 'ਚ ਸਭ ਤੋਂ ਪਹਿਲਾਂ ਹੋਇਆ ਸੀ।

## ਦਰਸ਼ਨ ਔਲਖ ਨਾਲ ਧੋਖਾ



ਲੋਕਾਂ ਤਾਂ ਬਾਲੀਵੁੱਦ-ਹਾਲੀਵੁੱਡ ਦੇ ਲਾਇਨ ਨਿਰਮਾਤਾ ਤੇ ਐਕਟਰ ਦਰਸ਼ਨ ਔਲਖ ਨੂੰ ਨਹੀਂ ਬਖਸ਼ਿਆ, ਨਵੇਂ ਤਾਂ ਆਮ ਗੱਲ ਹੈ। ਅੰਮ੍ਰਿਤਸਰ ਵਿਖੇ ਦਰਸ਼ਨ ਔਲਖ ਨੇ ਟਰਾਂਸਪੋਰਟ ਤੋਂ ਲੈ ਕਿ ਸਾਰੇ ਪ੍ਰਬੰਧ ਮੁੰਬਈ ਦੇ ਨਿਰਮਾਤਾ ਲਈ ਕਰਵਾਏ। ਲੱਖਾਂ ਰੁਪਏ ਬਣਨ ਤੇ ਰਾਤੋ-ਰਾਤ ਨਿਰਮਾਤਾ ਖਿਸਕ ਗਿਆ ਤੇ ਲੱਖਾਂ ਦਾ ਨੁਕਸਾਨ ਸੈਂਕੜੇ ਦੇ ਕਰੀਬ ਫ਼ਿਲਮਾਂ ਕਰਨ ਵਾਲੇ ਦਰਸ਼ਨ ਔਲਖ ਦਾ ਇਸ ਤਰ੍ਹਾਂ ਹੋ ਗਿਆ।

## ਰਾਮ ਭੋਗਪੁਰ ਤੋਂ ਮੁੰਬਈ ਦਾ ਕਬਜਾ



ਸੰਗੀਤ ਖੇਤਰ ਵਿੱਚ ਸਹੀ ਗੱਲ ਕਿ ਭੋਗਪੁਰ ਪੰਜਾਬ ਤੋਂ ਜਾ ਕਿ ਮੁੰਬਈ ਵਿਖੇ ਸੰਗੀਤ ਖੇਤਰ ਦਾ ਕਬਜਾ ਕਾਫ਼ੀ ਹੱਦ ਤੱਕ ਰਾਮ ਭੋਗਪੁਰ ਨੇ ਕਰ ਲਿਆ ਹੈ। ਜਸਪਿੰਦਰ ਨਰੂਲਾ, ਉਦਿਤ ਨਰਾਇਣ, ਸਾਧਨਾ ਸਰਗਮ ਉਸ ਲਈ ਗਾ ਰਹੇ ਹਨ। ਸ਼ਿਲਪਾ ਸ਼ੈਟੀ ਤੱਕ ਉਸ ਦੇ ਕੰਮ ਦੀ ਕਾਇਲ ਰਹੀ ਹੈ। ਅਮਰੀਕਾ ਰਹਿ ਕਿ ਬਾਲੀਵੁੱਡ ਸੰਗੀਤ ਲਈ ਕੰਮ ਕਰ ਰਹੇ ਰਾਮ ਭੋਗਪੁਰ ਦਾ ਵੱਡਾ ਸਹਾਰਾ ਬਾਬਾ ਕਮਲ ਹੈ।

## ਅਨੇਕਾਂ ਗੀਤ, ਤਕਰੀਬਨ ਸਾਰੇ ਹਿੱਟ ਤੇ ਫਿਰ ਪੰਜਾਬੀ ਤੇ ਹਿੰਦੀ ਫ਼ਿਲਮਾਂ ਦਾ ਵੀ ਗੀਤਕਾਰ ਭੱਟੀ ਭੜੀਵਾਲਾ

ਹਰ ਗੀਤ ਜੀਹਦੇ ਬੋਲ ਲਿਖਾਂ ਤੁਸੀਂ ਗੁਣ ਗੁਣਾ ਦੇਣਾ ਹੈ, ਲਿਸਟ ਲੰਬੀ ਤੇ ਗੀਤ ਪੰਜਾਬੀ ਵਿੱਚ ਹਿੱਟ, ਕਮਾਲ ਹਿੰਦੀ ਫ਼ਿਲਮਾਂ ਵਿੱਚ ਵੀ ਹਿੱਟ,ਗਾਇਕ ਗੀਤ ਗਾ ਕਿ ਫ਼ਰਸ਼ ਤੋਂ ਅਰਸ਼ ਤੇ ਆ ਗਏ ਤੇ ਉਸ ਦੇ ਗੀਤ 23 ਸਾਲ ਤੋਂ ਤਕਰੀਬਨ ਆ ਰਹੇ ਹਨ ਤੇ ਹਿੱਟ ਹੋਏ ਨੇ ਹੋ ਰਹੇ ਹਨ।ਹੋਰ ਤੇ ਹੋਰ ਪੰਜਾਬੀ ਫ਼ਿਲਮਜ਼ ਦੇ ਗੀਤ ਤਾਂ ਰਹੇ ਇੱਕ ਪਾਸੇ ਹਿੰਦੀ ਫ਼ਿਲਮਾਂ ਦੇ ਗੀਤ ਲਿਖੇ ਨੇ ਤੇ ਫ਼ਿਲਮ ਲੇਖਕ ਗੀਤਕਾਰ ਜਾਵੇਦ ਅਖ਼ਤਰ ਨੇ ਕਿਹਾ ਐ ਕਿ ਉਸ ਦੀ ਕਲਮ ਵਿੱਚ ਕੁਦਰਤੀ ਜਾਦੂ ਹੈ, ਗੀਤ ਬਾਹਰ ਆਉਣ ਦੀ ਦੇਰ ਕੀ ਸੀ ਡੀ, ਡੀ ਵੀ ਡੀ, ਕੈਸਟਾਂ ਤੇ ਰਿਕਾਰਡਿੰਗ ਇਹਨਾਂ ਦੇ ਮਾਧਿਅਮ ਰਾਹੀਂ ਆ ਸਫਲ ਤੇ ਦੇਰ ਬਹੁਤ ਹੋ ਗਈ ਮਿਲਾ ਦਿੰਦੇ ਹਾਂ ਓਹ ਹੈ ਭੱਟੀ ਭੜੀਵਾਲਾ ਤੇ ਸਧਾਰਨ, ਟੌਹਰ ਪੂਰੀ ਤਿੰਨ ਤਿੰਨ ਸੰਗੀਤ ਕੰਪਨੀਆਂ ਦਾ ਸੀਈਓ ਭੱਟੀ ਭੜੀਵਾਲਾ ਚਲ ਸੋ ਚਲ ਹੈ। ਹਰਨੇਕ ਸਿੰਘ ਤੇ ਸਵਰਨ ਕੌਰ ਨੇ ਵੀ ਸੋਚਿਆ ਨਹੀਂ ਹੋਣਾ ਕਿ ਓਹਨਾਂ ਦਾ ਬੇਟਾ ਇੱਕ ਦਿਨ ਮਿਊਜ਼ਿਕ ਇੰਡਸਟਰੀ ਦਾ ਆਈਕਨ ਬਣੇਗਾ ਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਦਾ ਨਾਮ ਕੁਲ ਆਲਮ ਵਿੱਚ ਰੌਸ਼ਨ ਕਰੇਗਾ। ਭੜੀ ਪਿੰਡ ਦਾ ਨਾਂ ਉਸ ਬਣਾ ਦਿੱਤਾ ਹੈ ਤੇ ਗੱਲ ਲਿਆਕਤ ਦੀ ਤਾਂ ਐਮ ਏ, ਐਮ ਫਿਲ ਤੇ ਡਿਪਲੋਮਾ ਖੇਤੀ ਬਾੜੀ ਦਾ ਐਮ ਬੀ ਏ ਕਮਾਲ ਜੀ ਐਨਾ ਸਿੱਖਿਅਤ ਇਨਸਾਨ ਤਾਂ ਡਾਇਰੈਕਟਰ, ਸੀਈਓ ਵੱਡਾ ਅਫਸਰ ਬਣੇ ਪਰ ਭੱਟੀ ਆਖਦੇ ਨੇ ਜਨਾਬ ਸੀਈਓ ਹਾਂ ਸੰਗੀਤ ਨਗਰੀ ਦੇ, ਅਫ਼ਸਰੀ ਗੀਤਕਾਰੀ ਕਰਵਾ ਰਹੀ ਹੈ, ਇਹ ਤਾਂ ਰੱਬ ਜਾਣੇ ਕਿੱਥੋਂ ਇਹ ਲਿਖਣ ਦੀ ਦਾਤ ਦੇ ਦਿੱਤੀ। ਵੈਸੇ ਜਦ ਗੀਤਾਂ ਵਿੱਚ ਮਰਾੜ੍ਹਾਂ ਵਾਲਾ ਮਾਨ ਸੁਣ ਲੈਣਾ ਤਾਂ ਤਾਂਘ ਉੱਠਣੀ ਕਿ ਭੱਟੀ ਨਾਮ ਕਿਸ ਤਰਾਂ ਆਊ ਤੇ ਫਿਰ ਆ ਗਿਆ। ਤੇ ਓਹ ਦਿਨ ਆਇਆ ਜਦ ਸੰਗੀਤ ਸਮਰਾਟ ਚਰਨਜੀਤ ਅਹੂਜਾ ਨਾਲ ਮੇਲ ਦੁਰਗਾ ਰੰਗੀਲਾ ਲਈ ਲਿਖੇ ਗੀਤ ਤੇ "ਇਸ਼ਕੇ ਦਾ ਕੇਸ ਤੂੰ ਹਾਰ ਗਈ" ਦੁਰਗੇ ਨੇ ਕੀ ਗਾਇਆ ਕਿ ਭੱਟੀ ਨੂੰ ਉਸ ਦੀ ਮੰਜ਼ਿਲ ਦੇ ਦਰਸ਼ਨ ਕਰਵਾ ਦਿੱਤੇ। ਗੱਲ ਕੀ ਜਲਦੀ ਹੀ ਭੱਟੀ ਸਫਲਤਾ ਦੇ ਰੱਥ ਤੇ ਸਵਾਰ ਹੋ ਗਿਆ। ਪਤਾ ਨਹੀਂ ਕਿੰਨੇ ਕੂ ਗਾਇਕਾਂ ਨੇ ਭੱਟੀ ਦੇ ਲਿਖਤ ਗੀਤ ਗਾਏ ਤੇ ਆਏ ਗਿਣਤੀ ਲਿਖੀਏ ਤਾਂ ਇਹ ਸਿਲਸਿਲਾ ਮਹੀਨਾ ਭਰ ਚਲੇਗਾ। ਮੋਟੇ ਤੌਰ ਤੇ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਦੁਰਗਾ ਰੰਗੀਲਾ, ਸੁਖਸ਼ਿੰਦਰ ਸ਼ਿੰਦਾ ਜਸਬੀਰ ਜੱਸੀ, ਅਮਰ ਨੂਰੀ ਹਰਦੀਪ ਮਨਪ੍ਰੀਤ ਅਖਤਰ ਸਟਾਰ ਕਲਾਕਾਰਾਂ ਨੇ ਭੱਟੀ ਦੀਆਂ ਲਿਖਤਾਂ ਗਾ ਹਿੱਟ ਕੀਤੀਆਂ ਜਾਂ ਓਹ ਹਿੱਟ ਹੋਏ। ਜਸਪਿੰਦਰ ਨਰੂਲਾ, ਸਰਬਜੀਤ ਚੀਮਾ, ਭਿੰਦਾ ਜੱਟ, ਹਰਭਜਨ ਸ਼ੇਰਾ, ਕਰਮਜੀਤ ਅਨਮੋਲ, ਮਨਜੀਤ ਰੂਪੋਵਾਲੀਆ ਸਮੇਤ ਮਨਿਦਰ ਦਿਓਲ ਗਾਉਂਦੇ ਰਹੇ ਤੇ ਭੱਟੀ ਲਿਖਦਾ ਰਿਹਾ। ਵਕਤ ਆਇਆ ਜਲੰਧਰ ਦੂਰਦਰਸ਼ਨ ਦੇ ਰੰਗਾ ਰੰਗ ਪ੍ਰੋਗਰਾਮ ਬਿੱਗ ਬੀ ਰਿਕਾਰਡਜ਼ ਤੇ ਭੱਟੀ ਭੜੀਵਾਲਾ ਜੁਬਾਨ ਹਰੇਕ ਦੀ ਤੇ ਚੜ੍ਹ ਗਿਆ।



–ਅੰਮ੍ਰਿਤ ਪਵਾਰ

# ਅਰੁੰਧਤੀ ਰਾਏ, ਪ੍ਰੋ. ਸ਼ੌਕਤ ਹੁਸੈਨ ਉਪਰ ਕੇਸ ਅਤੇ ਲੋਕਾਂ ਉਪਰ ਫੌਜਦਾਰੀ ਕਾਨੂੰਨ ਮੜ੍ਹਨਾ ਬੰਦ ਕਰਨ ਲਈ ਉੱਠੀ ਆਵਾਜ਼

**ਜਲੰਧਰ (ਜਸਪਾਲ ਕੁਮਾਰ ਆਜਾਦ)–** ਸਾਡੇ ਮੁਲਕ ਦੇ ਆਜ਼ਾਦੀ ਸੰਗਰਾਮ 'ਚ ਜੂਨ ਮਹੀਨੇ ਦੀਆਂ ਮਹੱਤਵਪੂਰਨ ਘਟਨਾਵਾਂ, ਸ਼ਹਾਦਤਾਂ ਅਤੇ ਘਾਲਣਾਵਾਂ ਨੂੰ ਖੰਘਾਲਦੇ ਅਤੇ ਖੜ੍ਹੇ ਹੋ ਕੇ ਇਹਨਾਂ ਦੀ ਅਦੁੱਤੀ ਦੇਣ ਨੂੰ ਸਿਜਦਾ ਕਰਦੇ ਹੋਏ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋਈ ਵਿਚਾਰ-ਚਰਚਾ ਨੇ









ਇਤਿਹਾਸਕ ਪ੍ਰਸੰਗਕਤਾ ਅਤੇ ਇਸਦੀ ਸਾਡੇ ਸਮਿਆਂ ਅੰਦਰ ਮਹੱਤਤਾ ਨੂੰ ਉਭਾਰਦੇ ਹੋਏ ਗ਼ਦਰ ਲਹਿਰ ਨੂੰ ਲੋਕਾਂ ਨਾਲ ਇੱਕ ਮਿੱਕ ਕਰਨ ਲਈ ਯਤਨ ਜੁਟਾਉਣ ਦਾ ਅਹਿਦ ਲਿਆ ਗਿਆ।

ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਘਟਨਾਵਾਂ ਅਤੇ ਉਹਨਾਂ ਦੀ ਮਹੱਤਤਾ ਵਿਸ਼ੇ ਉਪਰ ਹੋਈ ਵਿਚਾਰ-ਚਰਚਾ ਦੇ ਸ਼ੁਰੂ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸਾਡੇ ਗੋਚਰੇ ਅਸਲ ਇਹ ਜ਼ਿੰਮੇਵਾਰੀ ਹੈ ਕਿ ਅਸੀਂ ਇਤਿਹਾਸ ਦੀਆਂ ਅਮੁੱਲੀਆਂ ਪੈੜਾਂ ਨੂੰ ਸੰਭਾਲਦੇ, ਇਹਨਾਂ ਤੋਂ ਸਬਕ ਲੈਂਦੇ ਹੋਏ ਨਵੀਂ ਨੌਜਵਾਨ ਪੀੜ੍ਹੀ ਨੂੰ ਇਸ ਤੋਂ ਰੌਸ਼ਨੀ ਲੈਣ ਲਈ ਪ੍ਰੇਰਤ ਕਰੀਏ। ਜਨਰਲ ਸਕੱਤਰ ਨੇ ਕਿਹਾ ਕਿ ਇਹ ਵਿਚਾਰ-ਚਰਚਾ ਇੱਕ ਤਰ੍ਹਾਂ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਸਿਖਿਆਰਥੀ ਚੇਤਨਾ ਕੈਂਪ ਦੀ ਸਫ਼ਲਤਾ ਲਈ ਵੀ ਭੋਇੰ ਤਿਆਰ ਕਰਨ ਦਾ ਕੰਮ ਕਰੇਗੀ ਕਿਉਂਕਿ ਅਸੀਂ ਹੁਣ ਤੋਂ ਹੀ ਮੇਲੇ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਵਿਚਾਰਾਂ ਕਰ ਰਹੇ ਹਾਂ।

ਦਦੇਹਰ ਸਾਹਿਬ ਨਗਰ ਦੀ ਆਜ਼ਾਦੀ ਸੰਗਰਾਮ, ਗ਼ਦਰੀ ਮੇਲੇ ਮੌਕੇ ਵਿਸ਼ੇਸ਼ ਯੋਗਦਾਨ, ਪੰਡਤ ਕਿਸ਼ੋਰੀ ਲਾਲ, ਰਾਮ ਪ੍ਰਸ਼ਾਦ ਬਿਸਮਿਲ, ਡਾ. ਗਯਾ ਪ੍ਰਸ਼ਾਦ ਅਤੇ ਰਾਜਿੰਦਰ ਨਾਥ ਲਹਿਰੀ, ਕਾਕੋਰੀ ਕੇਸ ਵਾਲਿਆਂ ਦੇ ਜਨਮ ਦਿਨ ਅਤੇ ਲਾਹੌਰ ਸਾਜ਼ਸ਼ ਕੇਸ ਵਿੱਚ ਸ਼ਹੀਦੀ ਜਾਮ ਪੀਣ ਵਾਲਿਆਂ ਦਾ ਜਨਰਲ ਸਕੱਤਰ ਨੇ ਉਚੇਚਾ ਜ਼ਿਕਰ ਕੀਤਾ।

ਅੱਜ ਦੀ ਵਿਚਾਰ-ਚਰਚਾ ਦੇ ਮੁੱਖ ਵਕਤਾ ਚਰੰਜੀ ਲਾਲ ਕੰਗਣੀਵਾਲ ਨੇ ਜੂਨ ਮਹੀਨੇ ਦੀ ਆਜ਼ਾਦੀ ਜੱਦੋ ਜਹਿਦ ਵਿੱਚ ਇਤਿਹਾਸਕ ਮਹੱਤਤਾ ਦਾ ਸਿਲਸਿਲੇਵਾਰ ਜਾਣਕਾਰੀ ਭਰਪੂਰ ਵਰਨਣ ਕੀਤਾ। ਉਹਨਾਂ ਕਿਹਾ ਕਿ ਗੱਲ ਉਹਨਾਂ ਦੇ ਇਤਿਹਾਸ ਨੂੰ ਸੰਭਾਲਣ ਅਤੇ ਅੱਗੇ ਤੋਰਨ ਦੀ ਹੈ। ਉਹਨਾਂ ਸਮੂਹ ਦੇਸ਼ ਭਗਤ ਸੰਸਥਾਵਾਂ, ਖੋਜ਼ਾਰਥੀਆਂ ਅਤੇ ਦੇਸ਼ ਪ੍ਰੇਮੀਆਂ ਨੂੰ ਸੱਦਾ ਦਿੱਤਾ ਕਿ ਉਹ ਗ਼ਦਰ ਲਹਿਰ ਅਤੇ ਆਜ਼ਾਦੀ ਜੱਦੋਜਹਿਦ ਵਿੱਚ ਇਨਕਲਾਬੀ ਤਵਾਰੀਖ਼ ਦੀ ਰਾਖੀ ਅਤੇ ਸੰਚਾਰ ਲਈ ਅੱਗੇ ਆਉਣ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਸਾਡੀ ਇਤਿਹਾਸਕ ਅਮੀਰ ਵਿਰਾਸਤ ਨੂੰ ਅੱਜ ਅਤੇ ਆਉਣ ਵਾਲੇ ਕੱਲ੍ਹ ਨਾਲ ਜੋੜਕੇ ਦੇਖਣਾ ਹੀ ਸਾਰਥਕ ਅਤੇ ਸਮੇਂ ਦੇ ਹਾਣੀ ਹੋਣਾ ਹੋਏਗਾ।

ਵਿਚਾਰ-ਚਰਚਾ 'ਚ ਭਾਗ ਲੈਂਦੇ ਹੋਏ ਕਮੇਟੀ ਮੈਂਬਰ ਗੁਰਮੀਤ, ਸੁਰਿੰਦਰ ਕੁਮਾਰੀ ਕੋਛੜ, ਵਿਜੈ ਬੰਬੇਲੀ, ਪ੍ਰੋ. ਗੋਪਾਲ ਬੁੱਟਰ, ਬਲਬੀਰ ਕੌਰ ਬੁੰਡਾਲਾ, ਹਰਮੇਸ਼ ਮਾਲੜੀ, ਡਾ. ਸੈਲੇਸ਼, ਰਮਿੰਦਰ ਪਟਿਆਲਾ, ਮਨਜੀਤ ਬਾਸਰਕੇ ਅਤੇ ਡਾ. ਹਰਜਿੰਦਰ ਅਟਵਾਲ, ਡਾ. ਹਰਜੀਤ ਸਿੰਘ, ਭਗਵੰਤ ਰਸੂਲਪੁਰ, ਪਰਮਜੀਤ, ਰਮੇਸ਼ ਚੌਹਕਾ ਸਮੇਤ ਕਿੰਨੇ ਹੀ ਹਾਜ਼ਰੀਨ ਨੇ ਅਮੁੱਲੇ ਸੁਝਾਅ ਦਿੱਤੇ। ਇਹ ਵੀ ਆਵਾਜ਼ ਉੱਠੀ ਕਿ ਹਾਲ ਦੀਆਂ ਸਰਗਰਮੀਆਂ ਨੂੰ ਵਿਸ਼ੇਸ਼ ਕਰਕੇ ਦੇਸ਼ ਭਗਤਾਂ ਦੇ ਪਿੰਡਾਂ, ਸੰਘਰਸ਼ਸ਼ੀਲ ਖੇਤਰਾਂ ਵੱਲ ਵਧਾਉਣ ਲਈ ਯਤਨ ਕੀਤਾ ਜਾਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਸਮਾਗਮ 'ਚ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਦੋਵੇਂ ਹੱਥ ਖੜ੍ਹੇ ਕਰਕੇ ਪਾਸ ਕੀਤਾ ਗਿਆ। ਮਤਿਆਂ 'ਚ ਮੰਗ ਕੀਤੀ ਗਈ ਕਿ:

* ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਪ੍ਰੋ. ਸੇਖ਼ ਸ਼ੌਕਤ ਹੁਸੈਨ ਉਪਰ ਯੂ.ਏ.ਪੀ.ਏ. ਕਾਨੂੰਨ ਤਹਿਤ ਕੇਸ ਮੜ੍ਹਨ ਦੀ ਦਿੱਲੀ ਗਵਰਨਰ ਵੱਲੋਂ ਮਨਜ਼ੂਰੀ ਦੇਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਏ।
* ਯੂ.ਏ.ਪੀ.ਏ. ਕਾਨੂੰਨ ਮੂਲੋਂ ਰੱਦ ਕੀਤੇ ਜਾਣ।
* ਪਹਿਲੀ ਜੁਲਾਈ ਤੋਂ ਲਾਗੂ ਕੀਤੇ ਜਾਣ ਵਾਲੇ ਫੌਜਦਾਰੀ ਕਾਨੂੰਨਾਂ ਰਾਹੀਂ ਪੁਲਸ ਰਾਜ ਵੱਲ ਵਧਦੇ ਜ਼ਾਬਰਾਨਾ ਕਦਮ ਵਾਪਸ ਲਏ ਜਾਣ।
* ਮਨਿੰਦਰਜੀਤ ਸਿੰਘ ਸਿੱਧੂ ਲੋਕ ਆਵਾਜ਼ ਦੇ ਜਾਣੇ ਪਹਿਚਾਣੇ ਪੱਤਰਕਾਰ ਦੀ ਜ਼ੁਬਾਨਬੰਦੀ ਦੀਆਂ ਧਮਕੀਆਂ ਦੀ ਇੱਕ ਮਤੇ ਰਾਹੀਂ ਆਲੋਚਨਾ ਕੀਤੀ ਗਈ।

ਵਿਚਾਰ-ਚਰਚਾ ਉਪਰ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਇਤਿਹਾਸ ਦੀ ਅਮੀਰ ਧਰੋਹਰ ਨੂੰ ਸਿਰਫ਼ ਸਿਜਦਾ ਕਰਨਾ ਹੀ ਕਾਫ਼ੀ ਨਹੀਂ ਅਸਲ ਲੋੜ ਤਾਂ ਉਸ ਤੋਂ ਰੌਸ਼ਨੀ ਲੈ ਕੇ ਅਜੋਕੇ ਸਮਿਆਂ ਅੰਦਰ ਬਣਦੇ ਫ਼ਰਜ਼ਾਂ ਦੀ ਪੂਰਤੀ ਕਰਨਾ ਲਾਜ਼ਮੀ ਹੈ।

ਉਹਨਾਂ ਕਿਹਾ ਕਿ ਕਮੇਟੀ ਆਪਣੀ ਬਣਦੀ ਭੂਮਿਕਾ ਮੁਤਾਬਕ ਚੇਤਨਾ, ਚਿੰਤਨ ਅਤੇ ਇਸ ਦੇ ਪਸਾਰ ਸੰਚਾਰ ਲਈ ਵਚਨਬੱਧ ਹੈ ਅਤੇ ਇਹ ਕਾਰਜ਼ ਪੂਰੀ ਤਨਦੇਹੀ ਨਾਲ ਹੋਰ ਅੱਗੇ ਤੋਰਨ ਲਈ ਵਚਨਬੱਧ ਹੈ। ਇਸ ਮੌਕੇ ਵੱਡੀ ਗਿਣਤੀ 'ਚ ਸਾਹਿਤਕਾਰਾਂ, ਤਰਕਸ਼ੀਲਾਂ, ਜਮਹੂਰੀ ਕਾਰਕੁੰਨਾਂ, ਮੁਲਾਜ਼ਮਾਂ ਨੇ ਸ਼ਿਰਕਤ ਕੀਤੀ। ਵਿਚਾਰ-ਚਰਚਾ ਵਿੱਚ 1 ਜੁਲਾਈ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜਨ ਅਤੇ 21 ਜੁਲਾਈ ਕਨਵੈਨਸ਼ਨ ਅਤੇ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਗਿਆ।

# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# Raja SWEETS & CATERING

AUTHORIZED CATERER FOR
MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



# KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138